INTERNATIONAL MAGAZINE
RNI No. 61816/95

Postal Regd. No. CHD/0081/2015-17

Date of Publishing : 22/04/2017
Page No. from 1 to 68
Date of posting 30/04/2017
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਏਕੋ ਬ੍ਰਹਮੁ ਦੁਤੀਯ ਨਾਸਿਤ।

ਮਈ 2017

## ਜਪ੍ਯ੍ਯਉ ਜਿਨ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ



ਸ੍ਰੀ ਗੁਰੂ ਅਰਜਨ ਦੇਵ ਜੀ

# ਆਤਮ ਮਾਰਗ

ਸਾਲ-ਤੇਈਵਾਂ, ਮਹੀਨਾ-ਮਈ, 2017

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ


**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ
(ਫੋਨ ਨੰ. 9779816909)


## ਮੈਗਜ਼ੀਨ ਸੰਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email : atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur
Garibdas, Teh. Kharar, Distt. S.A.S
Nagar (MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।
ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ** - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

**ਕਨੇਡਾ** - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408
ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-599-5000
ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

**ਇੰਗਲੈਂਡ** - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818
ਫੈਕਸ : 0044-121-200-2879
ਭਾਈ ਅਰਵਿੰਦਰ ਸਿੰਘ (ਰਾਜ)
ਮੋਬਾਇਲ :0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
ਮੋਬਾਇਲ - 0061-406619858

## ਸੰਪਰਕ ਨੰਬਰ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) , ਫੋਨ : 0160-2255003
3. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ ਮੋਬਾਇਲ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB) ਮੋਬਾਇਲ : 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ 98786-95178, 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ ਮੋਬਾਇਲ : 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐੱਡ) ਮੋਬਾਇਲ : 94172-14382
8. ਅਕਾਲ ਬਿਰਧ ਆਸ਼ਰਮ (ਫਰੀ) ਮੋਬਾਇਲ : 98157-28220

### ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385<br>98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

### ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ ਡਾ. ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 9 |
| | *ਡਾ. ਜਗਜੀਤ ਸਿੰਘ* | |
| 3. | ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ | 10 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਆਤਮ ਗਿਆਨ | 19 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਜਿਉ ਜਲ ਮਹਿ ਜਲੁ ਆਇ ਖਟਾਨਾ | 22 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | ਜਪ੍ਉ ਜਿਨ੍ ਅਰਜੁਨ ਦੇਵ ਗੁਰੂ | 27 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | ਨੌਂ ਰਤਨ - ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ | 47 |
| | *ਗਿਆਨੀ ਮੇਹਰ ਸਿੰਘ* | |
| 8. | ਗੁਰੂ ਨਾਨਕ ਆਗਮਨ | 50 |
| | *ਡਾ. ਭਾਈ ਵੀਰ ਸਿੰਘ ਜੀ* | |
| 9. | ਜਪੁਜੀ ਦੇ ਪੰਜ ਖੰਡ | 54 |
| | *ਡਾ. ਜਗਜੀਤ ਸਿੰਘ* | |
| 10. | ਗੁਰਬਾਣੀ ਅਰਥ-ਭੰਡਾਰ | 57 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 11. | ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ | 60 |
| | *ਡਾ. ਸਵਾਮੀ ਰਾਮ ਜੀ* | |
| 12. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

***'ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥'*** ਨਵੀਂ ਸੋਚ-ਨਵੀਂ ਸਵੇਰ ਅਤੇ ਨਵੇਂ ਪੈਂਡੇ ਦਾ ਆਗਾਜ਼ ਕਰਦੀ ਹੈ। ਪਿਛੇ ਲੰਘ ਚੁੱਕੇ ਮਾਰਚ ਅਤੇ ਅਪ੍ਰੈਲ ਮਹੀਨਿਆਂ ਵਿਚ ਗੁਰੂ ਦਸ਼ਮੇਸ਼ ਪਿਤਾ ਜੀ ਨੇ ਖਾਲਸਾ ਪੰਥ ਨੂੰ ਨਵੀਂ ਨਿਵੇਕਲੀ ਸੋਚ ਬਖਸ਼ੀ। ਮਾਰਚ ਮਹੀਨੇ ਵਿਚ ਹੋਲੀ ਦੇ ਪਰੰਪਰਿਕ ਤਿਉਹਾਰ ਨੂੰ ਨਿਵੇਕਲੀ ਦਿਖ ਦੇ ਕੇ ਹੋਲੇ-ਮਹੱਲੇ ਵਿਚ ਤਬਦੀਲ ਕੀਤਾ। ਨਵੀਂ ਨਿਵੇਕਲੀ ਦਿਖ ਮਿਲਣ ਉਪਰੰਤ ਪੰਥ ਲਈ ਨਵੀਂ ਸਵੇਰ ਦਾ ਆਗਾਜ਼ ਹੋਇਆ। ਇਸ ਨਵੀਂ ਸਵੇਰੇ ਦੇ ਆਗਾਜ਼ ਵਿਚੋਂ ਨਵੇਂ ਪੈਂਡਿਆਂ 'ਤੇ ਚੱਲਣ ਦੇ ਦਿਸ਼ਾ ਨਿਰਦੇਸ਼ ਪ੍ਰਾਪਤ ਹੋਏ। ਇਨ੍ਹਾਂ ਨਵੇਂ ਪੈਂਡਿਆਂ ਦੇ ਸੂਖਮ ਅਤੇ ਸੁਖਦਾਈ ਤੱਤਾਂ ਨੂੰ ਪੰਥ ਨੇ ਮਾਨਿਆ ਹੀ ਨਹੀਂ, ਆਪਣੇ ਉਪਰ ਹੰਢਾਇਆ ਵੀ ਹੈ। 1699 ਈ. ਦੀ ਵਿਸਾਖੀ ਨੂੰ (30 ਮਾਰਚ 1699 ਈ.) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਸਦੀਵੀ ਤੌਰ ਤੇ ਕੌਮ/ਪੰਥ ਨੂੰ ਨਵਾਂ ਨਿਵੇਕਲਾ ਆਦਰਸ਼ਕ ਰੂਪ ਦਿਤਾ। ਇਹ ਨਵਾਂ ਨਿਵੇਕਲਾ ਰੂਪ ਸਦੀਵੀ, ਚਿਰ ਸਥਾਈ ਹੋਣ ਕਰਕੇ ਆਦਰਸ਼ਕ ਵੀ ਸੀ। ਇਕ ਆਮ ਮਨੁੱਖ ਜਿਸਨੂੰ ਸਮਾਜ ਨੇ ਹਾਸ਼ੀਏ ਤੇ ਧਕੇਲ ਦਿਤਾ ਸੀ, ਉਸ ਨੂੰ ਆਪਣੀ ਰੂਹਾਨੀ ਅਤੇ ਜਿਸਮਾਨੀ ਸ਼ਕਤੀ/ਤਾਕਤ ਬਖਸ਼ ਕੇ ਕੇਂਦਰ ਵਿਚ ਸਦੀਵੀ ਤੌਰ 'ਤੇ ਖੜ੍ਹਾ ਕੀਤਾ। ਲਿਤਾੜੇ, ਦੱਬੇ ਕੁਚਲਿਆਂ ਨੂੰ ਸਿਰਮੌਰ ਅਤੇ ਉਚੀ ਪਦਵੀ ਪ੍ਰਦਾਨ ਕੀਤੀ। ਜ਼ਿੰਦਗੀ ਮੌਤ ਨੂੰ ਇਕੋ ਸਮਾਨ ਸਮਝਣ ਵਾਲਾ, ਸਰਬੱਤ ਦੇ ਭਲੇ ਦੀ ਦਿਲੋਂ ਲੋਚਾ ਰੱਖਣ ਵਾਲਾ, ਨੈਤਿਕਤਾ ਦਾ ਮੁਜੱਸਮਾ, ਸਰਬ ਸਾਂਝਾ, ਦਵੈਸ਼-ਭੇਦ ਭਾਵ ਤੋਂ ਰਹਿਤ, ਸਬਰ, ਸੰਤੋਖੀ, ਧੀਰਜੀ, ਦਇਆਵਾਨ, ਜਤੀ-ਸਤੀ, ਖਿਮਾ ਦਾ ਪੁਤਲਾ, ਮਿੱਠ ਬੋਲੜਾ, ਪਰਉਪਕਾਰੀ, ਨਾਮ ਨਾਲ ਰੱਤਿਆ, ਸੱਚੀ-ਸੁੱਚੀ ਕਿਰਤ ਵਾਲਾ, ਵੰਡ ਕੇ ਛਕਣ ਵਾਲਾ, ਗੁਰੂ ਦੇ ਭੈਅ ਤੇ ਭਉ ਵਿਚ ਜੀਵਨ ਬਤੀਤ ਕਰਨ ਵਾਲਾ, ਤਮਾਮ ਜੂਨੀਆਂ ਦਾ ਸਿਰਦਾਰ ਬਾਣੀ ਅਤੇ ਬਾਣੇ ਦਾ ਧਾਰਨੀ, ਅਨੇਕਾਂ ਸਦਗੁਣਾਂ ਦਾ ਧਾਰਨੀ, ਖਾਲਸਾ ਆਦਰਸ਼ ਪ੍ਰਗਟ ਕੀਤਾ। ਇਹੀ ਖਾਲਸਾ, ਸੰਤ ਸਿਪਾਹੀ, ਬ੍ਰਹਮਗਿਆਨੀ, ਗੁਰਮੁਖ, ਗੁਰਸਿੱਖ, ਸਾਧੂ, ਰੱਬ ਦਾ ਪਿਆਰਾ, ਨਾਮ ਵਿਚ ਰੱਤਿਆ, ਰੰਗ ਰੱਤਾ ਕਹਿਲਾਇਆ। ਉਪਰੋਕਤ ਉਚਤਮ ਆਦਰਸ਼ਾਂ ਵਾਲਾ ਖਾਲਸਾ ਪ੍ਰਗਟ ਕਰਨਾ ਜਾਂ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਨਿਵੇਕਲੀ ਨਵੀਂ ਸੋਚ ਸੀ। ਇਸ ਨਵੀਂ ਸੋਚ ਵਿਚੋਂ ਨਵੀਂ ਸਵੇਰ ਦਾ ਆਗਾਜ਼ ਹੋਇਆ। ਨਵੀਂ ਸਵੇਰ ਦੇ ਆਗਾਜ਼ ਤੋਂ ਬਾਅਦ ਖਾਲਸੇ ਲਈ ਨਵੇਂ ਸੂਖਮ ਪੈਂਡਿਆਂ ਦੀ ਨਿਸ਼ਾਨਦੇਹੀ ਹੋਈ। ਇਨ੍ਹਾਂ ਨਵੇਂ ਪੈਂਡਿਆਂ ਵਿਚੋਂ ਇਕ 'ਭਾਣੇ' ਦੇ ਸੰਕਲਪ ਦੀ ਪੂਰਤੀ ਹੋਈ। ਮਈ ਅਤੇ ਜੂਨ ਦੇ ਮਹੀਨੇ ਸਾਨੂੰ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦੀ ਸ਼ਹੀਦੀ ਦੀ ਯਾਦ ਦਿਵਾਉਂਦੇ ਹਨ। ਰੁੱਤਾਂ ਦੇ ਕੁਦਰਤੀ ਨਿਯਮ ਅਨੁਸਾਰ ਗਰਮੀ ਸ਼ੁਰੂ ਹੋ ਚੁੱਕੀ ਹੁੰਦੀ ਹੈ। ਬਾਹਰਲੀ ਗਰਮੀ ਨਾਲ ਹਰ ਪ੍ਰਾਣੀ ਮਾਤਰ ਦਾ ਵਜੂਦ ਤਪਦਾ ਹੈ ਪਰ ਰੱਬ ਦੇ ਪਿਆਰੇ ਨਾਮ ਰੂਪੀ ਠੰਡਕ ਵਿਚ ਸ਼ਾਂਤ ਚਿਤ, ਅਨੰਦ ਖੇੜੇ ਵਿਚ ਵਿਗਸਦੇ ਹਨ। ਜੁਝਾਰੂ ਅਤੇ ਸ਼ਾਂਤਮਈ ਸ਼ਹੀਦੀ ਵਿਚੋਂ, ਸ਼ਾਂਤਮਈ ਆਪਾ ਵਾਰਨ ਦਾ ਅਗਾਜ਼ ਹੁੰਦਾ ਹੈ।ਸੱਚੇ ਪਾਤਸ਼ਾਹ ਜੀ ਦੀ ਸ਼ਹੀਦੀ ਦੇ ਭਾਵੇਂ ਅਨੇਕਾਂ ਕਾਰਨ ਹੋ ਸਕਦੇ ਹਨ ਪਰ ਸਭ ਤੋਂ ਪ੍ਰਮੁੱਖ ਕਾਰਨ ਸੱਚ ਦੇ ਪ੍ਰਕਾਸ਼ ਦਾ ਸੀ। ਇਹ ਸੱਚ ਦਾ ਪ੍ਰਕਾਸ਼ ਕੀ ਸੀ? ਜ਼ਿਹਨ ਵਿਚ ਪ੍ਰਸ਼ਨ ਦਾ ਆਗਾਜ਼ ਹੋਣਾ ਸੁਭਾਵਿਕ ਹੈ। ਸੱਚ ਦਾ ਪ੍ਰਕਾਸ਼ ਸੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਗ੍ਰੰਥ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਣਾ। 'ਗੁਰਬਾਣੀ' ਇਸ ਜਗ ਮਹਿ ਚਾਨਣੁ' ਸੱਚੇ ਪਾਤਸ਼ਾਹ ਵਲੋਂ 1604 ਈ. ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੇ ਪ੍ਰਕਾਸ਼ ਸ੍ਰੀ ਆਦਿ ਗ੍ਰੰਥ ਦੇ ਰੂਪ ਵਿਚ ਕੀਤੇ ਗਏ। ਬੱਸ ਇਹੀ ਸੱਚ ਦਾ ਪ੍ਰਕਾਸ਼ ਝੂਠ ਦੇ ਅਲੰਬਰਦਾਰਾਂ ਨੂੰ ਨਾ ਭਾਇਆ। ਜਿਸ ਕਾਰਨ ਸੱਚੇ ਪਾਤਸ਼ਾਹ ਨੇ ਸ਼ਹੀਦੀ ਦਾ ਰਸਤਾ ਅਖਤਿਆਰ ਕੀਤਾ। ਇਹ ਸ਼ਹੀਦੀ ਸੱਚ ਨੂੰ ਤਰੋਤਾਜ਼ਾ ਅਤੇ ਜਿਉਂਦਾ ਰੱਖਣ ਲਈ ਸੀ। ਭਾਣੇ ਵਿਚ ਰਹਿ ਕੇ ਅਜਰ ਨੂੰ ਜਰਣਾ, ਸਰਬ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਸ਼ਾਂਤਮਈ ਸ਼ਹਾਦਤ ਆਪ ਜੀਆਂ ਨੇ ਦਿਤੀ। ਇਸ ਨੂੰ ਸਿੱਖ ਕੌਮ ਵਿਚ ***'ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ '*** ਭਾਣੇ ਦੇ ਸੰਕਲਪ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ। ਸੱਚ ਨੂੰ ਬਚਾਉਣ ਲਈ ਜੇਕਰ ਆਪਣੇ ਸਰੀਰ ਦੀ ਕੁਰਬਾਨੀ ਵੀ ਦੇਣੀ ਪਵੇ ਤਾਂ ਅਵੱਸ਼ ਦੇ ਦੇਣੀ ਚਾਹੀਦੀ ਹੈ। ਇਹ ਇਕ ਨਵਾਂ ਨਿਵੇਕਲਾ ਸੰਕਲਪ 'ਭਾਣੇ' ਦਾ ਸਾਡੇ ਸਾਮ੍ਹਣੇ ਪੇਸ਼ ਕੀਤਾ ਗਿਆ ਹੈ। 'ਹੁਕਮਿ ਰਜਾਈ ਚਲਣਾ' ਦਾ ਹੀ ਵਿਹਾਰਿਕ ਤੇ ਅਮਲੀ ਪ੍ਰਗਟਾਵਾ ਹੈ। ਸਤਿਗੁਰਾਂ ਵਲੋਂ ਬਖਸ਼ੀ ਨਵੀਂ ਸੋਚ ਰਾਹੀਂ ਨਵੀਂ ਸਵੇਰ ਅਤੇ ਨਵੇਂ ਪੈਂਡਿਆਂ ਦਾ ਆਗਾਜ਼ ਇਸ ਭਾਣੇ ਦੇ ਸੰਕਲਪ ਵਿਚ ਰੂਪਮਾਨ ਹੁੰਦਾ ਹੈ। ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਸੰਕਲਪ ਇਸ ਸੂਖਮ ਨਵੇਂ ਪੈਂਡਿਆਂ ਵਿਚ ਸਾਡੇ ਦ੍ਰਿਸ਼ਟੀਗੋਚਰੇ ਹੁੰਦੇ ਹਨ ਜਿਨ੍ਹਾਂ ਦਾ ਸਮੇਂ-ਸਮੇਂ ਸਿਰ ਗੁਰੂ ਕ੍ਰਿਪਾ ਸਦਕਾ ਪਾਠਕ ਜਨਾਂ ਨਾਲ ਸਾਂਝੇ ਕਰਦੇ ਰਹਾਂਗੇ। ਸਤਿਗੁਰੂ ਸਭਨਾਂ ਤੇ ਬਖਸ਼ਿਸ ਕਰਨ, ਸਾਨੂੰ ਵੀ ਆਪਣੀ ਨਵੀਂ ਸੋਚ ਬਖਸ਼ ਕੇ ਸਾਡੀ ਜ਼ਿੰਦਗੀ ਵਿਚ ਨਵੀਂ ਸਵੇਰ ਤੇ ਨਵੇਂ ਪੈਂਡਿਆਂ ਦਾ ਆਗਾਜ਼ ਹੋਵੇ। 'ਆਤਮ ਮਾਰਗ' ਮੈਗਜ਼ੀਨ ਨਿਰੰਤਰ 22 ਸਾਲ ਤੋਂ ਆਪ ਜੀ ਲਈ ਨਵੀਂ ਕਿਰਨ, ਨਵੀਂ ਸਵੇਰ ਦੀ ਦਸਤਕ ਦਿੰਦਾ ਆ ਰਿਹਾ ਹੈ। ਪਿਆਰ ਤੇ ਸ਼ਰਧਾ ਵਾਲਿਆਂ ਨੂੰ ਇਕ ਦਿਨ ਇਸ ਆਤਮਿਕ ਅਨੰਦ ਵਾਲੀ ਨਵੀਂ ਸਵੇਰੇ ਦੀ ਨਵੀਂ ਕਿਰਨ ਦਾ ਝਲਕਾਰਾ ਸਤਿਗੁਰੂ ਜੀ ਅਵੱਸ਼ ਬਖਸ਼ਣਗੇ।

*ਡਾ. ਭਾਈ ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ 'ਆਤਮ ਮਾਰਗ।'*

# ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥
## (ਜੇਠ ਮਹੀਨੇ ਦੀ ਸੰਗਰਾਂਦ : 14 ਮਈ, ਦਿਨ ਐਤਵਾਰ)

*(ਡਾ.) ਜਗਜੀਤ ਸਿੰਘ*

**ਬਾਰਹ ਮਾਹਾ ਮਾਝ ਮਹਲਾ ੫ ਘਰੁ ੪**

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥*
*ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥*
*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥*

*ਅੰਗ - ੧੩੪*

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥

ਜੇਠ ਦਾ ਮਹੀਨਾ ਪਿਛਲੇ ਵਿਸਾਖ ਦੇ ਮਹੀਨੇ ਦੇ ਮੁਕਾਬਲੇ 'ਤੇ ਅਤੀ ਗਰਮੀ ਵਾਲਾ ਦੁਖਦਾਈ ਮਹੀਨਾ ਮੰਨਿਆ ਜਾਂਦਾ ਹੈ। ਆਕਾਸ਼ ਵਿਚ ਸੂਰਜ ਭੱਠੀ ਵਾਂਗ ਤਪਦਾ ਹੈ, ਸਰੀਰ ਮੁੜ੍ਹਕੇ ਨਾਲ ਬੇਚੈਨ ਹੋਇਆ ਠੰਢੀ ਥਾਂ, ਠੰਢੀ ਹਵਾ ਲੋੜਦਾ ਹੈ। ਖਾਣ ਪੀਣ ਪਹਿਨਣ ਅਤੇ ਕੰਮ ਕਾਜ, ਕੁਝ ਵੀ ਚੰਗਾ ਨਹੀਂ ਲਗਦਾ। ਪਿਛਲਾ ਵੈਸਾਖ ਦਾ ਮਹੀਨਾ ਕਿੰਨਾ ਖੁਸ਼ੀਆਂ ਭਰਿਆ ਸੁਹਾਵਣੀ ਰੁੱਤ ਵਾਲਾ ਸੀ ਪਰ ਗਹੁ ਨਾਲ ਵੀਚਾਰੀਏ ਤਾਂ ਗੁਰੂ ਮਹਾਰਾਜ ਕਹਿੰਦੇ ਹਨ ਕਿ ਭਾਵੇਂ ਰੁੱਤ ਬੜੀ ਸੁਖਾਂਵੀ ਹੈ ਪਰ ਜਿਹੜੀਆਂ ਜੀਵ-ਰੂਪੀ ਇਸਤ੍ਰੀਆਂ ਆਪਣੇ ਪ੍ਰੀਤਮ ਤੋਂ ਵਿਛੜੀਆਂ ਹੋਈਆਂ ਹਨ, ਉਨ੍ਹਾਂ ਦੇ ਮਨ ਵਿਚ ਧੀਰਜ ਕਿਵੇਂ ਆ ਸਕਦਾ ਹੈ?

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥*

*ਅੰਗ - ੧੩੩*

ਦਰਅਸਲ ਸਰਦੀ ਗਰਮੀ, ਖੁਸ਼ੀ ਗਮੀ, ਤਾਂ ਮਨ ਦੀ ਬਿਰਤੀ ਹੈ। ਪ੍ਰੇਮ ਭਿੱਜੀ ਜੀਵ-ਇਸਤ੍ਰੀ ਸਦਾ ਹਰ ਰੁੱਤ ਵਿਚ ਵਿਗਾਸ ਤੇ ਅਨੰਦ-ਮਈ ਅਵਸਥਾ ਵਿਚ ਵਿਚਰਦੀ ਹੈ। ਪ੍ਰਭੂ ਪ੍ਰਮੇਸ਼੍ਵਰ ਪਤੀ ਨੂੰ ਭੁੱਲ ਜਾਣ ਵਾਲੀ, ਵਿਛੜੀ ਹੋਈ ਜੀਵਆਤਮਾ ਦੇ ਜੀਵਨ ਵਿਚ ਵਿਗੋਚਾ ਤੇ ਖੁਆਰੀ ਹੀ ਖੁਆਰੀ ਹੁੰਦੀ ਹੈ ***(ਦਯੁ ਵਿਸਾਰਿ ਵਿਗੁਚਣਾ - ਅੰਗ - 133***) ਮਹੀਨਾ ਭਾਵੇਂ ਵੈਸਾਖ ਹੋਵੇ, ਭਾਵੇਂ ਜੇਠ। ਲੋੜ ਤਾਂ ਹੈ, ਉਸ ਦੇ ਚਰਨਾਂ ਨਾਲ ਜੁੜਨ ਦੀ, ਉਸਦੀ ਨਿਕਟਤਾ ਹਾਸਲ ਕਰਨ ਦੀ, ਉਸ ਦੀ ਯਾਦ ਨੂੰ ਹਿਰਦੇ ਵਿਚ ਵਸਾਣ ਦੀ, ***(ਹਰਿ ਜੇਠਿ ਜੁੜੰਦਾ ਲੋੜੀਐ)*** ਫਿਰ ਉਹ ਸਾਡਾ, ਜੀਵ-ਇਸਤ੍ਰੀਆਂ ਦਾ ਮਾਲਕ ਸਰਬ-ਸਮਰੱਥ, ਪਾਲਨਹਾਰ, ਪਿਆਰ ਦੀ ਮੂਰਤ ਹੈ ਜਿਸ ਅੱਗੇ ਸਾਰੀ ਕਾਇਨਾਤ, ਰਾਜੇ ਮਹਾਰਾਜੇ, ਅਮੀਰ ਗਰੀਬ, ਸਭ ਨਿੰਵਦੇ ਹਨ ***(ਜਿਸੁ ਅਗੈ ਸਭਿ ਨਿਵੰਨਿ)*** ਜੇ ਅਸੀਂ ਐਸੇ ਪ੍ਰਭੂ-ਪਿਤਾ, ਪਤੀ-ਪਰਮੇਸ਼੍ਵਰ ਸਰਬ-ਸ੍ਰਿਸ਼ਟੀ ਦੇ ਮਾਲਕ, ਹਰੀ-ਸੱਜਣ ਦੇ ਲੜ ਲੱਗੇ ਰਹਾਂਗੇ ਤਾਂ ਉਹ ਸਾਡਾ ਰਖਵਾਲਾ ਪ੍ਰਭੂ ਕਿਸੇ ਜਮ-ਜਮਦੂਤ, ਕਾਲ-ਕੰਟਕ ਦੋਖੀਆਂ ਨੂੰ ਆਗਿਆ ਨਹੀਂ ਦਿੰਦਾ ਕਿ ਸਾਨੂੰ ਬੰਨ੍ਹ ਕੇ ਅੱਗੇ ਲੈ ਜਾਣ, ਉਹ ਤਾਂ ਪ੍ਰਭੂ-ਪ੍ਰੇਮੀਆਂ ਦੇ ਨਿਕਟ ਨਹੀਂ ਆ ਸਕਦੇ। ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਉੱਕਾ ਨਹੀਂ ਰਹਿੰਦਾ। ਤਾਂ ਤੇ -

ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥

ਮਨੁੱਖ ਦੀ ਵਧੇਰੇ ਦੌੜ ਤੇ ਸ਼ਕਤੀ ਧਨ, ਸੰਪਤੀ, ਇਕੱਠੀ ਕਰਨ ਵਿਚ ਲਗਦੀ ਹੈ। ਲੋਕ ਹੀਰੇ ਮੋਤੀ, ਕੀਮਤੀ ਜਵਾਹਰਾਤ, ਸੋਨਾ ਚਾਂਦੀ, ਜ਼ਮੀਨਾਂ, ਜਾਇਦਾਦਾਂ ਇਕੱਠੀਆਂ ਕਰਨ ਵਿਚ ਦੇਸਾਂ-ਪ੍ਰਦੇਸਾਂ ਵਿਚ ਨੱਠੇ ਤੇ ਹਫੇ ਫਿਰਦੇ ਹਨ। ਫਿਰ ਇਨ੍ਹਾਂ ਦੀ ਸਾਂਭ ਸੰਭਾਲ ਚੋਰੀ ਡਾਕੇ ਤੋਂ ਸੁਰੱਖਿਆ ਲਈ ਬੇਹਾਲ, ਬੇਚੈਨ ਹੋਏ ਦੁਖ ਭੋਗਦੇ ਹਨ। ਇਸ ਧਨ ਦੌਲਤ ਦੇ ਲੁੱਟੇ ਜਾਣ, ਜਾਂ ਕਾਨੂੰਨੀ ਸ਼ਕੰਜਿਆਂ ਵਿਚ ਫਸ ਜਾਣ ਦਾ ਡਰ, ਤੌਖਲਾ ਸਦਾ ਬਣਿਆ ਰਹਿੰਦਾ ਹੈ। ਗੁਰੂ ਮਹਾਰਾਜ ਸੇਧ ਬਖਸ਼ਦੇ ਹਨ, ਇਸ ਡਰ, ਤੌਖਲੇ ਤੋਂ ਬਚਣ ਦਾ ਰਾਹ ਦਸਦੇ ਹਨ ਕਿ ਪ੍ਰਮਾਤਮਾ ਦਾ ਨਾਮ ਅਸਲ ਧਨ ਹੈ, ਅਸਲ ਸੱਚੇ-ਸੁੱਚੇ ਮੋਤੀ ਹੀਰੇ, ਜਵਾਹਰਾਤ ਹਨ, ਅਤੀ ਕੀਮਤੀ ਦੌਲਤ ਹੈ ਜੋ ਚੁਰਾਈ ਨਹੀਂ ਜਾ ਸਕਦੀ, ਜਿਸਨੂੰ ਸੰਨ ਨਹੀਂ ਲਗ ਸਕਦੀ, ਇਹ ਮਨੁੱਖ ਦੇ ਹਿਰਦੇ ਵਿਚ ਸਦਾ ਸੁਰੱਖਿਅਤ ਰਹਿੰਦਾ ਹੈ ***(ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥)***

ਪ੍ਰਭੂ ਦਾ ਨਾਮ, ਗੁਰੂ ਦਾ ਸ਼ਬਦ ਜਦੋਂ ਸਾਡੇ ਹਿਰਦੇ ਵਿਚ ਵਸ ਜਾਂਦਾ ਹੈ ਤਾਂ ਇਸ ਰੂਹਾਨੀ-ਦੌਲਤ ਨੂੰ ਨਾ ਪਾਣੀ ਡੋਬ ਸਕਦਾ ਹੈ, ਨਾ ਡਾਕੂ ਲੁੱਟ ਸਕਦਾ ਹੈ, ਨਾ ਹੀ ਅੱਗ ਸਾੜ ਸਕਦੀ ਹੈ -

*ਗੁਰ ਕਾ ਬਚਨੁ ਬਸੈ ਜੀਅ ਨਾਲੇ ॥*
*ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥*

*ਅੰਗ - ੬੭੯*

ਜਦੋਂ ਐਸਾ ਨਾਮ, ਗੁਰੂ ਦਾ ਸ਼ਬਦ, ਹਿਰਦੇ ਵਿਚ

ਵਸ ਜਾਂਦਾ ਹੈ ਤਾਂ ਹਰ ਪਾਸੇ ਪ੍ਰਭੂ ਦੇ ਕੌਤਕ ਦ੍ਰਿਸ਼ਟੀਗੋਚਰ ਹੁੰਦੇ ਹਨ, ਪ੍ਰਭੂ ਦੇ ਸਾਰੇ ਰੰਗ-ਤਮਾਸ਼ੇ ਮਨ ਨੂੰ ਪਿਆਰੇ ਲਗਦੇ ਹਨ। ਧਰਤੀ, ਆਕਾਸ਼, ਚੰਨ, ਸੂਰਜ, ਤਾਰੇ, ਸਿਤਾਰੇ, ਪਹਾੜ, ਨਦੀਆਂ ਨਾਲੇ, ਅਸਗਾਹ ਸਮੁੰਦਰ, ਪਸ਼ੂ, ਪੰਛੀ, ਜੀਵ, ਸਭ ਪ੍ਰਭੂ ਦੀ ਰਚਨਾ ਪਿਆਰੀ ਲਗਦੀ ਹੈ ***(ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥)*** ਅਤੇ ਇਹ ਵੀ ਸੋਝੀ ਆਉਂਦੀ ਹੈ ਕਿ ਪ੍ਰਭੂ ਦੀ ਸਾਰੀ ਰਚਨਾ, ਪੈਦਾ ਕੀਤੇ ਹੋਏ ਜੀਵ, ਉਸ ਦੇ ਹੁਕਮ ਵਿਚ, ਉਸ ਦੀ ਆਗਿਆ ਵਿਚ, ਉਸ ਦੇ ਪਿਆਰ ਵਿਚ ਕਿਰਿਆਸ਼ੀਲ ਹੋ ਰਹੇ ਹਨ। ਸਭ ਜੀਅ ਵੈਸੇ ਹੀ ਕਰਮ ਕਰਦੇ ਹਨ, ਜੈਸੇ ਉਸ ਪ੍ਰਭੂ ਨੂੰ ਚੰਗੇ ਲਗਦੇ ਹਨ। (ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥)

ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥

ਨਾਮ ਦੀ ਦਾਤ, ਪ੍ਰਭੂ ਦੀ ਬਖਸ਼ਿਸ਼ ਹੈ। ਸਿਫਤਿ-ਸਾਲਾਹ ਦੀ ਦਾਤ ਦੀ ਪ੍ਰਾਪਤੀ ਉਸ ਦੀ ਨਦਰ, ਮਿਹਰ ਨਾਲ ਹੁੰਦੀ ਹੈ। ਸਿਮਰਨ ਵਿਚ ਓਹੀ ਲਗਦਾ ਹੈ ਜਿਸਨੂੰ ਪ੍ਰਭੂ ਆਪ ਸਿਮਰਨ ਵਿਚ ਜੋੜਦਾ ਹੈ। ਐਸਾ ਦੈਵੀ ਵਿਧਾਨ ਹੈ ਜਿਸ ਦਾ ਬਖਾਨ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਵਿਚ ਬਾਰ-ਬਾਰ ਹੋਇਆ ਹੈ -

*ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਅੰਗ - ੨੬੩*

ਜਿਨ੍ਹਾਂ ਪ੍ਰਭੂ-ਪਿਆਰਿਆਂ ਤੇ ਪ੍ਰਭੂ-ਦਇਆਲ ਹੁੰਦਾ ਹੈ, ਓਹੀ ਪ੍ਰਭੂ-ਸਿਮਰਨ ਵਿਚ ਜੁੜਦੇ ਹਨ -

*ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਅੰਗ - ੨੬੩*

ਪੂਰੇ ਭਾਗਾਂ, ਵੱਡੇ ਭਾਗਾਂ ਨਾਲ ਸਿਮਰਨ ਦੀ ਦਾਤ ਪ੍ਰਾਪਤ ਹੁੰਦੀ ਹੈ -

*ਨਾਨਕ ਸਿਮਰਨੁ ਪੂਰੇ ਭਾਗਿ ॥ ਅੰਗ - ੨੬੩*

ਓਹੀ ਜੀਵ ਸਿਮਰਨ ਵਿਚ ਜੁੜਦੇ ਹਨ ਜਿਨ੍ਹਾਂ ਉਪਰ ਪ੍ਰਭੂ ਦੀ ਦਇਆ-ਦ੍ਰਿਸ਼ਟੀ ਹੁੰਦੀ ਹੈ -

*ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ ਅੰਗ - ੨੬੩*

ਗੁਰੂ-ਪ੍ਰਭੂ ਜਿਸਨੂੰ ਆਪ ਦੈਵੀ ਸੂਝ-ਬੂਝ ਬਖਸ਼ਿਸ਼ ਕਰਦਾ ਹੈ ਉਹ ਹਰਿ-ਸਿਮਰਨ ਵਿਚ ਜੁੜ ਕੇ ਹਰੀ-ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ -

*ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥*
*ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥*
*ਅੰਗ - ੨੬੩*

ਜੇਠ ਦੇ ਮਹੀਨੇ ਵਿਚ ਵੀ ਗੁਰੂ ਮਹਾਰਾਜ ਇਹ ਸਿਧਾਂਤ ਦ੍ਰਿੜ੍ਹ ਕਰਵਾ ਰਹੇ ਹਨ ਕਿ ਜਿਨ੍ਹਾਂ ਗੁਰੂ ਪਿਆਰੇ ਜੀਆਂ ਨੂੰ ਪ੍ਰਭੂ ਨੇ ਆਪਣੀ ਸਿਫਤਿ-ਸਾਲਾਹ ਦੀ ਦਾਤਿ ਦੇ ਕੇ ਆਪਣਾ ਬਣਾ ਲਿਆ ਹੈ, ਓਹੀ ਧਨਤਾ ਯੋਗ ਹਨ, ਉਨ੍ਹਾਂ ਨੂੰ ਹੀ ਲੋਕ ਪਰਲੋਕ ਵਿਚ ਸ਼ਾਬਾਸ਼ ਮਿਲਦੀ ਹੈ - ***(ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥)***

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੯੩*

ਇਹ ਪ੍ਰਤੱਖ ਸਚਾਈ ਹੈ ਕਿ ਆਪਣੇ ਉਦਮ ਨਾਲ, ਆਪਣੇ ਜ਼ੋਰ ਨਾਲ ਪ੍ਰਭੂ ਨੂੰ, ਪ੍ਰਭੂ ਪਿਆਰ ਨੂੰ, ਪ੍ਰਭੂ-ਨਾਮ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਜੇ ਐਸਾ ਹੁੰਦਾ, ਜੇ ਜੀਵਾਂ ਦੇ ਆਪਣੇ ਹੱਥ ਹੁੰਦਾ, ਉਨ੍ਹਾਂ ਦੇ ਆਪਣੇ ਉਦਮ ਨਾਲ ਮਿਲ ਸਕਦਾ ਤਾਂ ਜੀਵ ਉਸ ਤੋਂ ਵਿਛੜ ਕੇ ਦੁਖੀ ਕਿਉਂ ਹੁੰਦੇ? ***(ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ )***

ਕ੍ਰਿਪਾ ਦੇ ਐਸੇ ਪ੍ਰਭੂ-ਵਿਧਾਨ ਦਾ ਭਾਵ ਇਹ ਹੈ ਕਿ ਪ੍ਰਭੂ ਆਪ ਹੀ ਸਾਰੀ ਬ੍ਰਹਿਮੰਡੀ ਖੇਡ ਦਾ ਰਚੇਤਾ ਹੈ, ਆਪ ਹੀ ਨਿਰਦੇਸ਼ਕ ਹੈ, ਸਭਨਾਂ ਵਿਚ ਆਪ ਹੀ ਭਰਪੂਰ ਹੋ ਰਿਹਾ ਹੈ-

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥*
*ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥*
*ਅੰਗ - ੨੭੬*

ਬ੍ਰਹਿਮੰਡ ਹੁਕਮ ਦੀ ਖੇਡ ਹੈ, ਹੁਕਮ ਵਿਚ ਹੀ ਸਾਰੀ ਕਾਇਨਾਤ ਕਿਰਿਆਸ਼ੀਲ ਹੋ ਰਹੀ ਹੈ -

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥*
*ਅੰਗ - ੧*

ਇਸ ਲਈ ਏਥੇ ਇਸ ਜਗਤ ਵਿਚ ਮਨੁੱਖ ਦੀ ਮਰਜ਼ੀ ਨਹੀਂ, ਰੱਬ ਦੀ ਰਜ਼ਾ ਦਾ ਪਾਲਨ ਹੋ ਰਿਹਾ ਹੈ। ਏਥੇ 'ਹਉਮੈ' ਬੰਧਨ ਹੈ, ਪ੍ਰਾਪਤੀ ਵਿਚ ਬਾਧਾ ਹੈ, ਉਸ ਦੀ ਕ੍ਰਿਪਾ ਦਾ ਪਾਤਰ ਬਣਨਾ ਹੀ ਮਨੁੱਖ ਦਾ ਕਰਤੱਵ ਹੈ।

ਨਾਮ ਅਭਿਲਾਸ਼ੀ ਨੂੰ ਨਾਮ-ਪ੍ਰਾਪਤੀ ਲਈ ਯਾਚਨਾ ਅਰਦਾਸ ਕਰਨੀ ਹੀ ਬਣਦੀ ਹੈ। ਐਸਾ ਗੁਰਬਾਣੀ ਦਾ ਆਦੇਸ਼ ਹੈ -

*ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥*
*ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥ ਅੰਗ - ੭੫੨*
*ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥*
*ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥*
*ਅੰਗ - ੭੪੯*

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥

ਜਦ ਅਰਦਾਸ ਸੁਣੀ ਜਾਂਦੀ ਹੈ ਤਾਂ ਕੀ ਵਾਪਰਦਾ ਹੈ? ਜਦ ਪਰਮਾਤਮ ਮਿਹਰ ਹੁੰਦੀ ਹੈ ਤਾਂ ਸਾਧੂ ਦਾ ਸੰਗ, ਗੁਰੂ ਦੀ ਸ਼ਰਨ, ਸੰਤਾਂ ਮਹਾਂਪੁਰਸ਼ਾਂ, ਨਾਮ-ਅਭਿਆਸੀਆਂ

ਦੀ, ਨਾਮ-ਰੰਗ ਰੰਗਿਆਂ ਦੀ ਸੰਗਤ ਪ੍ਰਾਪਤ ਹੁੰਦੀ ਹੈ ਜਿੱਥੋਂ ਜਗਿਆਸੂ ਪ੍ਰਭੂ ਮਿਲਾਪ ਦਾ ਅਨੰਦ ਮਾਣਦੇ ਹਨ *(ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥)*

ਸਾਧੂ ਸੰਗ ਦੀ ਐਸੀ ਵਿਚਾਰਧਾਰਾ ਹੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਸੁਖਮਨੀ ਸਾਹਿਬ ਦੀ 7ਵੀਂ ਅਤੇ 8ਵੀਂ ਅਸ਼ਟਪਦੀ ਵਿਚ ਵਿਸਥਾਰ ਨਾਲ ਦਸੀ ਹੈ -

*ਸਾਧ ਕੈ ਸੰਗਿ ਮੁਖ ਊਜਲ ਹੋਤ ॥*
*ਸਾਧਸੰਗਿ ਮਲੁ ਸਗਲੀ ਖੋਤ ॥......* *ਅੰਗ - ੨੭੧*
*ਸਾਧ ਕੈ ਸੰਗਿ ਪਾਏ ਨਾਮ ਰਤਨੁ ॥*
*ਸਾਧ ਕੈ ਸੰਗਿ ਏਕ ਊਪਰਿ ਜਤਨੁ ॥* *ਅੰਗ - ੨੭੧*
*ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥*
*ਨਾਨਕ ਸਾਧੂ ਕੈ ਕੁਰਬਾਨ ॥* *ਅੰਗ - ੨੭੧*
*ਪਾਰਬ੍ਰਹਮੁ ਸਾਧ ਰਿਦ ਬਸੈ ॥*
*ਨਾਨਕ ਉਧਰੈ ਸਾਧ ਸੁਨਿ ਰਸੈ ॥*
*ਸਾਧ ਕੈ ਸੰਗਿ ਸੁਨਉ ਹਰਿ ਨਾਉ ॥*
*ਸਾਧਸੰਗਿ ਹਰਿ ਕੇ ਗੁਨ ਗਾਉ ॥ ........*
*ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥*
*ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥ .......*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥* *ਅੰਗ - ੨੭੨*

ਅੱਠਵੀਂ ਅਸ਼ਟਪਦੀ ਵਿਚ ਨਾਮ-ਰੰਗ ਮਾਣਦੇ ਬ੍ਰਹਮ-ਗਿਆਨੀ ਦਾ ਮੁੱਖ ਲੱਛਣ ਇਹ ਦਸਿਆ ਹੈ ਕਿ ਉਸ ਦੇ ਮਨ ਤੇ ਮੁਖ ਵਿਚ ਸੱਚ-ਸਰੂਪ ਪ੍ਰਭੂ ਹੀ ਵਸਦਾ ਹੈ; ਹਰ ਥਾਂ, ਹਰ ਰੂਪ ਵਿਚ ਉਸ ਨੂੰ ਪਾਰਬ੍ਰਹਮ ਹੀ ਨਜ਼ਰ ਆਉਂਦਾ ਹੈ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥* *ਅੰਗ - ੨੭੨*

ਬ੍ਰਹਮ ਗਿਆਨੀ ਪ੍ਰਭੁ-ਪਿਆਰ ਵਿਚ, ਪ੍ਰਭੂ ਦੀ ਸੰਗਤ ਵਿਚ, ਨਾਮ ਦੇ ਆਸਰੇ, ਸਦਾ ਜਾਗ੍ਰਿਤ ਅਵਸਥਾ ਵਿਚ, ਸਦੀਵ ਅਨੰਦ ਅਤੇ ਸੁਖ ਸਹਜ ਵਿਚ ਵਿਚਰਦਾ ਹੈ -

*ਬ੍ਰਹਮ ਗਿਆਨੀ ਕੈ ਏਕੈ ਰੰਗ ॥*
*ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥*
*ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥*
*ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥*
*ਬ੍ਰਹਮ ਗਿਆਨੀ ਸਦਾ ਸਦ ਜਾਗਤ ॥*
*ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥*
*ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥*
*ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥* *ਅੰਗ - ੨੭੩*

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥

ਅਰਥਾਤ ਜੇਠ ਦਾ ਮਹੀਨਾ ਉਸਨੂੰ ਹੀ ਸੁਹਾਵਣਾ ਲਗਦਾ ਹੈ, ਉਸਨੂੰ ਹੀ ਪ੍ਰਭੂ-ਮਾਲਕ ਮਿਲਦਾ ਹੈ ਜਿਸ ਮਨੁੱਖ ਦੇ ਮੱਥੇ ਦੇ ਭਾਗ ਜਾਗੇ ਹੋਣ। ਇਸ ਸਾਰੀ ਕਿਰਿਆ ਵਿਚ ਸਾਡੇ ਪਿਛਲੇ ਸੰਚਿਤ ਕਰਮਾਂ ਅਨੁਸਾਰ ਬਣੇ ਭਾਗ ਹੀ ਸਾਨੂੰ ਕਿਰਿਆਸ਼ੀਲ ਕਰਦੇ ਹਨ। ਗੁਰ-ਸ਼ਬਦ ਨਾਲ ਪਿਆਰ, ਬਾਣੀ ਪੜ੍ਹਨੀ, ਸੁਣਨੀ, ਵੀਚਾਰਨੀ, ਸਤਿ-ਸੰਗ ਵਿਚ ਜਾਣਾ, ਨਾਮ-ਜਪਣ ਵਾਲੇ ਗੁਰਮੁਖ ਗੁਰਸਿੱਖਾਂ ਨਾਲ ਮਿਤ੍ਰਤਾ ਹੋਣੀ, ਬਾਬਾਣੀਆਂ ਕਹਾਣੀਆਂ ਕਰਨੀਆਂ, ਸੁਣਨੀਆਂ, ਗੁਰਮਤਿ ਦੀਵਾਨਾਂ ਵਿਚ ਮਹਾਂਪੁਰਸ਼ਾਂ ਤੋਂ ਅੰਮ੍ਰਿਤ-ਮਈ ਗੁਰਬਾਣੀ ਦਾ ਕੀਰਤਨ ਸਰਵਣ ਕਰਨਾ, ਗੁਰੂ ਮਹਾਰਾਜ ਅਤੇ ਗੁਰਸਿੱਖਾਂ ਦੀਆਂ ਜੀਵਨ-ਸਾਖੀਆਂ ਸੁਣਨੀਆਂ ਤੇ ਮਨ ਵਿਚ ਗੁਰੂ ਮਹਾਰਾਜ ਲਈ ਪਿਆਰ ਤੇ ਸਤਿਕਾਰ ਦੀ ਭਾਵਨਾ ਪੈਦਾ ਹੋਣੀ, ਚੰਗੇ ਭਾਗਾਂ ਦੀਆਂ ਨਿਸ਼ਾਨੀਆਂ ਹਨ। ਨਾਮ-ਅਭਿਆਸੀਆਂ ਦੀ ਸੰਗਤ ਵਿਚ ਨਾਮ ਜਪ ਕੇ ਮੱਥੇ ਦੇ ਮੰਦੇ ਭਾਗ ਘਟਦੇ-ਘਟਦੇ ਘਟ ਕੇ ਖਤਮ ਹੋ ਜਾਂਦੇ ਹਨ ਅਤੇ ਉਤਮ-ਸ੍ਰੇਸ਼ਠ ਭਾਗਾਂ ਵਿਚ ਵਾਧਾ ਹੀ ਵਾਧਾ ਹੁੰਦਾ ਜਾਂਦਾ ਹੈ -

*ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ*
*ਤਿਨ ਹਰਿ ਹਰਿ ਨਾਮੁ ਅਰਾਧਿਆ ॥*
*ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ*
*ਜਿਨ ਗੁਰ ਬਚਨੀ ਹਰਿ ਜਾਪਿਆ ॥* *ਅੰਗ - ੧੧੧੫*

ਗੁਰੂ ਜੀ ਦਾ ਫੁਰਮਾਨ ਹੈ ਕਿ ਜਿਨ੍ਹਾਂ ਜੀਵਾਂ ਨੂੰ ਪ੍ਰਭੂ ਆਪਣੇ ਚਰਨਾਂ ਨਾਲ ਜੋੜਦਾ ਹੈ, ਉਹਨਾਂ ਦੇ ਪਿਛਲੇ ਕਰਮਾਂ ਦਾ ਸਾਰਾ ਲੇਖਾ ਮੁੱਕ ਜਾਂਦਾ ਹੈ, ਪਿਛਲੇ ਸੰਸਕਾਰ ਖਤਮ ਹੋ ਜਾਂਦੇ ਹਨ -

*ਜਿਨ ਕਉ ਤੂ ਹਰਿ ਮੇਲਹਿ ਸੁਆਮੀ*
*ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥*
*ਤਿਨ ਕੀ ਗਣਤ ਨ ਕਰਿਅਹੁ ਕੋ ਭਾਈ*
*ਜੋ ਗੁਰ ਬਚਨੀ ਹਰਿ ਮੇਲਿ ਲਇਆ ॥* *ਅੰਗ - ੧੧੧੫*

ਸਤਿਸੰਗ ਕਰਨ ਵਾਲੇ, ਨਾਮ-ਬਾਣੀ ਨਾਲ ਜੁੜਨ ਵਾਲੇ, ਗੁਰਸਿੱਖ ਗੁਰੂ ਪਿਆਰੇ ਵੱਡੇ ਭਾਗਾਂ ਵਾਲੇ ਹਨ, ਉਨ੍ਹਾਂ ਦਾ ਜੇਠ ਦਾ ਮਹੀਨਾ ਸਗੋਂ ਹਰੇਕ ਮਹੀਨਾ, ਹਰੇਕ ਰੁੱਤ ਪ੍ਰਭੂ-ਰੰਗ ਵਿਚ ਰੰਗੀਜ ਕੇ ਅਨੰਦ ਮਾਣਨ ਵਾਲੀ ਹੋ ਨਿਬੜਦੀ ਹੈ ਅਤੇ ਜੀਵਨ ਯਾਤਰਾ ਸਫਲ ਹੋ ਜਾਂਦੀ ਹੈ।

## ਰਾਗ ਤੁਖਾਰੀ ਵਿਚ ਰਚੇ ਹੋਏ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚੋਂ ਜੇਠੁ ਦਾ ਮਹੀਨਾ ਤੇ ਸਰਲ ਵਿਆਖਿਆ-

*ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ*
*ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥*
*ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥*
*ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥*

*ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥*
*ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥*
*ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥*
*ਅੰਗ - ੧੧੦੮*

ਜੇਠ ਦੇ ਮਹੀਨੇ ਵਿਚ ਸੂਰਜ ਦੀ ਤਪਸ਼ ਸਿੱਖਰਾਂ ਤੇ ਹੁੰਦੀ ਹੈ। ਅਤਿ ਦੀ ਗਰਮੀ ਕਾਰਨ ਧਰਤੀ ਭੱਠ ਵਾਂਗ ਭਖਦੀ ਹੈ। ਜੀਵ ਜੰਤੂ ਪਸ਼ੂ ਪੰਛੀ ਸਭਨਾਂ ਲਈ ਗਰਮੀ ਨੂੰ ਸਹਾਰਨਾ ਬਹੁਤ ਕਠਨ ਹੋ ਜਾਂਦਾ ਹੈ।ਇਕ ਤਾਂ ਬਾਹਰ ਦੀ ਗਰਮੀ ਹੈ ਜੋ ਮਨੁੱਖ ਨੂੰ ਬੇਚੈਨ ਕਰ ਦਿੰਦੀ ਹੈ, ਇਕ ਅੰਦਰ ਦੀ ਗਰਮੀ ਹੈ, ਅੰਦਰ ਦੀ ਤਪਸ਼, ਵਿਕਾਰਾਂ ਦੀ ਤਪਸ਼ ਜੋ ਅੰਦਰ ਲੂਹ ਦਿੰਦੀ ਹੈ, ਜੋ ਖੁਸ਼ੀਆਂ ਨੂੰ ਵਲੂੰਦਰ ਦਿੰਦੀ ਹੈ, ਜੀਉੜਾ ਤਪਸ਼ ਨਾਲ ਬਿਹਬਲ ਹੋ ਉਠਦਾ ਹੈ। ਫੁਰਮਾਨ ਹੈ -

*ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ॥ ਅੰਗ - ੬੬੧*

ਜੇ ਅੰਦਰ ਸੀਤਲ ਹੋਵੇ,ਅੰਦਰ ਸ਼ਾਂਤ, ਸਹਿਜ ਅਨੰਦ ਵਸਦੇ ਹੋਣ ਤਾਂ ਨਾ ਤਾਂ ਵਿਕਾਰਾਂ ਦੀ ਗਰਮੀ ਕੁਝ ਵਿਗਾੜ ਸਕਦੀ ਹੈ, ਨਾ ਹੀ ਜੇਠ ਦੀ ਤਪਸ਼ ਪਿੰਡਾ ਲੂਹ ਸਕਦੀ ਹੈ।

*ਛਾਤੀ ਸੀਤਲ ਮਨੁ ਤਨੁ ਠੰਢਾ ॥*
*ਜਨਮ ਮਰਣ ਕੀ ਮਿਟਵੀ ਡੰਝਾ ॥*
*ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ*
*ਅਮਿਉ ਧਾਰਿ ਦ੍ਰਿਸਟੰਗਨਾ ॥ ਅੰਗ - ੧੦੮੦*

ਸੁਖ, ਸਹਿਜ, ਸ਼ਾਂਤੀ, ਅਨੰਦ ਅਤੇ ਠੰਢਕ ਦਾ ਸੋਮਾ ਵਾਹਿਗੁਰੂ ਸਭਨਾਂ ਘਟਾਂ ਵਿਚ ਵਸਦਾ ਹੈ, ਐਸੇ ਪ੍ਰਭੂ ਨਾਲ ਪਿਆਰ ਤੇ ਮਿਲਾਪ ਹੀ ਜੀਵ ਨੂੰ ਵਿਕਾਰਾਂ ਦੀ ਤਪਸ਼ ਅਤੇ ਜੇਠ ਦੀਆਂ ਤਪਦੀਆਂ ਲੋਆਂ ਤੋਂ ਬਚਾਅ ਸਕਦਾ ਹੈ।

ਸਰਲ ਅਰਥ - ਜੇਠ ਦਾ ਮਹੀਨਾ ਸ਼ੁਭ ਹੈ, ਚੰਗਾ ਹੈ ਜਿਵੇਂ ਸਾਰੇ ਮਹੀਨੇ, ਸਾਰੇ ਦਿਨ ਹੀ ਸ਼ੁਭ ਹੁੰਦੇ ਹਨ, ਚੰਗੇ ਹੁੰਦੇ ਹਨ ਅਤੇ ਕਦੀ ਵੀ ਪ੍ਰੀਤਮ ਭੁੱਲਣਾ ਨਹੀਂ ਚਾਹੀਦਾ। ਜੇਠ ਦੀ ਭਲੀ ਰੁੱਤ ਵਿਚ ਪਭੂ ਕਿਉਂ ਵਿਸਰੇ? ***(ਮਾਹੁ ਜੇਠ ਭਲਾ ਪ੍ਰੀਤਮੁ ਕਿਉ ਬਿਸਰੈ)*** ਇਹ ਠਕਿ ਹੈ ਕਿ ਜੇਠ ਮਹੀਨੇ ਵਿਚ ਲੋਅ ਪੈਣ ਨਾਲ ਧਰਤੀ ਭੱਠ ਵਾਂਗ ਤਪਣ ਲਗ ਪੈਂਦੀ ਹੈ, ਜਿਵੇਂ ਅੰਦਰ ਵਿਕਾਰਾਂ ਦੀ ਤਪਸ਼ ਨਾਲ ਬੇਚੈਨ ਹੋ ਜਾਂਦਾ ਹੈ, ਤਿਵੇਂ ਬਾਹਰ ਦੀ ਗਰਮੀ ਨਾਲ ਮਨੁੱਖ ਤੜਫ ਉਠਦਾ ਹੈ। ਅੰਦਰ ਬਾਹਰ ਦੀ ਤਪਸ਼ ਨਾਲ ਵਿਆਕੁਲ ਜੀਵ ਇਸਤ੍ਰੀ ਪਤੀ-ਪਰਮੇਸ਼੍ਵਰ ਦੇ ਚਰਨਾਂ ਵਿਚ ਮਨ ਦੀ ਹਾਲਤ ਦੱਸਣ ਲਈ ਬੇਨਤੀ ਕਰਦੀ ਹੈ ***(ਬਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ)*** ਇਨ੍ਹਾਂ ਬੇਨਤੀਆਂ ਦੇ ਨਾਲ ਜੀਵ ਇਸਤ੍ਰੀ ਪ੍ਰਭੂ ਗੁਣਾਂ ਦੀ ਹਿਰਦੇ ਵਿਚ ਸੰਭਾਲ ਕਰਦੀ ਹੈ ਕਿਉਂਕਿ ਉਸ ਨੂੰ ਅੰਦਰੋਂ ਇਹ ਅਨੁਭਵ ਪ੍ਰਾਪਤ ਹੈ ਕਿ ਪ੍ਰਭੂ-ਗੁਣਾਂ ਦੇ ਧਾਰਨ ਕਰਨ ਨਾਲ ਹੀ ਉਹ ਪ੍ਰਭੂ ਨੂੰ ਭਾਅ ਸਕਦੀ ਹੈ ਅਤੇ ਪ੍ਰਵਾਨ ਚੜ੍ਹ ਸਕਦੀ ਹੈ (ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ।) ਗੁਣ-ਗਾਇਨ, ਗੁਣਾਂ ਦੀ ਸੰਭਾਲ ਪ੍ਰਭੂ ਪ੍ਰਾਪਤੀ ਦਾ ਵਿਸ਼ੇਸ਼ ਸਾਧਨ ਹੈ ਕਿਉਂਕਿ ਪ੍ਰਭੂ ਤਾਂ ਹੈ ਹੀ ਗੁਣੀ-ਨਿਧਾਨ, ਗੁਣਾਂ ਦਾ ਖਜ਼ਾਨਾ -

*ਨਾਨਕ ਗਾਵੀਐ ਗੁਣੀ ਨਿਧਾਨੁ॥ ਅੰਗ - ੨*

ਪ੍ਰਭੂ ਨੂੰ ਇਹ ਗੁਣ ਚੰਗੇ ਵੀ ਲਗਦੇ ਹਨ -

*ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥ ਅੰਗ - ੭੨੫*

ਇਸ ਲਈ ਗੁਣੀ-ਨਿਧਾਨ ਨੂੰ ਪ੍ਰਵਾਨ ਹੋਣ ਲਈ ਉਸ ਦੇ ਗੁਣਾਂ ਦਾ ਬਖਾਨ, ਗਾਇਨ ਤੇ ਧਾਰਨ ਕਰਨਾ ਬਹੁਤ ਉਤਮ ਕਰਮ ਹੈ।

ਪ੍ਰਭੂ ਬੈਰਾਗੀ ਹੈ, ਉਹ ਵਿਕਾਰਾਂ ਤੋਂ ਨਿਰਲੇਪ ਹੈ, ਮਾਇਆ ਤੋਂ ਮੁਕਤ ਹੈ, ਸਰਗੁਣ ਹੁੰਦਾ ਹੋਇਆ ਵੀ ਨਿਰਗੁਣ ਹੈ ਅਤੇ ਉਸ ਦਾ ਨਿਵਾਸ ਅਸਥਾਨ ਸਦਾ ਕਾਇਮ ਰਹਿਣ ਵਾਲਾ ਸੱਚ ਦਾ ਮਹੱਲ ਹੈ, ਜਿਸ ਮਹੱਲ ਵਿਚ ਉਸ ਦੀ ਕ੍ਰਿਪਾ ਦੁਆਰਾ ਹੀ ਪੁੱਜਿਆ ਜਾ ਸਕਦਾ ਹੈ। ਉਸ ਦੀ ਨਦਰ ਹੋਵੇ, ਜੀਵ ਇਸਤ੍ਰੀ ਉਸ ਨੂੰ ਭਾਅ ਜਾਵੇ, ਚੰਗੀ ਲਗ ਜਾਵੇ ਤਾਂ ਹੀ ਉਹ ਉਸ ਦੇ ਮਹੱਲ ਵਿਚ ਪੁੱਜ ਕੇ ਉਹ ਪ੍ਰਭੂ ਮਿਲਾਪ ਪ੍ਰਾਪਤ ਕਰ ਸਕਦੀ ਹੈ ***(ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ)*** ਜੀਵ ਇਸਤ੍ਰੀ ਆਪਣੇ ਬਲ ਬੋਤੇ ਇਹ ਮਿਲਾਪ ਹਾਸਲ ਨਹੀਂ ਕਰ ਸਕਦੀ, ਮਾਇਆ ਦੇ ਬੰਧਨਾਂ ਕਾਰਨ, ਵਿਕਾਰਾਂ ਦੀ ਤਪਸ਼ ਕਾਰਨ, ਪ੍ਰਭੂ ਤੋਂ ਵਿਛੁੜੀ ਇਸਤ੍ਰੀ ਨਿਢਾਲ ਤੇ ਕਮਜ਼ੋਰ ਹੈ, ਉਹ ਪ੍ਰਭੂ ਦੇ ਮਹਲਾਂ ਵਿਚ ਕਿਵੇਂ ਜਾ ਸਕਦੀ ਹੈ? ਉਹ ਪ੍ਰਭੂ ਮਿਲਾਪ ਦਾ ਅਨੰਦ ਕਿਵੇਂ ਮਾਣ ਸਕਦੀ ਹੈ? ***(ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ)*** ਗੁਰੂ ਮਹਾਰਾਜ ਸਾਰ ਰੂਪ ਵਿਚ ਪ੍ਰਭੂ-ਮਿਲਾਪ ਦਾ ਮਾਰਗ ਦਰਸ਼ਨ ਕਰਦੇ ਕਹਿੰਦੇ ਹਨ ਕਿ ਜੇਠ ਮਹੀਨੇ ਦੀ ਸੜਦੀ ਲੋਅ ਵਿਚ ਪ੍ਰਭੂ ਦੇ ਗੁਣਾਂ, ਪ੍ਰਭੂ ਦੀ ਸਿਫਤਿ ਸਾਲਾਹ ਨੂੰ ਹਿਰਦੇ ਵਿਚ ਵਸਾ ਲੈਣ ਵਾਲੀ ਜਿਹੜੀ ਜੀਵ ਇਸਤ੍ਰੀ ਪ੍ਰਭੂ ਨਾਲ ਜਾਣ ਪਛਾਣ ਪਾ ਲੈਂਦੀ ਹੈ, ਉਹ ਪ੍ਰਭੂ-ਗੁਣਾਂ ਦੀ ਧਾਰਨੀ ਹੋਣ ਕਾਰਨ ਉਸ ਸ਼ਾਂਤ-ਚਿੱਤ-ਅਨੰਦ ਪ੍ਰਭੂ ਵਰਗੀ ਹੀ ਹੋ ਜਾਂਦੀ ਹੈ, ਉਸ ਦੀ ਮਿਹਰ ਦੀ ਪਾਤਰ ਬਣਦੀ ਹੈ ਅਤੇ ਉਸ ਨਾਲ ਮਿਲ ਕੇ ਇਕ ਰੂਪ ਹੋ ਜਾਂਦੀ ਹੈ ਅਤੇ ਇੰਜ ਸਦਾ ਲਈ ਵਿਕਾਰਾਂ ਦੀ ਤਪਸ਼ ਤੋਂ ਮੁਕਤ ਹੋ ਜਾਂਦੀ ਹੈ - ***(ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥)***

# ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-47)*

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦਸਦੇ ਸੀ ਕਿ ਜਦੋਂ ਅਸੀਂ ਹੋਤੀ ਮਰਦਾਨ ਜਾਂਦੇ ਸੀ, ਉਥੇ ਕਲਪਾਣੀ ਨਦੀ ਦੇ ਵਿਚ ਇਸ਼ਨਾਨ ਕਰਿਆ ਕਰਦੇ ਸੀ। ਬਰਫ ਜੰਮੀ ਹੁੰਦੀ ਸੀ। ਕਹਿੰਦੇ, ਇਕ ਦਮ ਹੀ ਚੌਂਕੜਾ ਮਾਰ ਕੇ ਬਹਿ ਜਾਂਦੇ ਸੀ। ਕਛਹਿਰਾ ਤਾਂ ਕਸ ਹੋ ਜਾਂਦਾ ਸੀ, ਕੁੜਤੇ ਦੇ ਬਟਨ ਨਹੀਂ ਸੀ ਲਾ ਹੁੰਦੇ। ਐਨੀ ਠੰਢ ਸੀ। ਬੁੱਕਲ ਮਾਰਨੀ ਕਹਿੰਦੇ, ਬਹਿ ਜਾਣਾ, ਫੇਰ ਨਹੀਂ ਸੀ ਉੱਠ ਹੁੰਦਾ ਕਿ ਫੇਰ ਉੱਠ ਜਾਓ ਘੰਟੇ ਬਾਅਦ। 10 ਵਜਣੇ, ਸੂਰਜ ਦੀ ਧੁੱਪ ਲਗਣੀ, ਸਰੀਰ ਦੇ ਵਿਚ ਗਰਮੀ ਪੈਦਾ ਹੋਣੀ, ਫੇਰ ਜਾ ਕੇ ਉੱਠ ਕੇ ਖੜ੍ਹੇ ਹੋਣਾ।

ਸੰਤ ਮਹਾਰਾਜ ਮਸਤੂਆਣੇ ਵਾਲੇ ਜਦੋਂ ਬੰਨੂ ਪਹਾੜ ਤਪ ਕਰਦੇ ਸੀ ਤੇ ਅੰਦਰ ਹੇਠਾਂ ਬਉਲੀ ਸੀ ਉਸ 'ਚ ਆਪ ਇਸ਼ਨਾਨ ਕਰਕੇ ਬਹਿ ਜਾਂਦੇ ਸੀ ਉਥੇ ਹੀ। ਬਰਫ ਪੈ ਜਾਂਦੀ ਉਥੇ ਹੀ। ਸੇਵਾਦਾਰ ਨੇ ਆਉਣਾ, ਕਹਿਣਾ ਕਿ ਫੇਰ ਕੰਬਲ ਦੇ ਦੇਈਂ ਸਾਡੇ ਉਤੇ ਤੇ ਨਾਲ ਆਪਣਾ ਭਖਾਰਾ ਦੇਈਂ ਸਾਨੂੰ ਤਾਂ ਹੱਡ ਪੈਰ ਖੁੱਲ੍ਹਣਗੇ। ਐਵੇਂ ਤਾਂ ਨਹੀਂ ਮਹਾਂਪੁਰਸ਼ ਐਡੇ-ਐਡੇ ਹੁੰਦੇ। ਤਪ ਕੀਤੇ ਹੋਏ ਨੇ ਉਨ੍ਹਾਂ ਨੇ, ਬੰਦਗੀਆਂ ਕੀਤੀਆਂ ਹੋਈਆਂ ਨੇ ਤੇ ਫੇਰ ਜਾ ਕੇ ਕਿਤੇ ਪ੍ਰਾਪਤੀਆਂ ਹੋਇਆ ਕਰਦੀਆਂ ਨੇ। ਐਵੇਂ ਨਹੀਂ ਪ੍ਰਾਪਤੀ ਹੋਇਆ ਕਰਦੀ ਕਿ ਸੁਖਾਲਾ ਜਿਹਾ ਹੀ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਬੰਦਗੀਆਂ ਕੀਤੀਆਂ ਨੇ ਉਨ੍ਹਾਂ ਨੂੰ ਪਤੈ? ਉਹ ਖੱਟ ਲੈਂਦੇ ਨੇ, ਉਨ੍ਹਾਂ ਨੂੰ ਉਹ ਚੀਜ਼ਾਂ ਪ੍ਰਾਪਤ ਹੋ ਜਾਇਆ ਕਰਦੀਆਂ ਨੇ।

ਸੋ ਵਿਸ਼ਵਾਮਿੱਤਰ ਕਹਿਣ ਲੱਗਿਆ, ਮੈਂ ਤਪ ਕਰਿਆ ਹੈ, ਤਪ ਵੱਡੀ ਚੀਜ਼ ਹੈ।

ਉਹ ਕਹਿੰਦੇ ਕਿ ਫੈਸਲਾ ਕਰਾ ਲਓ।

ਜਦੋਂ ਦੋ ਦੀ ਰਾਇ ਨਾ ਰਲਦੀ ਹੋਵੇ, ਕਿਸੇ ਤੀਜੇ ਬੰਦੇ ਕੋਲ ਜਾਂਦੇ ਨੇ। ਬ੍ਰਹਮਾ ਜੀ ਕੋਲ ਚਲੇ ਗਏ। ਬ੍ਰਹਮਾ ਜੀ ਨੇ ਕਿਹਾ ਕਿ ਦੋਵੇਂ ਮਹਾਨ ਰਿਸ਼ੀ ਨੇ। ਇਨ੍ਹਾਂ ਨੂੰ ਜਦੋਂ ਤੱਕ ਪ੍ਰਤੱਖ ਨਹੀਂ ਦਿਖਾਇਆ ਜਾਂਦਾ, ਓਨੀਂ ਦੇਰ ਤੱਕ ਇਨ੍ਹਾਂ ਨੇ ਮੰਨਣਾ ਨਹੀਂ ਹੈ।

ਕਹਿੰਦੇ, ਤੁਸੀਂ ਸ਼ਿਵ ਜੀ ਮਹਾਰਾਜ ਕੋਲ ਚਲੇ ਜਾਓ। ਉਹ ਕਹਿੰਦੇ, ਮੈਂ ਤਾਂ ਧਿਆਨ 'ਚ ਬੈਠਾ ਹਾਂ, ਤੁਸੀਂ ਪ੍ਰਮੁੱਖ ਦੇਵਤਾ ਵਿਸ਼ਨੂੰ ਜੀ ਕੋਲ ਚਲੇ ਜਾਓ। ਉਥੇ ਚਲੇ ਜਾਂਦੇ ਨੇ। ਉਹ ਕਹਿੰਦੇ, ਮੈਂ ਤਾਂ ਐਸ ਵੇਲੇ ਸੰਸਾਰ ਨੂੰ ਰਿਜ਼ਕ ਦੇਣ ਵਿਚ ਰੁਝਿਆ ਹੋਇਆ ਹਾਂ, ਕਿਉਂਕਿ ਮੇਰਾ ਨਾਮ ਬਿਸ਼ੰਭਰ ਹੈ ਤੇ ਮੈਂ ਸਾਰੇ ਭੁੱਖਿਆਂ ਨੂੰ ਪ੍ਰਸ਼ਾਦਾ ਦੇ ਰਿਹਾ ਹਾਂ ਤੇ ਤੁਸੀਂ ਸ਼ੇਸ਼ਨਾਗ ਕੋਲ ਚਲੇ ਜਾਓ। ਸ਼ੇਸ਼ ਨਾਗ ਕੋਲ ਗਏ ਉਹ ਕਹਿੰਦੇ, ਦੇਖੋ ਭਾਈ, ਮੈਂ ਤਾਂ ਪ੍ਰਮੇਸ਼ਰ ਦਾ ਨਾਮ ਜਪਦਾਂ ਤੇ (ਦੋ ਹਜ਼ਾਰ ਮਾਲਾ ਲਿਖਦੇ ਨੇ ਗੁਰੂ ਦਸਵੇਂ ਪਾਤਸ਼ਾਹ ਕਿ ਦੋ ਹਜ਼ਾਰ ਨਵੇਂ ਨਾਉਂ ਰੋਜ਼ ਜਪਦਾ ਸੀ ਉਹ) ਮੈਨੂੰ ਤਾਂ ਨਹੀਂ ਹੈ ਫੁਰਸਤ, ਪਹਿਲਾਂ ਧਰਤੀ ਨੂੰ ਸਾਂਭਣ ਦਾ ਕੋਈ ਵਸੀਲਾ ਬਣਾਓ, ਫੇਰ ਮੈਂ ਗੱਲ ਕਰਾਂਗਾ। ਵਿਸ਼ਵਾਮਿੱਤਰ ਕਹਿੰਦਾ ਮੈਂ ਦਸ ਹਜ਼ਾਰ ਸਾਲ ਦਾ ਤਪ ਦਿੰਦਾ ਹਾਂ।

ਸਾਧਸੰਗਤ ਜੀ! ਧਿਆਨ ਨਾਲ ਸੁਣਨਾ ਗੱਲ, ਐਵੇਂ ਨਹੀਂ ਇਹ ਗੱਲਾਂ ਹੈਗੀਆਂ।

ਧਰਤੀਆਂ ਡੋਲ ਰਹੀਆਂ ਨੇ, ਗਰੁਤਵਾ ਸ਼ਕਤੀ ਤੁਲਨਾ ਨਾ ਕਰ ਸਕੀ ਉਹਦੀ, ਕਹਿੰਦਾ ਹੁਣ ਵੀਹ ਹਜ਼ਾਰ ਸਾਲ। ਹੁੰਦੇ-ਹੁੰਦੇ 58 ਹਜ਼ਾਰ ਸਾਲ ਦੇ ਤਪ ਦਾ ਫਲ ਦੇ ਦਿਤਾ। ਕਹਿੰਦੇ, ਹੋਰ ਦੇ ਇਹ ਤਾਂ ਧਰਤੀਆਂ ਡੋਲਦੀਆਂ ਨੇ। ਕਹਿੰਦਾ, ਹੋਰ ਤਾਂ ਮੈਂ ਤਪ ਨਹੀਂ ਕਰਿਆ।

ਕਹਿੰਦੇ, ਵਸ਼ਿਸ਼ਟ ਜੀ! ਤੁਸੀਂ ਦਿਓ।

ਕਹਿੰਦੇ, ਮੈਂ ਸਿਰਫ ਚਾਰ ਘੜੀ ਮਨ, ਚਿਤ, ਇਕਾਗਰ ਕਰਕੇ ਪ੍ਰਭੂ ਦਾ ਜਸ ਕੀਤਾ ਹੋਇਐ, ਸਤਿਸੰਗ ਕੀਤੀ ਹੋਈ, ਉਹਦਾ ਫਲ ਦਿੰਦਾਂ। ਜਦੋਂ ਫਲ ਦਿਤਾ ਸਾਰਾ ਕੁਛ ਹੀ ਡੋਲਣ ਤੋਂ ਹਟ ਗਿਆ।

ਉਹ ਕਹਿਣ ਲੱਗੇ ਕਿ ਦੇਖੋ ਹੁਣ ਮੈਂ ਕੀ ਫੈਸਲਾ ਕਰਨੈ, ਕਿੱਥੇ ਚਾਰ ਘੜੀ, 100 ਮਿੰਟ ਦੀ ਸਤਿਸੰਗ ਤੇ ਕਿੱਥੇ 58000 ਸਾਲ ਦਾ ਤਪ। ਤੁਸੀਂ ਆਪੇ ਹੀ ਦੇਖ ਲਓ ਕਿ ਕਿਹੜੀ ਚੀਜ਼ ਜ਼ਿਆਦਾ ਹੋ ਗਈ।

ਸੋ ਉਹ ਸਤਿਸੰਗ ਕਲਜੁਗ ਦੇ ਵਿਚ ਪ੍ਰਾਪਤ ਹੋਇਐ ਆਪਾਂ ਨੂੰ ਸਾਧਸੰਗਤ ਜੀ, ਵਾਹਿਗੁਰੂ ਦੀ ਮਿਹਰ ਹੋਈ ਹੈ। ਕਿਉਂਕਿ ਜ਼ਮਾਨਾ ਜਿਹੜਾ ਹੈ ਸੜ ਬਲ ਰਿਹੈ। ਇਹਦੇ ਵਿਚ ਸਤਿਸੰਗ ਮਿਲ ਜਾਣਾ, ਇਹ ਪੱਕੇ ਜਿਹੜੇ ਪੂਰਬਲੇ ਕਰਮ ਨੇ, ਉੱਚੇ ਭਾਗ ਨੇ ਉਨ੍ਹਾਂ ਕਰਕੇ ਮਿਲਿਆ ਕਰਦੈ-

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਸੋ ਇਹ ਸਤਿਸੰਗ ਦੇ ਵਿਚ ਆ ਕੇ ਸੋਝੀ ਪੈਂਦੀ ਹੈ, ਸੋ ਇਹ ਜੋ ਬੰਦਾ ਹੈ ਇਹ ਵਾਇਦੇ ਕਰ-ਕਰਕੇ ਆਇਆ ਹੈ ਕਿ ਹੇ ਪ੍ਰਭੂ! ਮੈਂ ਹੁਣ ਤੇਰਾ ਨਾਮ ਜਪਾਂਗਾ। ਹੋਇਆ ਕੀ? ਕਹਿੰਦੇ, ਜਿਸ ਵਕਤ ਪੈਦਾ ਹੋਇਆ ਹੈ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*

*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਅੰਗ- ੯੨੧*

ਪਰਿਵਾਰ 'ਚ ਵਧਾਈਆਂ-ਵਧਾਈਆਂ ਹੋਣ ਲਗ ਗਈਆਂ। ਜਿਹੜੇ ਇਸ ਤੋਂ ਵੀ ਜ਼ਿਆਦਾ ਨੇ ਉਹ ਜਾਨਵਰ ਵੱਢ-ਵੱਢ ਕੇ ਖਾਣ ਲੱਗ ਗਏ। ਸ਼ਰਾਬ ਦੀਆਂ ਬੋਤਲਾਂ ਆ ਗਈਆਂ। ਦੂਜੇ ਪਾਸੇ ਕੀ ਹੋਇਆ -

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਅੰਗ- ੯੨੧*

ਜਿਹੜੀ ਲਿਵ ਲੱਗੀ ਹੋਈ ਸੀ ਪ੍ਰਮੇਸ਼ਰ ਦੇ ਨਾਮ ਦੀ ਧੁਨ ਸੁਣਦੀ ਸੀ, ਉਹ ਟੁੱਟ ਗਈ। ਜਿਹੜਾ ਨਾਮ ਜਪਦਾ ਸੀ ਉਹ ਟੁੱਟ ਗਿਆ। ਹੁਣ ਤ੍ਰਿਸ਼ਨਾ ਕਾਹਦੀ ਲਗ ਗਈ-

*ਪਹਿਲੈ ਪਿਆਰਿ ਲਗਾ ਥਣ ਦੁਧਿ ॥* *ਅੰਗ- ੧੩੭*

ਦੁੱਧ ਦੀ ਵਾਸ਼ਨਾ ਆ ਗਈ ਇਹਨੂੰ। ਦੁੱਧ ਪੀਤਾ, ਚਾਹੇ ਕੋਈ ਜਾਨਵਰ ਹੈ, ਕੋਈ ਬੱਛਰੂ ਹੈ, ਕੱਟਰੂ ਹੈ ਕੋਈ ਹੈ, ਆਪੇ ਦੁੱਧ ਵਲ ਨੂੰ ਆ ਜਾਂਦੈ। ਕਹਿੰਦੇ, ਉਹ ਲੱਗ ਗਈ -

*ਦੂਜੈ ਮਾਇ ਬਾਪ ਕੀ ਸੁਧਿ ॥* *ਅੰਗ - ੧੩੭*

ਫੇਰ ਜਿਹੜੇ ਸਭ ਤੋਂ ਨੇੜੇ ਲਗਦੇ ਸੀ, ਮਾਂ, ਪਤਾ ਲਗ ਗਿਆ ਕਿ ਆਹ ਹੈ ਮੇਰੀ। ਆਹ ਮੇਰਾ ਪਿਉ ਹੈ, ਥੋੜ੍ਹਾ ਚਿਰ ਪਹਿਲਾਂ ਤਾਂ ਕੁਛ ਵੀ ਨਹੀਂ ਸੀਗਾ, ਨਾ ਮਾਂ, ਨਾ ਪਿਓ ਸੀ। ਰਿਸ਼ਤਾ ਗੰਢਿਆ ਗਿਆ।

*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥* *ਅੰਗ - ੧੩੭*

ਫੇਰ ਆ ਗਿਆ ਵੇਲਾ, ਕ੍ਰੋਧ ਆਉਣ ਲੱਗ ਗਿਆ। ਬੱਚੇ ਕਹਿਣਾ ਨਹੀਂ ਮੰਨਦੇ। ਉਹ ਕਹਿੰਦਾ ਇਸ ਤਰ੍ਹਾਂ ਕਰਨੈ। ਉਹ ਕਹਿੰਦਾ, ਤੂੰ ਬਿਲਕੁਲ ਹੀ ਗਲਤ ਹੈਂ। ਤੂੰ ਕੀ ਕਰਿਆ ਸਾਰੀ ਜ਼ਿੰਦਗੀ, ਅਸੀਂ ਕਰਕੇ ਦਿਖਾਵਾਂਗੇ। ਕੋਨੇ 'ਚ ਲਾ ਦਿੰਦੇ ਨੇ, ਕੱਢ ਕੇ ਬਿਠਾ ਦਿੰਦੇ ਨੇ ਕਿ ਤੂੰ ਬਾਹਰ ਹੀ ਰਿਹਾ ਕਰ। ਪਿਆਰ ਨਹੀਂ ਮਿਲਦਾ, ਜਿਹੜੇ ਪਿਆਰ ਨਾਲ ਆਪ ਬੱਚੇ ਪਾਲੇ ਨੇ, ਉਹ ਪਿਆਰ ਮਿਲਿਆ ਨਹੀਂ ਕਰਦਾ। ਮਾਂ-ਬਾਪ ਤਰਸਦੇ ਨੇ ਬੱਚਿਆਂ ਦੇ ਪਿਆਰ ਨੂੰ। ਬੱਚਿਆਂ ਨੂੰ ਵਿਹਲ ਹੀ ਨਹੀਂ ਹੈ ਕਿ ਮਾਂ-ਬਾਪ ਨਾਲ ਗੱਲ ਵੀ ਕਰ ਲਈਏ। ਕਮ-ਸ-ਕਮ ਸੌਣ ਤੋਂ ਪਹਿਲਾਂ ਐਨਾ ਹੀ ਕਹਿ ਦੇਈਏ ਕਿ ਅਸੀਂ ਸੌਂ ਰਹੇ ਹਾਂ, ਉੱਠ ਕੇ ਅਸੀਂ 'ਸਤਿ ਸ੍ਰੀ ਅਕਾਲ' ਹੀ ਬੁਲਾ ਦੇਈਏ, ਜਾਂ ਚਰਨੀਂ ਮੱਥਾ ਟੇਕ ਦੇਈਏ। ਆਹ ਨਹੀਂ ਮਿਲਦਾ ਤੇ ਉਹ ਉਦਾਸ ਹੋ ਜਾਂਦੇ ਨੇ ਜ਼ਿੰਦਗੀ ਤੋਂ। ਉੱਭੇ ਸਾਹ ਆਉਂਦੇ ਨੇ ਫੇਰ-

*ਦਸਵੈ ਦਧਾ ਹੋਆ ਸੁਆਹ ॥* *ਅੰਗ - ੧੩੭*

ਆਹ ਜੀਵਨ ਬਣ ਜਾਂਦੈ, ਭੁੱਲ ਜਾਂਦੈ ਇਹ ਆ ਕੇ, ਸੰਸਾਰ ਦੇ ਅੰਦਰ। ਮਹਾਰਾਜ ਕਹਿੰਦੇ, ਬਹੁਤ ਵਾਰੀ ਇਹਦੇ ਨਾਲ ਇਸ ਦੇ ਨਾਲ ਹੋਇਆ, ਹਰ ਵਕਤ ਭੁੱਲਦੈ। ਸਾਧੂ, ਸੰਤਾਂ ਦੀ ਪ੍ਰਮੇਸ਼ਰ ਨੇ ਡਿਊਟੀ ਲਾ ਦਿਤੀ। ਉਹ ਕਹਿੰਦੇ, ਅਸੀਂ ਕਰੀਏ ਕੀ ਇਹ ਸੁਣਦਾ ਹੀ ਨਹੀਂ ਬੋਲੇ ਜੀਵ ਨਾਲ ਵਾਹ ਪੈ ਗਿਆ ਜਾਂ ਇਸ ਤਰ੍ਹਾਂ ਕਹਿ ਲਓ ਕਿ ਇਹਦੇ ਭਾਗ ਐਨੇ ਮੰਦੇ ਨੇ, ਚਾਰੇ ਵੇਦ 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਛੇ ਸ਼ਾਸਤਰ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਸਾਰੇ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਇਸ ਜੀਵ ਨੂੰ ਇੱਕੋ ਗੱਲ ਸਮਝਾਉਂਦੇ ਨੇ ਕਿ ਤੂੰ ਪਿਆਰਿਆ! ਇਹ ਗੱਲ ਸਮਝ ਲੈ ਸਾਡੀ -

*ਧਾਰਨਾ - ਇਹੋ ਤੇਰੀ ਬਾਰੀ ਹੈ, ਗੋਬਿੰਦ ਮਿਲਣੇ ਦੀ।*

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਅੰਗ - ੧੨*

ਜਿਹੜੇ ਕੰਮਾਂ 'ਚ ਰੁਝਿਆ ਹੋਇਐਂ ਇਹ ਨਹੀਂ ਕਿਸੇ ਕੰਮ ਆਉਣੇ। ਵੱਡਾ ਬਣ ਜਾ ਜਿੰਨਾ ਬਣਨੈ। ਜੋ ਕੁਛ ਕਰਨੈ, ਕਰ ਲੈ। ਸਭ ਕੁਛ ਛੱਡ ਕੇ ਤੁਰ ਜਾਏਂਗਾ। ਤੂੰ ਅਸਲੀ ਕੰਮ ਜਿਹੜਾ ਤੂੰ ਕਰਨ ਆਇਐਂ ਉਹ ਤੂੰ ਕੀਤਾ ਨਹੀਂ ਹੈ। ਸੋ ਮਹਾਤਮਾ ਹਾਕਾਂ ਮਾਰਦੇ ਨੇ, ਉੱਚੀ-ਉੱਚੀ ਕਹਿੰਦੇ ਨੇ, ਤੁਰੇ ਫਿਰਦੇ ਨੇ ਕਿਸੇ ਬੋਲੇ ਦੇ ਕੰਨ ਦੇ ਵਿਚ ਖਬਰ ਪਹੁੰਚ ਜਾਵੇ, ਗੱਲ ਪਹੁੰਚ ਜਾਵੇ। ਪਰ ਕਹਿੰਦੇ ਬਈ, ਕਰੀਏ ਕੀ? -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਕਹਿੰਦੇ, ਚਿੱਤ ਨਹੀਂ ਫੇਰਦਾ -

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,*
*ਦਿਤੀਆਂ ਬਾਂਗਾਂ ਤੋਂ ਨਾ ਜਾਗਦੇ।*

ਬੇਵਸੀ ਦਿਖਾ ਦਿਤੀ ਕਿ ਸ਼ੈਤਾਨ ਬੈਠਾ ਹੈ ਅੰਦਰ, ਚਿੱਤ ਨਹੀਂ ਫੇਰਨ ਦਿੰਦਾ। ਸੁਣਦਾ ਹੈ ਸਤਿਸੰਗ, ਕਰਦੈ, ਫੇਰ ਉਥੇ ਦਾ ਉਥੇ। ਕਿਉਂ ਭੁੱਲ ਪੈਂਦੀ ਹੈ?

ਸਾਰੇ ਮਹਾਂਪੁਰਸ਼ ਸੋਚਦੇ ਨੇ ਕਿ ਭੁੱਲ ਕਿਉਂ ਪੈ ਜਾਂਦੀ ਹੈ, ਕਾਰਨ ਕੀ ਹੈ ਇਹ ਬੰਦਾ ਕਿਉਂ ਨਹੀਂ ਲਗਦਾ।

ਗੁਰੂ ਨੌਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਇਹ ਬੰਦਾ ਵੱਡੀਆਂ-ਵੱਡੀਆਂ ਗੱਲਾਂ ਸਮਝ ਜਾਂਦੈ, ਪ੍ਰਮੇਸ਼ਰ ਦੇ ਰਸਤੇ 'ਤੇ ਕਿਉਂ ਨਹੀਂ ਲਗਦਾ। ਮਹਾਰਾਜ ਕਹਿੰਦੇ, ਪਿਆਰਿਓ! ਇਹਨੂੰ ਇਹ ਪੱਕਾ ਭਰੋਸਾ ਹੋਇਐ ਕਿ ਮੈਂ ਸੰਸਾਰ ਤੋਂ ਨਹੀਂ ਜਾਣਾ, ਮੈਂ ਇਥੇ ਰਹਿਣੈ। ਜੇ ਇਹਦੇ ਚਿੱਤ ਇਹ ਹੋਵੇ ਕਿ ਆਹ ਸੰਸਾਰ ਤਾਂ ਛੱਡ ਜਾਣੈ, ਕੋਈ ਜਗ੍ਹਾ ਹੋਰ ਹੈ ਜਿੱਥੇ ਮੈਂ ਜਾਣੈ। ਸਮੇਂ ਨੂੰ ਸੰਭਾਲਾਂ। ਇਕ ਦ੍ਰਿਸ਼ਟਾਂਤ ਦੇ ਨਾਲ ਗੱਲ ਸਮਝ 'ਚ ਆ ਜਾਏਗੀ।

ਇਕ ਰਾਜਾ ਸੀ ਬੜਾ ਸਿਆਣਾ ਸੀ। ਉਸ ਰਾਜ ਦੇ ਵਿਚ ਇਹ ਨਿਯਮ ਚਲਦਾ ਸੀ ਕਿ ਰਾਜਾ ਵੀਹ ਸਾਲ ਤੋਂ ਵੱਧ ਗੱਦੀ 'ਤੇ ਨਹੀਂ ਸੀ ਬੈਠ ਸਕਦਾ। ਉਸ ਤੋਂ ਬਾਅਦ ਦੋ-ਤਿੰਨ ਸੌ ਮੀਲ ਦੇ ਉਤੇ ਨਿਰਜਨ ਟਾਪੂ ਸੀ। ਉਹਦੇ ਵਿਚ ਉਹਨੂੰ ਛੱਡ ਆਉਂਦੇ ਸੀ। ਕੋਈ ਤਖਤ ਦਾ ਦਾਅਵੇਦਾਰ ਨਾ ਬਣਿਆ ਕਰੇ। ਬੜੀਆਂ ਅਪੀਲਾਂ ਕਰਿਆ ਕਰਨ। ਪਤਾ ਸੀ ਕਿ ਵੀਹ ਸਾਲ ਬਾਅਦ ਕੀ ਕਰਾਂਗੇ, ਵੀਹ ਸਾਲ ਤਾਂ ਐਵੇਂ ਲੰਘ ਜਾਂਦੇ ਨੇ।

ਇਕ ਸਿਆਣਾ ਨੌਜਵਾਨ ਆ ਗਿਆ, ਕਹਿਣ ਲੱਗਿਆ ਕਿ ਮੈਂ ਬੈਠਾਂਗਾ ਗੱਦੀ 'ਤੇ। ਗੱਦੀ 'ਤੇ ਬਹਿ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ ਜਦੋਂ ਰਾਜ ਭਾਗ ਦੇ ਸਾਰੇ ਕਾਨੂੰਨਾਂ ਨੂੰ ਸਮਝ ਲਿਆ ਤੇ ਤਾਕਤ ਹੱਥ ਆ ਗਈ, ਕਹਿੰਦਾ ਇਸ ਤਰ੍ਹਾਂ ਜਹਾਜ਼ ਬਣਾਓ। ਜਹਾਜ਼ ਬਣਾਇਆ ਤੇ ਭਰਿਆ, ਭਰ ਕੇ ਉਥੇ ਲੈ ਗਿਆ ਜਿੱਥੇ ਜਾ ਕੇ ਰਾਜੇ ਨੂੰ ਛੱਡਿਆ ਕਰਦੇ ਸੀ। ਉਤਰ ਗਏ, ਉਤਰ ਕੇ ਕੀ ਦੇਖਦੇ ਨੇ ਕਿ ਬੜੀ ਭਿਆਨਕ ਥਾਂ ਹੈ, ਬੜੇ ਭਿਆਨਕ ਇਥੇ ਜੰਗਲੀ ਜਾਨਵਰ ਰਹਿੰਦੇ ਨੇ। ਇਹ ਤਾਂ ਬੰਦੇ ਨੂੰ ਆਉਂਦੇ ਨੂੰ ਹੀ ਖਾ ਪੀ ਜਾਂਦੇ ਨੇ। ਰੋਟੀ ਦਾ ਇਥੇ ਕੋਈ ਪ੍ਰਬੰਧ ਨਹੀਂ। ਇੰਜਨੀਆਰਾਂ ਨੂੰ ਕਹਿਣ ਲੱਗਿਆ, ਪਲੈਨਿੰਗ ਵਾਲਿਆਂ ਨੂੰ ਕਿ ਇਸ ਨੂੰ ਐਨਾ ਚੰਗਾ ਬਣਾ ਦਿਓ ਕਿ ਦੁਨੀਆਂ ਇਹਨੂੰ ਦੇਖਣ ਵਾਸਤੇ ਤਾਂਤੇ ਬੰਨ੍ਹ ਲਏ। ਸਹੂਲਤਾਂ ਪੈਦਾ ਕਰ ਦਿਓ। ਇਸ ਜਜ਼ੀਰੇ ਦੇ ਵਿਚ ਇਹੋ ਜਿਹੀਆਂ ਚੀਜ਼ਾਂ ਲਿਆਓ। ਵੀਹ ਸਾਲ ਦੀ ਮਿਹਨਤ ਦੇ ਨਾਲ ਐਨਾ ਸੋਹਣਾ ਹੋ ਗਿਆ ਕਿ ਹਰੇਕ ਦਾ ਜੀਅ ਕਰੇ ਕਿ ਉਥੇ ਜਾ ਕੇ ਵਸੀਏ।

ਰਾਜਾ ਕਹਿੰਦਾ, ਲਓ ਬਈ ਵੀਹ ਸਾਲ ਪੂਰੇ ਹੋਣ 'ਚ ਰਹਿ ਗਏ ਛੇ ਮਹੀਨੇ ਤੇ ਮੈਂ ਤੁਹਾਨੂੰ ਸਮਾਂ ਦਿੰਦਾ, ਛੇ ਮਹੀਨਿਆਂ ਦੇ ਅੰਦਰ-ਅੰਦਰ ਨਵਾਂ ਰਾਜਾ ਟੋਲ੍ਹ ਲਓ। ਜਿਹਨੇ ਗੱਦੀ ਤੇ ਬੈਠਣੈ। ਮੀਟਿੰਗ ਹੋਈ ਸਾਰਿਆਂ ਦੀ। ਕਹਿਣ ਲੱਗੇ, ਹੁਣ ਤਾਂ ਉਹ ਥਾਂ ਹੀ ਇਹੋ ਜਿਹਾ ਵਧੀਆ ਬਣ ਗਿਆ, ਉਥੇ ਸਾਡਾ ਵੀ ਜੀਅ ਕਰਦੈ ਚੱਲੀਏ। ਇਸ ਰਾਜੇ ਨੂੰ ਰਹਿਣ ਦਿਓ, ਇਹ ਸੋਝੀ ਵਾਲੈ। ਇਹ ਇਕ ਦ੍ਰਿਸ਼ਟਾਂਤ ਹੈ।

ਜਿਹਨੇ ਆਪਣਾ ਅੱਗਾ ਸੰਵਾਰ ਲਿਆ ਇਥੇ ਬੈਠੇ-ਬੈਠੇ ਨੇ। ਉਹ ਤਾਂ ਕਹਿੰਦੇ ਕਿ ਮੈਂ ਕਿਹੜੇ ਵੇਲੇ ਇਥੋਂ ਨਿਕਲਾਂ, ਪੰਜ ਭੂਤਕ ਸਰੀਰ 'ਚੋਂ ਤੇ ਅਸੀਂ ਆਪਣੇ ਘਰ ਜਾ ਕੇ ਮਹਾਨ ਅਨੰਦ ਦੀ ਪ੍ਰਾਪਤੀ ਕਰੀਏ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ- ੧੩੬੫*

ਕਿਉਂਕਿ ਅੱਗਾ ਸੰਵਾਰ ਲਿਆ ਉਹਨੇ। ਜਿਹੜਾ ਅੱਗਾ ਨਹੀਂ ਸੰਵਾਰਦਾ ਉਹਦੇ ਲਈ ਫੇਰ ਮੁਸ਼ਕਲ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਝਦਾ ਨਹੀਂ ਬੰਦਾ। ਸਮਝਾਉਂਦੇ ਨੇ ਸਾਰੇ। ਕਹਿੰਦੇ, ਸਮਝਦਾ ਕਿਉਂ ਨਹੀਂ।

ਗੁਰੂ ਤੇਗ ਬਹਾਦਰ ਸਾਹਿਬ ਕਹਿਣ ਲੱਗੇ ਪਿਆਰਿਓ! ਇਹਨੂੰ ਅਗਲੇ ਘਰ ਦਾ ਪਤਾ ਨਹੀਂ ਕਿ ਮੇਰੇ ਨਾਲ ਕੀ ਵਰਤਣਾ ਹੈ। ਉਹ ਇਹ ਸਮਝਦਾ ਹੈ ਕਿ ਮੈਂ ਇਥੇ ਹੀ ਰਹਿਣਾ ਹੈ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਨਹੀਂਓਂ ਮਰਨ ਪਛਾਣਦਾ,*
*ਝੂਠੇ ਲਾਲਚ ਲਗ ਕੇ ਬੰਦਾ।*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ੨ ॥ ੧ ॥*

*ਅੰਗ - ੭੨੬*

ਕਹਿਣ ਲੱਗੇ, ਪਿਆਰਿਓ! ਇਹ ਤਾਂ ਨਹੀਂ ਇਸ ਪਾਸੇ ਲਗਦਾ ਕਿ ਇਹ ਝੂਠੇ ਲਾਲਚਾਂ 'ਚ ਲੱਗ ਕੇ ਮਰਨ ਨੂੰ ਭੁੱਲਿਆ ਹੋਇਐ। ਨਹੀਂ ਤਾਂ ਪ੍ਰਮੇਸ਼ਰ ਦੇ ਗੁਣ ਗਾਵੇ, ਭਜਨ ਕਰੇ - ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥'*** ਦਿਨ ਰਾਤ ਲਗ ਕੇ ਵਾਹਿਗੁਰੂ ਨੂੰ ਯਾਦ ਕਰ ਲੈ। ਕਿਉਂ ਕਰ ਲੈ - ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਜਿਵੇਂ ਘੜਾ ਤਿੜਕਿਆ ਹੋਵੇ ਉਹਦੇ 'ਚੋਂ ਪਾਣੀ ਨਿਕਲ ਜਾਂਦੈ, ਬੂੰਦ-ਬੂੰਦ ਕਰਕੇ। ਇਸ ਤਰ੍ਹਾਂ ਤੇਰੇ 24 ਹਜ਼ਾਰ ਸਵਾਸ ਰੋਜ਼ ਦੇ ਘਟ ਜਾਂਦੇ ਨੇ। ਮੁੜ ਨਹੀਂ ਮਿਲਦੇ। ***'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥'*** ਐਨਾ ਮੂਰਖ ਹੈਂ ਤੇ ਅਭਿਮਾਨੀ ਹੈਂ ਤੂੰ ਹਰੀ ਦੇ ਗੁਣ ਨਹੀਂ ਗਾਉਂਦਾ? ***'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ।'***

ਮੂਰਖਾਂ ਦੀ ਬਾਤ ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਇਕ ਵਾਰੀ ਇਕ ਰਾਜਾ ਸੀ, ਉਸ ਦੀ ਰਾਣੀ ਉਹਨੂੰ ਰੋਜ਼ ਕਿਹਾ ਕਰੇ ਕਿ ਰਾਜਨ! ਮਾਨਸ ਜਨਮ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਐ। ਫੇਰ ਤੈਨੂੰ ਦੇਖ, ਤੈਨੂੰ ਰਾਜ ਦਿਤਾ ਹੈ ਉਹਨੇ, ਉਸ ਪ੍ਰਮੇਸ਼ਰ ਦਾ ਤੂੰ ਭਜਨ ਕਰਿਆ ਕਰ, ਅੰਮ੍ਰਿਤ ਵੇਲੇ ਉਠ ਕੇ ਬੈਠਿਆ ਕਰ, ਬਿਰਤੀ ਇਕਾਗਰ ਕਰਕੇ, ਉਹਦੀ ਯਾਦ ਵਿਚ ਬੈਠਿਆ ਕਰ। ਕਹਿੰਦਾ, ਹਾਂ ਠੀਕ ਹੈ, ਮੈਨੂੰ ਸਵੇਰੇ ਜਗਾਈਂ। ਸਵੇਰਾ ਹੋਇਆ, ਉਹਨੇ ਆਵਾਜ਼ ਮਾਰੀ, ਕੱਪੜਾ ਲੈ ਕੇ ਫੇਰ ਸੌਂ ਗਿਆ। ਛੇ ਸਾਲ ਲੰਘ ਗਏ ਉਹਨੂੰ, ਉਹ ਹਟੀ ਨਹੀਂ ਹੈ। ਇਹ ਉਠਿਆ ਨਹੀਂ, ਇਕ ਦਿਨ ਖਿੱਝ ਗਈ, ਕਹਿਣ ਲੱਗੀ, ਤੂੰ ਤਾਂ ਮੂਰਖ ਹੈਂ। ਛੇ ਸਾਲ ਹੋ ਗਏ, ਛੇ ਸਾਲ ਕਿਤੇ ਥੋੜ੍ਹਾ ਸਮਾਂ ਹੁੰਦੈ। ਇਹ ਹੱਥ ਵਿਚ ਤਾਂ ਆਉਣਾ ਨਹੀਂ ਮੁੜ ਕੇ। ਕਹਿਣ ਲੱਗਿਆ, ਮੈਂ ਮੂਰਖ ਹਾਂ? ਉਠ ਕੇ ਬਹਿ ਗਿਆ। ਕਹਿੰਦੀ, ਮੈਂ ਨਹੀਂ ਕਹਿੰਦੀ, ਵੇਦ ਸ਼ਾਸਤਰ ਸਾਰੇ ਕਹਿੰਦੇ ਨੇ ਕਿ ਮੂਰਖ ਬੰਦਾ ਹੈ ਜਿਹੜਾ ਆਪਣਾ ਅੱਗਾ ਨਾ ਸੰਵਾਰੇ। ਅਗਲਾ ਪਾਸਾ (ਰਸਤਾ) ਜਿਹਨੇ ਬਣਾਇਆ ਨਹੀਂ ਹੈ, ਸੰਵਾਰਿਆ ਨਹੀਂ ਹੈ, ਇਥੇ ਹੀ ਲੱਗਿਆ ਪਿਐ, ਅੱਗੇ ਵੀ ਤਾਂ ਆਪਾਂ

ਜਾਣਾ ਹੈ। ਜਿਸ ਤਰ੍ਹਾਂ ਉਸ ਰਾਜੇ ਨੇ ਸੰਵਾਰ ਲਿਆ ਇਸ ਤਰ੍ਹਾਂ ਆਪਾਂ ਸੰਵਾਰ ਲਈਏ। ਕਹਿੰਦਾ, ਨਹੀਂ ਤੂੰ ਮੈਨੂੰ ਮੂਰਖ ਕਿਹੈ। ਕਹਿੰਦੀ, ਮੈਂ ਨਹੀਂ ਕਿਹਾ, ਵੇਦ ਸ਼ਾਸਤਰ ਕਹਿੰਦੇ ਨੇ, ਧਰਮ ਗ੍ਰੰਥ ਕਹਿੰਦੇ ਨੇ। ਉਹ ਤਾਂ ਪੜ੍ਹੇ ਲਿਖਿਆਂ, ਪੀਐਚ. ਡੀ ਵਾਲੇ ਨੂੰ ਵੀ ਕਹਿੰਦੇ ਨੇ -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*ਅੰਗ- ੧੪੦*

ਉਹ ਬੁੱਧੀ ਜੀਵੀ ਕਾਹਦਾ ਹੈ, ਜਿਹਦੇ ਵਿਚ ਲਭੁ ਹੈ, ਲੋਭ ਹੈ ਅਹੰਕਾਰ ਹੈ, ਕ੍ਰੋਧ ਹੈ, ਕਾਮ ਹੈ, ਈਰਖਾ ਕਰਦੈ, ਨਿੰਦਿਆ ਕਰਦੈ, ਚੁਗਲੀਆਂ ਕਰਦੈ, ਧੋਖੇ ਦਿੰਦੈ, ਫਰੇਬ ਕਰਦੈ, ਉਹਦੀ ਤਾਂ ਬੁੱਧੀ ਤਿੱਖੀ ਹੋ ਗਈ। ਉਹਨੂੰ ਪੜ੍ਹਿਆ ਹੋਇਆ ਕੌਣ ਕਹਿੰਦੈ, ਉਹ ਤਾਂ ਮੂਰਖ ਹੈ।

ਕਹਿੰਦੀ, ਮਹਾਰਾਜ! ਉਹ ਤਾਂ ਬਾਣੀ ਕਹਿੰਦੀ ਹੈ, ਵੇਦ ਸ਼ਾਸਤਰ ਕਹਿੰਦੇ ਨੇ, ਚੁੱਪ ਕਰ ਗਿਆ ਤੇ ਸਵੇਰੇ ਸਭਾ ਲਾ ਲਈ। ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਆਪਣੇ ਰਾਜ ਵਿਚ ਮੂਰਖ ਕਿੰਨੇ ਨੇ? ਹੱਥ ਜੋੜ ਕੇ ਖੜ੍ਹ ਗਿਆ ਵਜ਼ੀਰ। ਕਹਿੰਦੇ, ਕੀ ਗੱਲ ਦੱਸਦਾ ਨਹੀਂ ਹੈਂ? ਕਹਿੰਦਾ, ਮਹਾਰਾਜ! ਜੇ ਤਾਂ ਤੁਸੀਂ ਇਸ ਤਰ੍ਹਾਂ ਪੁੱਛਦੇ ਕਿ ਸਿਆਣੇ ਕਿੰਨੇ ਨੇ? ਤਾਂ, ਤਾਂ ਮੈਂ ਗਿਣ ਕੇ ਦਸ ਦਿੰਦਾ। ਸਾਰਾ ਸੰਸਾਰ ਮੂਰਖਾਂ ਦਾ ਹੀ ਹੈ। ਇਥੇ ਅਕਲ ਵਾਲਾ ਕਿਹੜਾ ਹੈ। ਆਪਣਾ ਆਪ ਗਵਾਈ ਜਾਂਦੇ ਨੇ। ਚੰਗਾ ਭਲਾ ਪਤਾ ਹੈ ਸੰਸਾਰ 'ਚ ਰਹਿਣਾ ਨਹੀਂ ਹੈ -

*ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥*

*ਅੰਗ - ੪੭੩*

ਜਦ ਰਹਿਣਾ ਨਹੀਂ ਇਥੇ ਫੇਰ ਕਾਹਦੇ ਹੰਕਾਰ, ਕਾਹਦੇ ਰੌਲੇ-ਰੱਪੇ। ਫੇਰ ਇਹਨੂੰ ਪਤਾ ਨਹੀਂ ਲਗਦਾ ਕਿ ਜਿਹੜੇ ਕੰਮ ਮੈਂ ਕਰਦਾਂ, ਇਹ ਮੈਨੂੰ ਦੁੱਖ ਕਿੰਨੇ ਦੇਣਗੇ।

ਗੁਰੂ ਨਾਨਕ ਨੂੰ ਪੁੱਛਿਆ, ਕਾਹਬੇ ਵਿਚ। ਹੇ ਨਾਨਕ! ਜਿਹੜੇ ਨਸ਼ੇ ਪੀਂਦੇ ਨੇ ਦਰਗਾਹ 'ਚ ਉਨ੍ਹਾਂ ਦਾ ਕੀ ਹਾਲ ਹੁੰਦੈ?

ਮਹਾਰਾਜ ਕਹਿਣ ਲੱਗੇ, ਰੁਕਨਦੀਨ! ਸੂਖਸ਼ਮ ਸਰੀਰ ਉਥੇ ਜਾ ਕੇ ਬੜਾ ਦੁੱਖ ਪਾਉਂਦੈ। ਇਕ ਹਜ਼ਾਰ ਮਣ ਸਿੱਕਾ ਰੋਜ਼ ਗਰਮ ਕਰਕੇ ਉਹਦੇ ਗਲ 'ਚੋਂ ਲੰਘਾਉਂਦੇ ਨੇ, ਫੇਰ ਉਹ ਚੀਕਾਂ ਮਾਰਦੈ, ਦੁੱਖੀ ਹੁੰਦੈ। ਬੜੇ ਸਵਾਲ ਮਹਾਰਾਜ ਦੇ ਉਤੇ ਕੀਤੇ ਉਨ੍ਹਾਂ ਨੇ। ਮਹਾਰਾਜ ਨੇ ਜਵਾਬ ਦਿਤੇ ਕਿ ਜਿਹਨੂੰ ਇਹੀ ਨੀਂ ਪਤਾ ਕਿ ਮੈਂ ਇਹ ਕਰਮ ਕਰਨੈਂ। ਸ਼ਰਾਬ ਨਾਲ ਕੀ ਕਰ ਲਏਗਾ। ਤੰਬਾਕੂ ਨਾਲ ਕੀ ਕਰ ਲਏਗਾ। ਕਹਿੰਦੇ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*

ਦੇਵਤੇ ਤੇ ਪਿੱਤਰ ਜਿਹੜੇ ਸਾਡੇ ਉਤੇ ਨਿਗ੍ਹਾ ਰੱਖੀਂ ਬੈਠੇ ਨੇ, ਸਾਡਾ ਬੁਰਾ ਨਹੀਂ ਹੋਣ ਦਿੰਦੇ, ਉਹ ਛੱਡ ਜਾਂਦੇ ਨੇ। ਪਾਪ ਕਿੰਨਾ ਹੁੰਦੈ? ਕਹਿੰਦੇ -

*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*

ਜਿੰਨਾਂ ਸ਼ਰਾਬ ਦਾ ਪਾਪ ਹੁੰਦੈ, ਐਨਾ ਤੰਮਾਕੂ ਵਾਲੇ ਦੇ ਹੱਥੋਂ ਪਾਣੀ ਪੀ ਕੇ ਹੁੰਦੈ।

ਮੇਰੇ ਕੋਲ ਆਉਂਦੇ ਨੇ ਟਰੱਕਾਂ ਦੇ ਡਰਾਈਵਰ, ਜੀ ਅਸੀਂ ਕੀ ਕਰੀਏ?

ਮੈਂ ਕਿਹਾ, ਦੇਖੋ ਭਾਈ! ਗੱਲ ਤੁਹਾਨੂੰ ਦਸ ਦਿੰਦੇ ਹਾਂ, ਇਕ ਚੀਜ਼ ਬੜੀ ਪਵਿੱਤਰ ਹੈ ਜਿਹੜੀ ਪਾਪਾਂ ਨੂੰ ਧੋ ਦਿੰਦੀ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ। ਜਦੋਂ ਇਹੋ ਜਿਹੇ ਥਾਂ ਤੁਹਾਨੂੰ ਪ੍ਰਸ਼ਾਦਾ ਛਕਣਾ ਪੈਂਦੈ। ਪਹਿਲਾਂ ਪ੍ਰਸ਼ਾਦੇ ਉਤੇ ਨਿਗ੍ਹਾ ਜਮ੍ਹਾਂ ਕੇ ਪੰਜ ਵਾਰੀ ਮੂਲਮੰਤਰ ਦਾ ਪਾਠ ਕਰਕੇ, ਫੇਰ 'ਤ੍ਵਪ੍ਰਸਾਦਿ ਭਰਮ ਕਾ ਨਾਸ' ਕਹਿ ਕੇ ਪ੍ਰਸ਼ਾਦਾ ਛਕ ਲਿਆ ਕਰੋ।

ਸੋ ਕਹਿੰਦੇ, ਉਹਦੇ ਹੱਥੋਂ ਪਾਣੀ ਪੀਣ ਦਾ ਐਨਾ ਪਾਪ ਹੁੰਦੈ, ਜਿੰਨਾਂ ਸ਼ਰਾਬ ਪੀਣ ਦਾ ਹੁੰਦੈ।

ਸ਼ਰਾਬ ਦਾ ਕਿੰਨਾ ਪਾਪ ਹੈ?

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰ ਦਿੰਦੀ ਹੈ। ਭੰਗ ਇਕ ਤਨ ਦਾ ਨਾਸ਼ ਕਰਦੀ ਹੈ। ਤਮਾਕੂ ਸੌ ਕੁਲ ਦਾ ਨਾਸ਼ ਕਰਦੈ।

ਅਮਰੀਕਾ ਵਾਲਿਆਂ ਨੇ ਰੋਕ ਲਾ ਦਿਤੀ ਕੀ ਕੋਈ ਬੰਦਾ ਫੈਕਟਰੀ 'ਚ ਨਹੀਂ ਪੀ ਸਕਦਾ, Public place (ਸਮਾਜਕ ਸਥਾਨਾਂ) 'ਚ ਨਹੀਂ ਪੀ ਸਕਦਾ, ਕਿਉਂਕਿ ਪੀਣ ਵਾਲੇ ਨੂੰ ਕੈਂਸਰ ਦੀ ਬਿਮਾਰੀ ਕਰਦੈ। ਹੁਣ ਤਾਂ ਮੰਨ ਲਿਆ ਇਨ੍ਹਾਂ ਨੇ ਕਿ ਤਮਾਕੂ ਬੰਦ ਕਰ ਦੇਣਾ ਚਾਹੀਦੈ ਕਿਉਂਕਿ ਇਹਦੇ 'ਚ ਤਾਂ ਕੈਂਸਰ ਹੈ। ਦੂਸਰਾ ਇਹ ਖਾਨਦਾਨ ਦੀ ਜੀਨ ਨੂੰ ਕੱਟ ਦਿੰਦੈ। ਦਸ ਸਾਲਾਂ ਬਾਅਦ ਜਿਹੋ ਜਿਹਾ ਦਸ ਪੁਸ਼ਤਾਂ ਪਹਿਲਾਂ ਬਾਬਾ ਸੀ, ਪੋਤਾ ਉਸ ਸੁਭਾਅ ਦਾ, ਉਸ ਸਰੀਰ ਦਾ ਹੋ ਜਾਇਆ ਕਰਦੈ, ਇਸ ਕਰਕੇ ਖਾਨਦਾਨੀਆਂ ਦੇਖਿਆ ਕਰਦੇ ਸੀ। ਸ਼ਰਾਬ ਵੀ ਇਸੇ ਤਰ੍ਹਾਂ ਨਾਲ ਨੁਕਸ ਪਾਉਂਦੀ ਹੈ। 20% ਕੈਂਸਰ ਸ਼ਰਾਬ ਨਾਲ ਹੋਇਆ ਕਰਦੈ। 70% ਕੈਂਸਰ ਤਮਾਕੂ ਨਾਲ ਹੁੰਦੈ। ਉਹ ਜੀਨ ਕੱਟ ਦਿੰਦੈ, ਜੀਨ ਕੱਟ ਕੇ ਖਾਨਦਾਨ ਗਲਤ ਹੋ ਜਾਂਦੈ। ਜੀਨ ਦਾ ਮਤਲਬ ਹੁਣ ਸਾਰੇ ਸਮਝਦੇ ਨੇ ਕਿਸਾਨ। ਕਣਕਾਂ ਦਾ ਜੀਨ ਹੈ ਛੋਟਾ ਕਰ ਦਿਤਾ ਇਹ। ਉਹਦੇ ਨਾਲ ਕੀ ਹੋ ਗਿਆ, ਮਧਰੀਆਂ ਕਣਕਾਂ ਤੇ ਜ਼ਿਆਦਾ ਦਾਣੇ ਦੇਣ ਵਾਲੀਆਂ ਹੋ ਗਈਆਂ।

ਸੋ ਇਸ ਤਰ੍ਹਾਂ ਦੇ ਨਾਲ ਜੇ ਕਿਸੇ ਦੇ ਘਰ ਵਿਚ ਨਿੰਦਕ ਪੈਦਾ ਹੋ ਜਾਵੇ, ਉਹ ਕੁਲਾਂ ਦੀਆਂ ਕੁਲਾਂ ਗਾਲ੍ਹ ਦਿਆ ਕਰਦੈ। ਇਸ ਕਰਕੇ ਸਾਡੇ ਜਿਹੜੇ ਬਜ਼ੁਰਗ ਥੋੜ੍ਹਾ-ਥੋੜ੍ਹਾ ਪੁੰਨ ਕਰਕੇ ਉੱਤੇ ਬੈਠੇ ਨੇ ਸਵਰਗਾਂ 'ਚ, ਉਹ ਛੱਡ ਦਿੰਦੇ ਨੇ।

ਸੋ ਜੋ ਨਸ਼ਾ ਪੀਂਦੈ ਇਹਨੂੰ ਐਨੀ ਹੀ ਸਮਝ ਨਹੀਂ ਕਿ ਅਗਾਂਹਾਂ ਜਾ ਕੇ ਦਰਗਾਹ 'ਚ ਮੇਰਾ ਆਹ ਹਾਲ ਹੋਣੈ,

ਉਹਨੂੰ ਕੀਹ ਕਹੇ। ਚਾਹੇ ਪੜ੍ਹਿਆ ਹੋਇਐ, ਚਾਹੇ ਕਿੰਨਾ ਹੀ ਅਕਲ ਵਾਲੈ, ਕਹਿੰਦੇ ਮੂਰਖ ਹੈ ਇਹ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਉਹ ਮੂਰਖ ਹੈ। 'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥' ਜਿਹੜਾ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਉਹ ਮੂਰਖ ਤੇ ਅਗਿਆਨੀ ਹੈ। ਰਾਜਾ ਕਹਿਣ ਲੱਗਿਆ ਕਿ ਲਿਸਟ ਬਣਾਓ। ਵਜ਼ੀਰ ਕਹਿੰਦਾ, ਮਹਾਰਾਜ! ਜੇ ਤਾਂ ਅਕਲਮੰਦਾਂ ਦੀ ਕਹਿੰਦੇ, ਫੇਰ ਤਾਂ ਬਣ ਜਾਂਦੀ। ਮੂਰਖ ਤਾਂ ਸਾਰਾ ਸੰਸਾਰ ਹੀ ਹੈ, ਆਪਣੇ ਪੈਰੀਂ ਆਪ ਕੁਹਾੜਾ ਮਾਰ ਕੇ, ਆਪੇ ਹੀ ਨਰਕਾਂ ਨੂੰ ਜਾਂਦੈ। ਆਪੇ ਹੀ ਦੁਖੀ ਹੁੰਦੈ। ਕਿਸੇ ਨੂੰ ਕੋਈ ਦੁਖੀ ਨਹੀਂ ਕਰਦਾ, ਆਪਣੇ ਕਰਮ ਦੁਖੀ ਕਰਦੇ ਨੇ। ਕਹਿੰਦਾ, ਚੰਗਾ ਵੱਡਿਆਂ-ਵੱਡਿਆਂ ਦੀ ਬਣਾ ਲਓ, ਵੱਡੇ-ਵੱਡੇ ਵੀ ਤਾਂ ਹੋਣਗੇ। ਕਹਿੰਦੇ ਇਹ ਮਨਜ਼ੂਰ ਹੈ, ਇਕ ਸਭਾ ਬਣਾ ਲਈ। ਲਿਖਣਾ ਸ਼ੁਰੂ ਕਰ ਦਿਤਾ। ਲਿਖਦੇ ਹੋਏ ਪਤਾ ਹੀ ਹੁੰਦੈ, ਪਿੰਡਾਂ ਵਾਲਿਆਂ ਨੂੰ ਕਿ ਆਹ ਮੂਰਖਾਂ ਦਾ ਟੱਬਰ ਹੈ। ਉਹ ਇਕ ਟੱਬਰ 'ਚ ਚਲੇ ਗਏ, ਉਹ ਕਹਿੰਦੇ ਕਿ ਰਾਜੇ ਨੇ ਕਿਹੈ। ਉਹ ਕਹਿੰਦੇ, ਸਾਡਾ ਨਾਮ ਜ਼ਰੂਰ ਲਿਖੋ।

ਬਜ਼ੁਰਗ ਨੂੰ ਪੁੱਛਿਆ ਕਿ ਕਿਵੇਂ ਹੋ ਤੁਸੀਂ ਮੂਰਖ?

ਛੜੀ ਦਿਤੀ ਹੋਈ ਸੀ ਕਿ ਪ੍ਰੈਜ਼ੀਡੈਂਟ ਉਹਨੂੰ ਬਣਾਉਣੈ, ਜਿਹੜਾ ਸਾਰਿਆਂ ਨਾਲੋਂ ਵੱਡਾ ਮੂਰਖ ਹੋਵੇ। ਲਿਖ ਰਹੇ ਨੇ, ਪੁੱਛ ਪੜਤਾਲ ਕਰ ਰਹੇ ਨੇ ਕਿ ਤੁਸੀਂ ਕਿਸ ਤਰ੍ਹਾਂ ਦੇ ਨਾਲ ਮੂਰਖ ਹੋਂ?

ਕਹਿੰਦਾ, ਦੇਖੋ ਸਾਡਾ ਇਕ ਰਿਸ਼ਤੇਦਾਰ ਮਰ ਗਿਆ ਨੇੜੇ ਦਾ। ਆਹ ਨਾਲ ਹੀ ਪਿੰਡ, ਸਹੁਰੇ ਸੀ ਮੇਰੇ ਉਥੇ। ਇਨ੍ਹਾਂ ਬੱਚਿਆਂ ਦਾ ਮਾਮਾ ਸੀ ਉਹ ਮਰ ਗਿਆ।

ਕਹਿੰਦਾ, ਮੈਂ ਹੱਲ ਵਾਹੁੰਦਾ ਸੀ, ਖਬਰ ਆਈ। ਮੈਂ ਵੱਡੇ ਮੁੰਡੇ ਨੂੰ ਭੇਜਿਆ ਕਿ ਜਾਹ ਤੂੰ ਚਲਿਆ ਜਾਹ। ਸਸਕਾਰ ਹੋਏਗਾ, ਉਸ ਤੋਂ ਬਾਅਦ ਤੂੰ ਬੈਠੀਂ, ਬੈਠ ਕੇ ਗੱਲ ਕਰਕੇ ਆਈਂ।

ਕਹਿੰਦਾ, ਇਹ ਭੇਜ ਦਿਤਾ, ਇਹਨੇ ਕੁਛ ਨਾ ਕਰਿਆ।

ਵਾਪਸ ਆ ਗਿਆ। ਮੈਂ ਕਿਹਾ ਕਿ ਤੂੰ ਕੀ ਕਿਹਾ ਸੀ। ਕਹਿੰਦਾ, ਮੈਂ ਤਾਂ ਕੁਛ ਵੀ ਨਹੀਂ ਕਿਹਾ।

ਕਹਿੰਦਾ, ਕੋਈ ਗੱਲ? ਤੇਰਾ ਮਾਮਾ ਚੜ੍ਹਾਈ ਕਰਿਐ? ਕਹਿੰਦਾ, ਮੈਂ ਤਾਂ ਕੁਛ ਕਿਹਾ ਹੀ ਨਹੀਂ। ਮੈਂ ਕਿਹਾ ਤੂੰ ਤਾਂ ਮੂਰਖ ਹੈਂ।

ਛੋਟੇ ਮੁੰਡੇ ਨੂੰ ਭੇਜਿਆ ਕਿ ਤੂੰ ਜਾ।

ਉਹ ਕਹਿੰਦਾ, ਬਾਪੂ! ਮੈਂ ਤਾਂ ਕਦੇ ਇਹੋ ਜਿਹੇ ਥਾਂ ਗਿਆ ਨਹੀਂ ਤੇ ਮੈਂ ਕੀ ਕਹਾਂ?

ਕਹਿੰਦਾ, ਲੋਕ ਜਿਵੇਂ ਕਹਿੰਦੇ ਹੁੰਦੇ ਨੇ, ਇਹ ਕਿਹੜਾ ਕਿਤਾਬਾਂ 'ਚ ਲਿਖਿਆ ਹੁੰਦੈ, ਸੁਣ-ਸੁਣਾ ਕੇ ਗੱਲਾਂ ਕਰ ਦੇਈਦੀਆਂ ਨੇ।

ਇਹ ਜਿਸ ਵਕਤ ਗਿਆ ਤਾਂ ਉਨ੍ਹਾਂ ਦੇ ਦੁਸ਼ਮਣ ਖੜ੍ਹੇ ਸੀ ਬਾਹਰਲੇ ਪਾਸੇ। ਕਹਿੰਦੇ, ਸਵਾਦ ਆ ਗਿਆ, ਮਰ ਗਿਆ। ਹੁਣ ਪਤਾ ਲੱਗੂ ਇਨ੍ਹਾਂ ਨੂੰ। ਇਹ ਬੜੇ ਬੁਰੇ ਬੰਦੇ ਨੇ। ਇਹ ਮਰਨ ਤੋਂ ਬਗੈਰ ਠੀਕ ਨਹੀਂ ਹੁੰਦੇ, ਇਕ ਅੱਧਾ ਹੋਰ ਮਰੇ ਤਾਂ ਠੀਕ ਹੋਣਗੇ।

ਅੱਗੇ ਗਿਆ ਤਾਂ ਅਗਾਂਹਾਂ ਆਏ ਹੋਏ ਸੀ ਸਿਆਣੇ ਬੰਦੇ, ਪਰਚੌਣੀ ਕਰ ਰਹੇ ਸੀ। ਇਹਨੇ ਕਿਹਾ ਮੈਂ ਭੁੱਲ ਨਾ ਜਾਵਾਂ, ਇਕ ਦਮ ਹੀ ਖੜ੍ਹਾ ਹੋ ਕੇ ਕਹਿੰਦਾ ਕਿ ਭਰਾਵੋ ਮੇਰੀ ਗੱਲ ਸੁਣੋ। ਕਹਿੰਦਾ, ਬੜਾ ਚੰਗਾ ਹੋਇਆ ਇਹ ਮਰ ਗਿਆ। ਇਕ ਅੱਧਾ ਹੋਰ ਮਰਨਾ ਚਾਹੀਦੈ ਤਾਂ ਥੈ ਆਉਣਗੇ ਮੇਰੇ ਨਾਨਕੇ। ਉਨ੍ਹਾਂ ਨੇ ਫੜ ਲਿਆ ਤੇ ਇਹਨੂੰ ਕੁੱਟਿਆ।

ਕਹਿੰਦੇ, ਆਹ ਕੀ ਕਰਦੈਂ।

ਬਾਪੂ ਕੋਲ ਆ ਗਿਆ, ਆਪਣੇ। ਕਹਿੰਦਾ, ਆਹ ਕੀ ਹੋਇਆ ਤੇਰੇ ਨੀਲ ਪਏ ਹੋਏ ਨੇ?

ਕਹਿੰਦਾ, ਮੈਨੂੰ ਮਾਰਿਆ।

ਕਹਿੰਦਾ, ਕਿਉਂ?

ਕਹਿੰਦਾ, ਤੂੰ ਹੀ ਕਿਹਾ ਸੀ ਕਿ ਜਿਵੇਂ ਲੋਕ ਗੱਲਾਂ ਕਰਦੇ ਹੋਣ, ਉਵੇਂ ਜਿਵੇਂ ਤੂੰ ਕਰ ਲਈਂ। ਮੈਂ ਇਸ ਤਰ੍ਹਾਂ ਗੱਲਾਂ ਕਰ ਦਿਤੀਆਂ।

ਕਹਿੰਦਾ, ਤੂੰ ਤਾਂ ਇਹਦੇ ਨਾਲੋਂ ਵੀ ਮੂਰਖ ਹੈਂ।

ਕਹਿੰਦਾ, ਮੈਨੂੰ ਹੀ ਜਾਣਾ ਪੈ ਗਿਆ। ਉਵੇਂ ਜਿਵੇਂ ਪ੍ਰਾਣੀ ਕੱਛ ਵਿਚ ਲਈ ਹੋਈ ਹੈ। ਪੈਰ ਵੀ ਨੀ ਧੋਤੇ, ਨੱਠਿਆ ਹੀ ਗਿਆ ਕਿ ਕਿਤੇ ਚਲੇ ਨਾ ਜਾਣ। ਕਹਿੰਦਾ, ਮੈਂ ਹੁਣੇ ਜਾ ਕੇ ਮਾਫੀ ਮੰਗ ਲਵਾਂ। ਉਥੇ ਜਾ ਕੇ ਕਹਿੰਦਾ ਕਿ ਭਰਾਵੋ, ਮੈਂ ਮਾਫੀ ਮੰਗਣ ਆਇਆ ਹਾਂ। ਪਹਿਲਾ ਮੁੰਡਾ ਤੁਸੀਂ ਦੇਖਿਐ ਕਿ ਬੋਲਿਆ ਹੀ ਨਹੀਂ। ਦੂਜੇ ਨੇ ਕੀ ਕਿਹਾ, ਚੰਗਾ ਹੋਇਆ ਤੁਸੀਂ ਕੁੱਟਿਆ। ਉਨ੍ਹਾਂ ਨੂੰ ਕਹਿਣ ਲੱਗਿਆ, ਭਰਾਵੋ! ਹੁਣ ਤਾਂ ਕਰ ਦਿਓ ਮਾਫ, ਹੁਣ ਤੁਹਾਡਾ ਜਦ ਕੋਈ ਅਗਲਾ ਮਰਿਆ ਮੈਂ ਆਪ ਹੀ ਆਊਂਗਾ।

ਕਹਿੰਦੇ, ਇਹ ਤਾਂ ਸਾਰਾ ਟੱਬਰ ਹੀ ਮੂਰਖਾਂ ਦਾ ਹੈ। ਲਿਖ ਲਿਆ ਗਿਆ ਕਿ ਤੂੰ ਤਾਂ ਸੱਚਮੁੱਚ ਹੀ ਲਿਖਣ ਵਾਲਾ ਹੈਂ।

ਰਾਜੇ ਕੋਲ ਆ ਗਏ, ਉਹ ਦੱਸੀ-ਦੱਸੀ ਗਏ। ਰਾਜੇ ਨੂੰ ਪੁੱਛਿਆ ਕਿ ਰਾਜਾ ਸਾਹਿਬ ਨੂੰ ਮਿਲਣੈ। ਕਹਿੰਦੇ ਉਹ ਤਾਂ ਬਿਮਾਰ ਨੇ। ਕਹਿੰਦੇ, ਪੁਛੋ, ਅਸੀਂ ਮਿਲਣੈ। ਸੋਨੇ ਦੇ ਹੱਥੇ ਵਾਲੀ ਖੂੰਡੀ ਫੜਾਉਣੀ ਹੈ ਜਿਹੜਾ ਸਭ ਤੋਂ ਮੂਰਖ ਹੈ। ਰਾਜੇ ਦੇ ਕੋਲ ਚਲੇ ਗਏ। ਕਹਿੰਦਾ, ਮੈਂ ਤਾਂ ਜਾ ਰਿਹਾ ਹਾਂ?

ਕਹਿੰਦੇ, ਕਿੱਥੇ?

ਕਹਿੰਦਾ, ਇਹ ਤਾਂ ਮੈਨੂੰ ਪਤਾ ਨਹੀਂ, ਮੈਨੂੰ ਤਾਂ ਕੋਈ ਥਹੁ ਨਹੀਂ। ਕਹਿੰਦੇ, ਨੇ ਕਿਸੇ ਲੰਬੇ ਸਫਰ 'ਤੇ ਜਾ ਰਿਹਾਂ-

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਅੰਗ- ੨੬੪*

ਕਹਿੰਦੇ ਫੇਰ ਐਡੇ ਲੰਮੇ ਸਫਰ 'ਚ ਤੇਰੇ ਨਾਲ ਕੀ ਫੌਜ ਜਾ ਰਹੀ ਹੈ?

ਕਹਿੰਦਾ, ਨਹੀਂ।

ਰਾਣੀਆਂ ਜਾ ਰਹੀਆਂ ਨੇ?

ਕਹਿੰਦਾ, ਨਹੀਂ।

ਖਜ਼ਾਨੇ ਜਾ ਰਹੇ ਨੇ?

ਕਹਿੰਦਾ, ਨਹੀਂ।

ਹੋਰ ਧਨ-ਧਾਮ, ਜਾਇਦਾਦ ਜਾ ਰਹੀ ਹੈ?

ਕਹਿੰਦਾ, ਕੁਛ ਵੀ ਨਹੀਂ ਜਾ ਰਿਹਾ। ਮੈਂ ਤਾਂ ਨੰਗੇ ਪੈਰੀਂ ਤੇ ਖਾਲੀ ਹੱਥ ਜਾ ਰਿਹਾ ਹਾਂ।

ਕਹਿੰਦੇ, ਲੈ ਰਾਜਨ! ਆਹ ਖੂੰਡੀ ਤੂੰ ਹੀ ਸਾਂਭ। ਤੂੰ ਸਾਰੀ ਜ਼ਿੰਦਗੀ ਗਵਾ ਦਿਤੀ ਤੇ ਤੈਨੂੰ ਨਾ ਪਤਾ ਲੱਗਿਆ ਕਿ ਅਗਲਾ ਸਫਰ ਕੀ ਹੈ ਤੇ ਉਥੇ ਕੀ ਚਾਹੀਦੈ? ਸਾਰਿਆਂ ਨਾਲੋਂ ਮੂਰਖ ਤਾਂ ਤੂੰ ਹੋਇਆ ਤੇ ਆਹ ਖੂੰਡੀ ਫੜ।

ਗੁਰੂ ਮਹਾਰਾਜ ਦਸਦੇ ਨੇ ਕਿ ਪਿਆਰਿਓ! ਮੂਰਖ ਉਹ ਹੈ -

*ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥ ੨ ॥*
*ਅੰਗ- ੧੦੧੫*

ਜਿਹੜਾ ਨਾਮ ਦੀ ਮਹਿਮਾ ਨੂੰ ਨਹੀਂ ਜਾਣਦਾ, ਕਹਿੰਦੇ ਉਹ ਮੂਰਖਾਂ ਦਾ ਸਰਦਾਰ ਹੈ ਕਿਉਂਕਿ ਉਹਨੂੰ ਪਤਾ ਨਹੀਂ ਹੈ ਕਿ ਨਾਮ ਕੀ ਚੀਜ਼ ਹੁੰਦੀ ਹੈ, ਕਿੱਥੇ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਪਿਆਰੇ ਜੀ, ਜਿੱਥੇ ਨਾ ਕੋਈ ਮਾਤ ਪਿਤਾ।*
*ਉਥੇ ਨਾਮ ਨੇ ਸਹਾਇਤਾ ਕਰਨੀ।*
*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ- ੨੬੪*

ਅਜਾਮਲ ਨੂੰ ਆਖਰੀ ਸਵਾਸ ਆ ਰਿਹਾ ਸੀ, ਜਮਦੂਤ ਆ ਕੇ ਫੜ ਰਹੇ ਸੀ। ਮਹਾਂਪਾਪੀ ਸੀ, ਸਾਰੀ ਜ਼ਿੰਦਗੀ ਪਾਪ ਕਰਦਾ ਰਿਹਾ। ਜਦੋਂ ਜਮਦੂਤ ਦੇਖੇ, ਪੁੱਤਰ ਨੂੰ ਹਾਕ ਮਾਰ ਦਿਤੀ। ਪੁੱਤਰ ਦਾ ਨਾਉਂ ਸੀ ਨਰਾਇਣ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥*
*ਅੰਗ- ੯੮੧*

ਕਹਿੰਦੇ, ਜਿਸ ਵਕਤ ਨਰਾਇਣ ਕਹਿ ਦਿਤਾ ਪੁੱਤਰ ਨੂੰ, ਕਹਿੰਦੇ-ਕਹਿੰਦੇ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ ਉਹਦਾ। ਹੋਇਆ ਕੀ? ਕਹਿੰਦੇ, ਉਸੇ ਵੇਲੇ ਦੇਵਗਣ ਆ ਗਏ -

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*
*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।*
*ਭਾਈ ਗੁਰਦਾਸ ਜੀ, ਵਾਰ ੧੦/20*

ਇਕ ਵਾਰੀ ਵਾਹਿਗੁਰੂ ਕਹਿਣ ਦੇ ਨਾਲ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ। ਅਕਾਲ ਉਸਤਤਿ*

ਐਸੇ ਨਾਮ ਦੀ ਜਿਹੜਾ ਮਹਿਮਾ ਨੂੰ ਨਹੀਂ ਮੰਨਦਾ ਹੈ - ***'ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥'*** ਸੋ ਨਾਮ ਮਿਲਦਾ ਕਿੱਥੋਂ ਹੈ? ਮਹਾਰਾਜ ਕਹਿੰਦੇ, ਇਹੀ ਕਰਨ ਆਇਐਂ ਤੂੰ ਕੰਮ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ- ੨੮੩*

ਵਿਰਲੇ ਪੁਰਸ਼ ਨੇ ਜਿਹੜੇ ਨਾਮ ਦਾ ਵਪਾਰ ਕਰਦੇ ਨੇ। ਬਾਕੀ ਸੰਸਾਰ ਜਿਹੜਾ ਹੈ ਉਹ ਵਿਸ਼ੇ-ਵਿਕਾਰ ਦੇ ਵਿਚ ਗੁਲਤਾਨ ਹੋਇਆ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਝਗੜੇ-ਝਾਟੇ, ਵੈਰ-ਭਾਵ, ਨਸ਼ੇ ਇਨ੍ਹਾਂ ਦੇ ਵਪਾਰ ਵਿਚ ਗੁਲਤਾਨ ਹੋਇਆ ਪਿਆ ਹੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਿਹੜਾ ਹੈ, ਜਦੋਂ ਤੱਕ ਆਦਮੀ ਨੂੰ ਨਾਮ ਨਹੀਂ ਮਿਲਦਾ, ਮੰਤਰ ਨਹੀਂ ਮਿਲਦਾ, ਮਹਾਰਾਜ ਕਹਿੰਦੇ ਉਹਨੂੰ ਮਨੁੱਖ ਨਾ ਕਹੋ -

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*
*ਅੰਗ- ੧੩੫੬*

ਜਿਹਨੂੰ ਮੰਤਰ ਨਹੀਂ ਮਿਲਿਆ, ਕਹਿੰਦੇ ਉਹਦਾ ਧਿਰਕਾਰਯੋਗ ਜਨਮ ਹੈ। ਸੌ ਵਾਰੀ ਫਿੱਟੇ ਮੂੰਹ ਕਹੋ, ਇਕ ਵਾਰੀ ਧਿਰਕਾਰ ਕਹਿ ਦਿਓ ਤੇ ਭ੍ਰਿਸਟਿਆ ਹੋਇਆ ਜਨਮ ਹੈ, ਚਾਹੇ ਉਹ ਕਿੱਡਾ ਹੀ ਵੱਡਾ ਕਿਉਂ ਨਾ ਹੋਵੇ ਤੇ ਉਹਦੀ ਤੁਲਨਾ ਕਿਸਦੇ ਬਰਾਬਰ ਹੈ - 'ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥ ' ਉਹ ਕੁੱਤੇ, ਬਿੱਲੇ, ਸੂਰ, ਸੱਪਾਂ ਦੇ ਬਰਾਬਰ ਹੈ ਤੇ ਮਰਨ ਤੋਂ ਬਾਅਦ ਇਨ੍ਹਾਂ ਜੂਨੀਆਂ 'ਚ ਉਹਨੂੰ ਜਾਣਾ ਪਿਆ ਕਰਦੈ ਕਿਉਂਕਿ ਉਹ ਅਸਲੀ ਚੀਜ਼ ਲੈ ਨਾ ਸਕਿਆ। ਦਰਗਾਹ ਵਿਚ ਨਹੀਂ ਉਹਨੂੰ ਥਾਂ ਮਿਲਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਮਾਲਵੇ ਵਿਚ ਗਏ ਹੋਏ ਨੇ। ਉਸ ਥਾਂ ਦਾ ਜੋ ਸਰਦਾਰ ਸੀ ਡੱਲਾ, ਸਾਬੋ ਦੀ ਤਲਵੰਡੀ ਵਾਲਾ, ਉਹ ਬਹੁਤ ਸੇਵਾ ਕਰ ਰਿਹਾ ਸੀ ਤੇ ਮਹਾਰਾਜ ਬੜੇ ਪ੍ਰਸੰਨ ਸੀ ਉਸ ਉਪਰ। ਇਕ ਦਿਨ ਸਾਰੀ

ਰਾਤ ਪਹਿਰਾ ਦੇਈ ਗਿਆ। ਮਹਾਰਾਜ ਜੀ ਜਦੋਂ ਆਵਾਜ਼ ਦੇਣ, ਕੌਣ ਹੈ ਭਾਈ ਪਹਿਰੇ 'ਤੇ? ਤਾਂ ਕਹੇ, ਮੈਂ ਡੱਲਾ।

ਕੌਣ ਹੈ ਭਾਈ ਪਹਿਰੇ 'ਤੇ?

ਜੀ, ਡੱਲਾ।

ਮਹਾਰਾਜ ਪ੍ਰਸੰਨ ਹੋ ਗਏ, ਅੰਮ੍ਰਿਤ ਵੇਲੇ ਕਹਿਣ ਲੱਗੇ, ਡੱਲਿਆ, ਅੱਜ ਤੂੰ ਸੇਵਾ ਕਰਕੇ ਸਾਡਾ ਮਨ ਪ੍ਰਸੰਨ ਕਰ ਲਿਆ। ਮੰਗ ਕੀ ਮੰਗਦੈਂ, ਤੈਨੂੰ ਦੁਨੀਆਂ ਦੀ ਜਿਹੜੀ ਚੀਜ਼ ਦੀ ਲੋੜ ਹੈ ਦਿਵਾ ਦੇਈਏ। ਪ੍ਰਸੰਨ ਹੋਇਆ ਦੇਖ ਕੇ ਗੁਰੂ ਮਹਾਰਾਜ ਨੂੰ, ਹੱਥ ਬੰਨ੍ਹ ਕੇ ਖੜ੍ਹ ਗਿਆ। ਚਰਨਾਂ 'ਤੇ ਨਿਵਿਆ, ਗਲ 'ਚ ਪੱਲਾ ਪਾ ਕੇ ਕਹਿਣ ਲੱਗਿਆ, ਪਾਤਸ਼ਾਹ! ਜੇ ਤੁਸੀਂ ਪ੍ਰਸੰਨ ਹੋਂ ਤਾਂ ਮੈਨੂੰ ਆਪਣੀ ਦਰਗਾਹ ਵਿਚ ਇਕ ਪੀੜ੍ਹੀ ਜੋਗਾ ਥਾਂ ਦੇ ਦਿਓ। ਮੈਂ ਤੁਹਾਡੇ ਨਾਲ ਰਹਿਣਾ ਚਾਹੁੰਦਾ ਹਾਂ। ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਕਹਿੰਦੇ, ਡੱਲਿਆ! ਦੁਨੀਆਂ ਮੰਗ, ਤੈਨੂੰ ਰਾਜ ਦਿਵਾ ਦਿੰਦੇ ਹਾਂ। ਰਿੱਧੀਆ-ਸਿੱਧੀਆਂ, ਤੇਰੇ ਘਰ ਭੰਡਾਰਿਆਂ ਨਾਲ ਭਰ ਦਿੰਦੇ ਹਾਂ। ਬਾਲ-ਬੱਚੇ, ਮੱਝਾਂ, ਗਾਈਆਂ, ਹੋਰ ਜਮੀਨ ਜਾਇਦਾਦ, ਹੋਰ ਜੋ ਤੂੰ ਕਹੇਂ ਤੈਨੂੰ ਦੇ ਦਿੰਦੇ ਹਾਂ। ਪਿਆਰਿਆ ਦਰਗਾਹ ਦਾ ਥਾਂ ਇਸ ਤਰ੍ਹਾਂ ਨਹੀਂ ਮਿਲਿਆ ਕਰਦਾ। ਤੇਰੀ ਤੇ ਸਾਡੀ ਸਾਂਝ ਨਹੀਂ ਅਜੇ ਕੋਈ ਪਈ। ਤੂੰ ਅਜੇ ਸਾਡੇ ਤੋਂ ਦੂਰ ਹੈਂ। ਅਜੇ ਤੂੰ ਗੁਰਸਿੱਖੀ ਨਹੀਂ ਧਾਰਨ ਕਰੀ। ਕਹਿੰਦੇ, ਜਾਹ ਕਿਸੇ ਗੁਰਸਿੱਖ ਨੂੰ ਪੁੱਛ ਲੈ। ਤੈਨੂੰ ਸਾਰੀ ਗੱਲ ਸਮਝਾ ਦੇਣਗੇ।

ਚਿਹਰਾ ਉਤਰ ਗਿਆ। ਮਹਾਰਾਜ ਕਹਿੰਦੇ, ਦੁਨੀਆਂ ਮੰਗ। ਪ੍ਰਸੰਨਤਾ ਸਾਰੀ ਕਾਇਮ ਹੈ, ਪਰ ਦੁਨੀਆਂ ਵਾਸਤੇ ਹੈ, ਦਰਗਾਹ ਵਾਸਤੇ ਤਾਂ ਹੈ ਨਹੀਂ, ਦਰਗਾਹ ਵਿਚ ਤਾਂ ਤੂੰ ਜਾ ਨਹੀਂ ਸਕਦਾ।

ਆ ਗਿਆ ਗੁਰਸਿੱਖ ਕੋਲ। ਗੁਰਸਿੱਖ ਕਹਿਣ ਲੱਗਿਆ, ਭਾਈ ਡੱਲੇ! ਕੀ ਗੱਲ, ਤੂੰ ਅੱਜ ਉਦਾਸ ਨਜ਼ਰ ਆਉਂਦੈ। ਕਹਿੰਦਾ, ਸੇਵਾ ਕਰਕੇ ਗੁਰੂ ਪ੍ਰਸੰਨ ਕਰੇ ਸੀ। ਪਰ ਕੋਈ ਮਤਲਬ ਨਾ ਨਿਕਲਿਆ। ਉਨ੍ਹਾਂ ਨੇ ਕਿਹਾ, ਮੰਗ ਜੋ ਕੁਛ ਮੰਗਦੈਂ।

ਕਹਿੰਦਾ, ਮੈਂ ਮੰਗ ਲਿਆ ਕਿ ਸੱਚੇ ਪਾਤਸ਼ਾਹ! ਆਪਣੇ ਚਰਨਾਂ 'ਚ ਨਿਵਾਸ ਦੇ-ਦੇ, ਮੈਂ ਤੁਹਾਡੇ ਨਾਲ ਹੀ ਰਹਾਂ ਤੇ ਤੁਹਾਡੀ ਦਰਗਾਹ ਦੇ ਵਿਚ ਬਹੁਤਾ ਥਾਂ ਨਹੀਂ ਮੰਗਦਾ, ਸਿਰਫ ਪੀੜ੍ਹੀ ਜੋਗਾ ਥਾਂ ਦੇ ਦੇਣਾ।

ਕਹਿੰਦੇ, ਡੱਲਿਆ, ਉਹ ਕਿਵੇਂ ਮਿਲ ਜੂ? ਜਦੋਂ ਤੱਕ ਤੂੰ ਸਿੱਖੀ ਨਹੀਂ ਧਾਰਨ ਕਰਦਾ, ਤੇਰਾ ਗੁਰੂ ਨਾਲ ਸੰਪਰਕ ਹੀ ਨਹੀਂ ਹੁੰਦਾ। ਕਹਿਣ ਲੱਗਿਆ, ਸਿੱਖ ਤਾਂ ਮੈਂ ਹੈਗਾ, ਮੈਂ ਸੇਵਾ ਕਰਦਾ ਹਾਂ, ਸਿੱਖ ਨਹੀਂ ਹਾਂ?

ਕਹਿੰਦੇ, ਨਹੀਂ ਅਜੇ ਤੈਨੂੰ ਸਿੱਖੀ ਦੀ ਸਮਝ ਨਹੀਂ ਆਈ। ਨਾ ਤੈਨੂੰ ਸਿੱਖੀ ਪ੍ਰਾਪਤ ਹੋਈ ਹੈ। ਦੇਖ ਜੇ ਤੂੰ ਗੁਰੂ ਦੇ ਨਾਲ ਮਿਲਣੈ, ਗੁਰੂ ਦੀ ਦਰਗਾਹ 'ਚ ਰਹਿਣੈ, ਤਾਂ ਮੇਰੀ ਗੱਲ ਧਿਆਨ ਦੇ ਨਾਲ ਤੂੰ ਹਿਰਦੇ 'ਚ ਵਸਾ ਲੈ-

*ਧਾਰਨਾ - ਜੇ ਮਿਲਣੈ ਕਲਗੀਆਂ ਵਾਲੇ ਨੂੰ,*
*ਖੰਡੇ ਦਾ ਅੰਮ੍ਰਿਤ ਛਕ ਲੈ।*

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ ਦੂਜਾ, ਵਾਰ ੪੧/੧*

ਡੱਲਿਆ! ਸਿੱਖੀ ਦੀ ਜੋ ਰੀਤ ਹੈ, ਨੌਂ ਪਾਤਸ਼ਾਹੀਆਂ ਤਾਈਂ ਚਰਨਾਮ੍ਰਿਤ ਦਿਆ ਕਰਦੇ ਸੀ ਲੇਕਿਨ ਗੁਰੂ ਮਹਾਰਾਜ ਨੇ ਸੰਤ ਨੂੰ ਸਿਪਾਹੀ ਨਾਲ ਬਣਾ ਦਿਤਾ। ਦੁਨੀਆਂ ਦੀ ਰਾਖੀ ਕਰਨ ਵਾਲਾ, ਦੁਨੀਆਂ ਨਾਲ ਇਨਸਾਫ ਕਰਨ ਵਾਲਾ, ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰਨ ਵਾਲਾ, ਆਪਾ ਤਿਆਗ ਕਰਨ ਵਾਲਾ ਪਿਆਰਿਆ, ਉਹ ਖੰਡੇ ਦੀ ਪਾਹੁਲ ਦੇ ਦਿਤੀ ਇਨ੍ਹਾਂ ਨੂੰ। ਮੰਤਰਿਆ ਹੋਇਆ ਜਲ ਇਹਦੇ ਅੰਦਰ ਪ੍ਰਵੇਸ਼ ਕਰ ਦਿਤਾ। ਜਿੰਨੀ ਦੇਰ ਤੱਕ ਪਾਹੁਲ ਨਹੀਂ ਤੂੰ ਪੀਂਦਾ, ਓਨੀਂ ਦੇਰ ਤੱਕ ਤੈਨੂੰ ਮੰਤਰ ਨਹੀਂ ਮਿਲਦਾ। ਜਦੋਂ ਤੱਕ ਤੂੰ ਗੁਰੂ ਤੋਂ ਮੰਤਰ ਨਹੀਂ ਲੈਂਦਾ ਤੇਰਾ ਗੁਰੂ ਨਾਲ ਸਬੰਧ ਨਹੀਂ ਜੁੜਦਾ। ਗੁਰੂ ਨਾਲ ਤਾਂ ਸਬੰਧ ਤਾਂ ਜੁੜਦੈ, ਜੇ ਉਹਦਾ ਮੰਤਰ ਲੈ ਲਵੇ। ਸੋ ਇਸ ਕਰਕੇ ਤੈਨੂੰ ਅੰਮ੍ਰਿਤ ਛਕਣਾ ਪੈਣੈ, ਫੇਰ ਚਾਹੇ ਪੀੜੀ ਜੋਗਾ ਥਾਂ ਕਿਉਂ ਮੁਰੱਬੇ ਰੋਕ ਲਈਂ। ਗੁਰੂ ਦੀ ਦਰਗਾਹ ਛੋਟੀ ਨਹੀਂ ਹੈ, ਬੇਅੰਤ ਵੱਡੀ ਦਰਗਾਹ ਹੈ, ਉਥੇ ਬੇਅੰਤ ਦੁਨੀਆਂ ਨੇ ਸਮਾਉਣੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਿਹੜਾ ਹੈ - ***'ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥'*** ਨਾਮ ਤਾਂ ਮੰਤਰ ਜਪ-ਜਪ ਕੇ, ਅੰਦਰ ਪ੍ਰਗਟ ਹੋਣੈ। ਹੈਗਾ ਅੰਦਰ ਹੀ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਸੋ ਨਾਮ ਦੇ ਮੰਡਲ 'ਚ ਜਦੋਂ ਤੱਕ ਸਾਡੀ ਸੁਰਤ ਨਹੀਂ ਪਹੁੰਚਦੀ। ਅਸੀਂ ਕੁਛ ਵੀ ਨਹੀਂ ਹੈਗੇ, ਸਰੀਰ ਸਾਨੂੰ ਦਿਤਾ। ਕਿਹੋ ਜਿਹਾ? ਮੈਂ ਬੇਨਤੀ ਕਰਦਾ ਸੀ - ***'ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥'*** ਜਿਹੜਾ ਸ਼ਬਦ ਪੰਜ ਪਿਆਰਿਆਂ ਤੋਂ ਲਿਆ ਹੈ ਇਹ ਘਰ ਵਾਸਤੇ ਨਹੀਂ ਹੁੰਦਾ, ਇਹ ਜਾਪ ਕਰਨ ਵਾਸਤੇ ਹੁੰਦੈ। ਇਹਨੂੰ ਜਪੋ, ਸੰਤਾਂ ਨਾਲ ਮਿਲ ਕੇ ਜਪੋ। ਸੰਤਾਂ ਕੋਲ ਜੁਗਤੀ ਹੁੰਦੀ ਹੈ, ਸੁਖਾਲੇ ਰਸਤੇ ਹੁੰਦੇ ਨੇ। ਉਹ ਸੁਖਾਲਾ ਜਪਾ ਦਿੰਦੇ ਨੇ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*

*ਅੰਗ- ੧੩੭੩*

ਸੰਤਾਂ ਦੀ ਡਿਊਟੀ ਲੱਗੀ ਹੋਈ ਹੈ, ਪਦਵੀ ਕਿੱਡੀ ਹੈ–

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਉਹ ਗੁਰਸਿੱਖ ਦੀ ਗੁਰੂ ਨਾਨਕ ਕਹਿੰਦੇ ਮੈਂ ਧੂੜੀ ਮੰਗਦਾ, ਜਿਹੜਾ ਨਾਮ ਆਪ ਜਪਦੈ ਤੇ ਸੰਸਾਰ ਨੂੰ ਜਪਾਉਂਦੈ। ਪਿਆਰਿਓ! ਕਹਿੰਦੇ, ਨਾਮ ਦੀ ਦਾਤ ਤੁਹਾਨੂੰ ਪ੍ਰਾਪਤ ਹੋਏਗੀ, ਤੁਹਾਡੇ ਅੰਦਰ ਨਾਮ ਹੈ। ਇਸ ਬਜਰ ਕਪਾਟ ਖੋਲ੍ਹਣੇ ਨੇ – ***'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ '*** ਜਦੋਂ ਚਾਬੀ ਲਗ ਗਈ, ਫੇਰ ਕੀ ਦਿਸਦੈ? ਕਹਿੰਦੇ – ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ '*** ਇਹ ਵਾਜੇ ਐਵੇਂ ਨਹੀਂ ਗੱਲਾਂ। ਜਦੋਂ ਆਤਮਕ ਸੰਗੀਤ ਦੀਆਂ ਧੁਨਾਂ ਆਦਮੀ ਦੇ ਅੰਦਰ ਸੁਤੇ ਸਿਧ ਹੋ ਰਹੀਆਂ ਨੇ। ਬਿਰਤੀ ਸੂਖਸ਼ਮ ਹੋ ਜਾਂਦੀ ਹੈ, ਵਿਰਲੇ-ਵਿਰਲੇ ਨੇ ਜਿਹੜੇ ਸੁਣਦੇ ਨੇ। ਉਥੇ ਸੁਣਦਾ ਕੀ ਹੈ? ਸ਼ਬਦ ਦੀ ਧੁਨ ਸੁਣਦੀ ਹੈ। ਨਾਲ ਇਹੀ ਨਹੀਂ, ਅੰਧਕਾਰ ਦੂਰ ਹੋ ਜਾਂਦੈ, ਪ੍ਰਕਾਸ਼ ਹੋ ਜਾਂਦੈ।

*ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥*
*ਅੰਗ- ੭੦੦*

ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਗਿਆਨ ਦਾ ਹੋ ਜਾਂਦੈ। ਫੇਰ ਦਿਸਦਾ ਕੀ ਹੈ – 'ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥' ਪ੍ਰਕਾਸ਼ ਹੋ ਗਿਆ। ਫੇਰ ਅੱਗੇ ਹੁਣ ਅੱਗੇ ਵਾਹਿਗੁਰੂ ਰਹਿ ਗਿਆ। ਹੁਣ ਭਗਤੀ ਕਰ, ਇਹਦੇ ਨਾਲ ਮਿਲ ਜਾਏਗਾ। ਫੇਰ ਦੇਖੇਂਗਾ ਕੀ? – ***'ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥'*** ਸਾਰੇ ਸਰੀਰਾਂ ਦੇ ਵਿਚ ਇਕੋ ਹੀ ਵਾਹਿਗੁਰੂ ਵਰਤ ਰਿਹੈ। ***'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ '***

ਸੋ ਮੈਂ ਬੇਨਤੀ ਕਰਦਾ ਸੀ ਕਿ ਇਸ ਘਰ ਨੂੰ ਦਿਖਾਉਣ ਵਾਲਾ ਗੁਰੂ ਹੁੰਦੈ। ਦਸਵੇਂ ਦੁਆਰ 'ਚ, ਅਫੁਰ ਅਵਸਥਾ ਦੇ ਵਿਚ ਬਿਰਤੀ ਲਿਜਾ ਕੇ ਤੂੰ ਇਹ ਰਾਗ ਸੁਣ। ਜਿਸ ਵਕਤ ਅੰਦਰ ਵਿਵੇਕ ਮੰਡਲ 'ਚ ਤੇਰੀ ਬਿਰਤੀ ਜਾਏਗੀ, ਤੈਨੂੰ ਪਤਾ ਲਗ ਜਾਏਗਾ ਕਿ ਵਾਹਿਗੁਰੂ ਕੀ ਹੈ। ਨਹੀਂ ਤਾਂ ਨਹੀਂ ਲਗਦਾ ਪਤਾ, ਪੜ੍ਹ ਲੈ ਜਿੰਨੀਆਂ ਕਿਤਾਬਾਂ ਪੜ੍ਹਨੀਆਂ ਨੇ। ਸਾਧਨਾ ਬਿਨਾਂ ਨਹੀਂ ਪ੍ਰਕਾਸ਼ ਹੋਣਾ ਅੰਦਰ। ਜਦੋਂ ਪ੍ਰਕਾਸ਼ ਹੋ ਗਿਆ ਮਨ ਦਾ ਨਾਸ਼ ਹੋ ਜਾਣੈ, ਵਾਸ਼ਨਾ ਖ੍ਰੈ, ਤੱਤ ਗਿਆਨ ਪ੍ਰਗਟ ਹੋ ਜਾਣੈ। ਫੇਰ ਹੋਏਗਾ ਕੀ? ਕਹਿੰਦੇ, ਜਿਹੜਾ ਦੌੜਿਆ ਫਿਰਦਾ ਸੀ ਛਾਲਾਂ ਮਾਰਦਾ ਮਨ, ਹੁਣ ਨਹੀਂ ਜਾਂਦਾ ਕਿਤੇ, ਉਸ ਅੰਮ੍ਰਿਤ ਦੇ ਵਿਚ ਮਸਤ ਹੋ ਗਿਆ। ਕਮਲ ਪੁੱਠਾ ਹੋਇਆ-ਹੋਇਆ ਸਿੱਧਾ ਹੋ ਗਿਆ। ਇਹਦੇ 'ਚ ਅੰਮ੍ਰਿਤ ਨਾਲ ਭਰ ਗਿਆ। ਹੁਣ ਸੁੱਖ ਹੀ ਸੁੱਖ ਹੈ, ਦੁਖ ਨਹੀਂ ਹੈ। ਮਹਾਨ ਸੁੱਖ ਦੇ ਵਿਚ ਆ ਗਿਆ।

ਭਾਈ ਮਤੀ ਦਾਸ ਜੀ ਨੂੰ ਜਿਸ ਵੇਲੇ ਚੀਰਨ ਲੱਗੇ, ਜਲਾਦ ਨੇ ਆਰਾ ਧਰਿਆ, ਬੰਨ੍ਹ ਦਿਤਾ ਲੱਕੜੀਆਂ ਦੇ ਵਿਚ। ਹੈਰਾਨ ਹੋ ਗਿਆ ਕਿ ਇਹਦਾ ਤਾਂ ਚਿਹਰਾ ਲਾਲ ਹੋ ਗਿਆ। ਲਾਲੀ ਭਾਅ ਮਾਰਨ ਲੱਗ ਗਈ, ਵਿਚੋਂ ਚਮਕ ਨਿਕਲਦੀ ਹੈ ਚਿਹਰੇ 'ਚੋਂ। ਨਾਲ ਨੇਤਰਾਂ ਵਲ ਝਾਕਿਆ, ਨੇਤਰਾਂ ਦੇ ਵਿਚ ਚਮਕ ਹੈ। ਰੁੱਕ ਗਿਆ ਆਰਾ ਚਲਾਉਣ ਤੋਂ, ਕਹਿਣ ਲੱਗਿਆ, ਮਤੀ ਦਾਸ! ਇਕ ਗੱਲ ਤਾਂ ਦਸ ਦੇ, ਬੰਦੇ ਬੜੇ ਚੀਰੇ ਨੇ ਪਰ ਮਰੇ ਹੋਏ ਚੀਰੇ ਨੇ, ਜਿਉਂਦਾ ਨਹੀਂ ਚੀਰਿਆ ਕੋਈ। ਪਹਿਲਾਂ ਹੀ ਮਰ ਜਾਂਦੇ ਸੀ। ਪਰ ਸਾਡਾ ਇਕ ਜਿਉਂਦੇ ਬੰਦੇ ਨਾਲ ਹੀ ਵਾਹ ਨਹੀਂ ਪਿਆ, ਕੋਈ ਅਲੌਕਿਕ ਬੰਦਾ ਹੈ। ਇਹ ਤਾਂ ਦੱਸ ਤੇਰੇ ਚਿਹਰੇ ਤੇ ਕਿਉਂ ਲਾਲੀ ਆ ਗਈ? ਮੌਤ ਨੂੰ ਦੇਖ ਕੇ ਤਾਂ ਵੱਡੇ-ਵੱਡੇ ਸੂਰਮੇ ਪੀਲੇ ਪੈ ਜਾਂਦੇ ਨੇ। ਦੂਸਰਾ ਤੇਰੇ ਨੇਤਰਾਂ 'ਚ ਚਮਕ ਕਿਉਂ ਆ ਗਈ? ਇਸ ਤਰ੍ਹਾਂ ਲਗਦੈ ਜਿਵੇਂ ਕੋਈ ਬੜਾ ਭਾਰਾ ਨਸ਼ਾ ਕੀਤਾ ਹੁੰਦੈ?

ਕਹਿਣ ਲੱਗੇ, ਜਲਾਦ! ਤੂੰ ਕੀ ਲੈਣੈ, ਇਹ ਗੱਲਾਂ ਨਾ ਤਾਂ ਤੇਰੇ ਸਮਝ 'ਚ ਆਉਣ ਵਾਲੀਆਂ ਨੇ। ਇਸ ਲਈ ਤੂੰ ਆਪਣਾ ਕੰਮ ਕਰ।

ਕਹਿੰਦਾ, ਮੈਨੂੰ ਸੇਵਾ ਦੱਸ।

ਕਹਿੰਦੇ, ਤੈਨੂੰ ਸੇਵਾ ਦਸ ਦਿੰਦਾਂ। ਮੇਰਾ ਜਿਹੜਾ ਮੂੰਹ ਹੈ ਇਹ ਮੇਰੇ ਗੁਰੂ ਵਲ ਕਰ ਦਿਓ। ਤੇਰਾ ਚੱਲੇ ਆਰਾ ਤੇ ਮੈਂ ਗੁਰੂ ਦਾ ਚਿਹਰਾ, ਗੁਰੂ ਦਾ ਵਜੂਦ ਆਪਣੇ ਹਿਰਦੇ 'ਚ ਵਸਾਵਾਂ। ਹੁਣ ਮੈਂ ਤੈਨੂੰ ਦਸ ਦਿੰਦਾਂ। ਕਹਿੰਦੇ, ਪਿਆਰਿਆ! ਸਾਡੇ ਅੰਦਰ ਨਾਮ ਦਾ ਪ੍ਰਕਾਸ਼ ਹੈ। ਅਸੀਂ ਕਿਸੇ ਦਾ ਬੁਰਾ ਨਹੀਂ ਮੰਗਦੇ, ਕਿਸੇ ਨਾਲ ਸਾਡੀ ਈਰਖਾ ਨਹੀਂ। ਤੂੰ ਆਰਾ ਚਲਾਉਣ ਲੱਗਿਐਂ, ਚਾਹਾਂ ਤਾਂ ਮੈਂ ਤੈਨੂੰ ਵੀ ਤੇ ਤੇਰੇ ਬਾਦਸ਼ਾਹ ਨੂੰ ਵੀ ਗਰਕ ਕਰ ਦੇਵਾਂ। ਪਰ ਅਸੀਂ ਸਭ ਦਾ ਭਲਾ ਮਨਾਉਂਦੇ ਹਾਂ।

*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ*
*ਤਿਸ ਦਾ ਬੁਰਾ ਕਿਉ ਹੋਇ ॥ ਅੰਗ – ੩੦੨*

ਕਹਿੰਦੇ, ਸਾਡੇ ਅੰਦਰ ਜਿਹੜਾ ਕੌਲ ਫੁੱਲ ਹੈ ਉਹ ਸਿੱਧਾ ਹੋ ਗਿਆ, ਉਹਦੇ 'ਚ ਅੰਮ੍ਰਿਤ ਲਬਾਲਬ ਭਰਿਆ ਪਿਐ, ਹੁਣ ਸਾਨੂੰ ਦੁੱਖ ਲਗਦਾ ਹੀ ਨਹੀਂ ਕਿਸੇ ਚੀਜ਼ ਦਾ। ਉਦਾਸੀ ਲਗਦੀ ਹੀ ਨਹੀਂ, ਕੋਈ ਜੰਮ ਪਵੇ, ਕੋਈ ਮਰ ਜਾਏ, ਸਾਡਾ ਚਿੱਤ ਉਦਾਸ ਹੁੰਦਾ ਹੀ ਨਹੀਂ ਕਿਉਂਕਿ ਅੰਮ੍ਰਿਤ ਐਨਾ ਹੋ ਗਿਆ ਅੰਦਰ, ਉਹਦੀਆਂ ਲਹਿਰਾਂ ਐਨੀਆ ਜ਼ਬਰਦਸਤ ਅੰਦਰ ਚਲਦੀਆਂ ਨੇ, ਖੇੜਾ ਹੀ ਖੇੜਾ ਹੈ ਸਾਡੇ ਅੰਦਰ। ***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥ ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥'***

'ਸੋ ਮਹਾਰਾਜ ਕਹਿੰਦੇ ਹੁਣ ਨਹੀਂ ਮਨ ਜਾਂਦਾ ਕਿਤੇ। ਹੁਣ ਵਾਹਿਗੁਰੂ ਨੂੰ ਵਾਹਿਗੁਰੂ-ਵਾਹਿਗੁਰੂ ਕਹਿਣ ਦੀ ਲੋੜ ਨਹੀਂ ਹੈ। ਆਪੇ ਹੀ ਵਾਹਿਗੁਰੂ-ਵਾਹਿਗੁਰੂ ਧੁਨ ਸੁਣਦੀ ਹੈ, ਸਾਰੇ ਸੰਸਾਰ 'ਚੋਂ ਸੁਣਦੀ ਹੈ। ਉਸ ਤੋਂ ਬਗੈਰ ਕੋਈ ਆਵਾਜ਼ ਨਹੀਂ ਸੁਣਦੀ। ਜਿੱਧਰ ਵੀ ਦੇਖਦੇ ਹਾਂ –

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ- ੧੪੨੦*

ਤੇ ਸਾਰੇ ਨਾਮ ਦੀ ਧੁਨ ਸੁਣਦੀ ਹੈ –

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ- ੧੨੬੫*

ਕਹਿੰਦੇ ਹੁਣ ਅਜਪਾ ਜਾਪ ਚੱਲ ਪਿਆ - ***'ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥'*** ਹੁਣ ਸਾਰੀਆਂ ਸਹੀਆਂ ਇਕੱਠੀਆਂ ਹੋ ਗਈਆਂ। ਮਨ ਠਾਕਿਆ ਗਿਆ, ਅੱਖਾਂ ਠਾਕੀਆਂ ਗਈਆਂ, ਕੰਨ ਠਾਕੇ ਗਏ, ਹੁਣ ਸਾਡਾ ਨਿਜ ਘਰ ਦੇ ਵਿਚ ਵਾਸਾ ਹੋ ਗਿਆ। ਮਹਾਰਾਜ ਕਹਿੰਦੇ, ਪਿਆਰਿਓ! ਜਿਹੜਾ ਇਥੇ ਪਹੁੰਚ ਗਿਆ ਨਾ -***'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥'*** ਹੁਣ ਮੈਂ ਉਹਦਾ ਦਾਸ ਬਣਨ ਨੂੰ ਤਿਆਰ ਹਾਂ ਜਿਹੜਾ ਇਸ ਘਰ 'ਚ ਪਹੁੰਚ ਗਿਆ। ਸੋ ਆਹ ਸਰੀਰ ਦੀ ਮੈਂ ਬਾਤ ਕਰਦਾ ਸੀ, ਇਹ ਐਵੇਂ ਨਹੀਂ ਸਾਧਸੰਗਤ ਜੀ! ਇਹਦੇ ਵਿਚ ਵਾਹਿਗੁਰੂ ਰਹਿੰਦੈ - '***ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥ 1 ॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥ 2 ॥ ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥'*** ਇਹ ਜਿਹੜੇ ਦੇਵਤਿਆਂ ਦੀ ਗੱਲ ਤੁਹਾਨੂੰ ਮੈਂ ਪਹਿਲਾਂ ਸੁਣਾਈ ਸੀ, ਉਨ੍ਹਾਂ ਨੂੰ ਇਹ ਦੇਹ ਨਹੀਂ ਪ੍ਰਾਪਤ ਹੁੰਦੀ। ਉਨ੍ਹਾਂ ਦੇ ਅੰਦਰ ਆਹ ਬਣਤਰ ਹੈ ਹੀ ਨਹੀਂ। ਆਹ ਮਨੁੱਖ ਦੇ ਅੰਦਰ ਹੈ, ਵਾਹਿਗੁਰੂ ਮਨੁੱਖ ਦੇ ਅੰਦਰ, ਅੰਮ੍ਰਿਤ ਮਨੁੱਖ ਦੇ ਅੰਦਰ, ਫੇਰ ਇਹ ਦੇਹੀ ਉਤਮ ਹੋਈ ਕਿ ਨਾ ਹੋਈ। ਦੇਵਤਿਆਂ ਦੀ ਦੇਹੀ ਇਹਦੇ ਮੁਕਾਬਲੇ 'ਤੇ ਕੀ ਹੈ, ਇਸ ਕਰਕੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ!*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥*
*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ਅੰਗ- ੧੧੫੯*

ਐਨਾ ਸੁਖ ਦੇਵਤਿਆਂ ਨੇ, ਜਿਹੜਾ ਗਿਣਿਆ ਹੀ ਨਹੀਂ ਜਾ ਸਕਦਾ। ਖਰਬ ਨੂੰ ਖਰਬ ਨਾਲ ਗੁਣਾਂ ਕਰੀਏ ਤਾਂ ਬਾਦਸ਼ਾਹ ਦੇ ਨਾਲੋਂ ਸੁੱਖ ਬੈਕੁੰਠ ਧਾਮ 'ਚ ਹੋਇਆ ਕਰਦੈ। ਲੇਕਿਨ ਉਹ ਲੋਚਦੇ ਕਿਉਂ ਨੇ ਕਿਉਂਕਿ ਉਨ੍ਹਾਂ ਨੂੰ ਵਾਹਿਗੁਰੂ ਦਾ ਦਰਸ਼ਨ ਨਹੀਂ ਹੁੰਦਾ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਅੰਗ- ੭*

ਬ੍ਰਹਮਾ ਜੀ ਪੈਦਾ ਕਰਦੇ ਨੇ, ਸ਼ਿਵ ਜੀ ਲੈਅ ਕਰਦੇ ਨੇ, ਵਿਸ਼ਨੂੰ ਜੀ ਪਾਲਦੇ ਨੇ।

*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ- ੭*

ਵਾਹਿਗੁਰੂ ਤਾਂ ਉਨ੍ਹਾਂ ਨੂੰ ਦੇਖਦੈ, ਪਰ ਵਾਹਿਗੁਰੂ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ। ਮਨੁੱਖ ਨੂੰ ਆ ਜਾਂਦੈ, ਮਨੁੱਖ ਦੇ ਜਦੋਂ ਨੇਤਰ ਖੁਲ੍ਹਦੇ ਨੇ ਉਸ ਵੇਲੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਰਹਿੰਦਾ ਹੀ ਨਹੀਂ, ਸਾਰੇ ਹੀ ਵਾਹਿਗੁਰੂ ਬਣ ਜਾਂਦੈ। ਜਿਧਰ ਦੇਖਦੈ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਅੰਗ- ੪੦੭*

ਇਹ ਅੱਖ ਤਾਂ ਦੇਵਤਿਆਂ ਕੋਲ ਨਹੀਂ ਪਿਆਰਿਓ। ਐਨਾ ਵਧੀਆ ਸਰੀਰ ਹੈ ਇਹਨੂੰ ਭੰਗ ਦੇ ਭਾਣੇ ਨਾ ਗੁਆਓ। ਨਿਗੁਰੇਪੁਣ 'ਚ ਗੁਆਓ। ਗੁਰੂ ਵਾਲੇ ਬਣੋ, ਜੇ ਭਲਾ ਨਹੀਂ ਵੀ ਪੂਰੇ ਹੋਵਾਂਗੇ। ਜਨਮ ਫੇਰ ਮਨੁੱਖ ਦਾ ਮਿਲ ਜਾਏਗਾ। ਫੇਰ ਨਹੀਂ ਹੋਵਾਂਗੇ, ਫੇਰ ਮਿਲ ਜਾਏਗਾ। ਗੁਰੂ ਜਾਣ ਨਹੀਂ ਦਿੰਦਾ -

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥*
*ਅੰਗ- ੬੪੯*

43 ਲੱਖ ਵੀਹ ਹਜ਼ਾਰ ਸਾਲ ਗਰੰਟੀ ਹੋ ਜਾਂਦੀ ਹੈ ਜੇ ਗੁਰੂ ਦਾ ਬਣ ਕੇ ਰਹੇ। ਸੋ ਐਸੀ ਬਖਸ਼ਿਸ਼ਾਂ ਸਾਨੂੰ ਕਲਜੁਗ ਦੇ ਅੰਦਰ ਹੋਈਆਂ-ਹੋਈਆਂ ਨੇ ਤੇ ਐਨੀ ਰਿਆਇਤ ਮਿਲੀ ਹੋਈ ਹੈ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ। ਅਕਾਲ ਉਸਤਤਿ***

ਇਕ 'ਵਾਹਿਗੁਰੂ' ਬੋਲ ਕੇ ਸਾਰੇ ਪਾਪ ਕੱਟੇ ਜਾਣ ਫੇਰ ਤਾਂ ਅਸੀਂ ਮੰਦਭਾਗੇ ਹੀ ਹਾਂ ਜੇ ਇਸ ਰਸਤੇ ਨਹੀਂ ਆਉਂਦੇ। ਜੇ ਕਹੇ ਕਿ ਮੈਂ ਆਪੇ ਹੀ ਵਾਹਿਗੁਰੂ ਕਹਿ ਲਊਂ। ਆਪੇ ਹੀ ਨਹੀਂ ਕਹਿ ਹੁੰਦਾ ਕਿਸੇ ਤੋਂ ਵੀ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ - ੪੯੧*

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਜੋ ਵਿਚਾਰਾਂ ਕੀਤੀਆਂ ਨੇ ਇਹਨੂੰ ਹਿਰਦੇ 'ਚ ਧਾਰਨ ਕਰੋ। ਵਿਚਾਰੋ, ਵਿਚਾਰ ਕੇ ਦੇਖੋ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

# ਆਤਮ ਗਿਆਨ

*ਪ੍ਰਵਚਨ - ਸੰਤ ਬਾਬਾ ਵਰਿਆਮ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

***(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-25)***

## 3. ਫਰੀਦਾ ਬੁਰੇ ਦਾ ਭਲਾ ਕਰਿ

ਕਲਜੁਗ ਦੇ ਸਮੇਂ ਦੇ ਅੰਦਰ ਮਨੁੱਖ ਭੁੱਲ ਭੁਲਾਈਆਂ ਵਿਚ ਪਿਆ ਹੋਇਆ ਜੀਵਨ ਗੁਜ਼ਾਰਦਾ ਚਲਿਆ ਜਾ ਰਿਹਾ ਹੈ। ਪੰਜੇ ਚੋਰਾਂ, ਵੈਰ-ਵਿਰੋਧ, ਈਰਖਾ, ਨਿੰਦਿਆ, ਆਸਾ, ਤ੍ਰਿਸ਼ਨਾ, ਵਿਸ਼ੇ-ਵਿਕਾਰਾਂ ਦੇ ਅਧੀਨ ਹੋ ਕੇ ਅਮੋਲਕ ਜਨਮ ਨੂੰ ਬਿਰਥਾ ਗਵਾ ਕੇ ਇਸ ਤਰ੍ਹਾਂ ਚਲਾ ਜਾਂਦਾ ਹੈ ਜਿਵੇਂ ਕਾਂ ਸੁੰਞੇ ਘਰ ਵਿਚ ਬੈਠ ਕੇ ਉਡਾਰੀ ਮਾਰ ਜਾਂਦਾ ਹੈ ਜਾਂ ਕੋਈ ਪ੍ਰਾਹੁਣਾ ਸੁੰਞੇ ਘਰ ਵਿਚ ਆ ਕੇ ਖਾਲੀ ਹੱਥ ਵਾਪਸ ਮੁੜ ਜਾਂਦਾ ਹੈ।

*ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥*
*ਅੰਗ- ੫੮*
*ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥*
*ਅੰਗ- ੩੪*

ਵਿਰਲੇ ਜਗਿਆਸੂ ਹੁੰਦੇ ਹਨ ਜਿਨ੍ਹਾਂ ਦੇ ਅੰਦਰ ਪ੍ਰਮਾਰਥ ਦੀ ਕਣੀ ਹੁੰਦੀ ਹੈ। ਉਨ੍ਹਾਂ ਦੇ ਅੰਦਰ ਤਰਲਾ ਹੁੰਦਾ ਹੈ ਅਤੇ ਇਸ ਪਾਸੇ ਵਲ ਤੁਰਨ ਦਾ ਜਤਨ ਕਰਦੇ ਹਨ। ਜਗਿਆਸੂ ਜੀਵ ਪ੍ਰਭੂ ਅੱਗੇ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ! ਤੂੰ ਹੀ ਦਇਆਲੂ ਹੈਂ, ਤੇਰੇ ਵਰਗਾ ਤਾਂ ਸੰਸਾਰ ਉਤੇ ਹੋਰ ਕੋਈ ਦੂਜਾ ਨਹੀਂ, ਕੇਵਲ ਤੂੰ ਹੀ ਕ੍ਰਿਪਾ ਦਾ ਸਾਗਰ ਹੈਂ। ਜਦੋਂ ਮੈਂ ਆਪਣੇ ਵਲ ਝਾਤੀ ਮਾਰਦਾ ਹਾਂ ਤਾਂ ਮੈਨੂੰ ਇੰਜ ਲਗਦਾ ਹੈ ਕਿ ਮੇਰੇ ਵਰਗਾ ਹੋਰ ਕੋਈ ਗੁਨਹਗਾਰ ਵੀ ਨਹੀਂ ਹੋਣਾ। ਮੈਨੂੰ ਪਤਾ ਵੀ ਨਹੀਂ ਕਿ ਮੈਂ ਇਸ ਜਨਮ ਵਿਚ ਤੇ ਪਿਛਲੇ ਕਰੋੜਾਂ ਜਨਮਾਂ ਵਿਚ ਕਿਤਨੇ ਕੁ ਗੁਨਾਹ ਕੀਤੇ ਹੋਏ ਹਨ। ਇਸੇ ਕਰਕੇ ਮੈਂ ਭਟਕਦਾ ਫਿਰਦਾ ਹਾਂ।

*ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥*
*ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥ ੧ ॥*
*ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥*
*ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਾਰੀ ॥*
*ਅੰਗ- ੮੫੫*

ਕਹਿੰਦੇ, ਘਰ ਵੀ ਛੱਡ ਦਿਤਾ, ਜੰਗਲਾਂ ਵਿਚ ਚਲਾ ਗਿਆ ਤੇ ਉਥੇ ਕੰਦ ਮੂਲ ਖਾ ਕੇ ਗੁਜ਼ਾਰਾ ਕੀਤਾ। ਮਨ ਹਾਲੇ ਵੀ ਵਿਕਾਰਾਂ ਦਾ ਖਹਿੜਾ ਨਹੀਂ ਛੱਡਦਾ, ਇਸ ਵਿਚ ਮੰਦ ਵਾਸ਼ਨਾ ਦੀ ਮੈਲ ਭਰੀ ਪਈ ਹੈ। ਜੇਕਰ ਮਨ ਪਾਪੀ ਦੇ ਮਾੜੇ ਫੁਰਨਿਆਂ ਤੋਂ ਛੁਟਕਾਰਾ ਮਿਲੇ ਤਾਂ ਹੀ ਸੰਸਾਰ ਸਾਗਰ ਤਰ ਸਕਦਾ ਹਾਂ। ਇਸ ਕਰਕੇ ਹੇ ਪ੍ਰਭੂ! ਮੈਨੂੰ ਆਪਣੀ ਸ਼ਰਨ ਵਿਚ ਰੱਖ ਲੈ ਕਿਉਂਕਿ ਮਨ ਭੱਜਾ ਫਿਰਦਾ ਹੈ ਇਸ ਨੂੰ ਚੈਨ ਨਹੀਂ ਮਿਲਦੀ। ਅਨੇਕਾਂ ਜਤਨ ਕਰਨ ਦੇ ਬਾਵਜੂਦ ਵੀ ਇਹ ਮੁੜ-ਮੁੜ ਕੇ ਵਿਸ਼ਿਆਂ ਵਲ ਲਿਪਟਣ ਦੀ ਤਾਕ ਵਿਚ ਰਹਿੰਦਾ ਹੈ। ਮੇਰੀ ਤਾਂ ਜਵਾਨੀ ਐਵੇਂ ਲੰਘ ਗਈ ਤੇ ਹੁਣ ਬੁਢਾਪਾ ਆਉਣ ਲੱਗਾ ਹੈ, ਹਾਲੇ ਤੱਕ ਕੋਈ ਚੰਗਾ ਕੰਮ ਨਹੀਂ ਕੀਤਾ। ਇਸ ਹੀਰੇ ਵਰਗੇ ਅਮੋਲਕ ਜਨਮ ਨੂੰ ਕੌਡੀਆਂ ਦੇ ਭਾਅ ਲੰਘਾ ਦਿਤਾ ਹੈ। ਹੇ ਘਟ-ਘਟ ਦੇ ਜਾਨਣਹਾਰ ਸਰਬ ਵਿਆਪਕ ਪ੍ਰਭੂ! ਇਸ ਪਾਪੀ ਤੇ ਦਇਆ ਕਰ, ਮੇਰੇ ਮਨ ਨੂੰ ਧਾਵਣ ਤੋਂ ਵਰਜ ਕੇ ਆਪਣੇ ਨਾਮ ਨਾਲ ਜੋੜ ਲੈ ਤਾਕਿ ਮੇਰਾ ਜਨਮ ਮਰਨ ਕੱਟਿਆ ਜਾਵੇ।

*ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥*
*ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥ ੨ ॥*
*ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥*
*ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥ ੩ ॥*
*ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥*
*ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥੪॥*
*ਅੰਗ- ੮੫੬*

ਇਸ ਸ਼ਬਦ ਦੇ ਅੰਦਰ ਬੇਨਤੀ ਕੀਤੀ ਗਈ ਹੈ ਪਰ ਮਹਾਰਾਜ ਜੀ ਕਹਿੰਦੇ ਹਨ ਕਿ ਪ੍ਰੇਮੀਆ! ਤੈਨੂੰ ਘਰ ਬਾਰ ਛੱਡ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ, ਕਾਰੋਬਾਰ ਕਰਦਾ ਹੋਇਆ, ਬੱਚਿਆਂ ਨੂੰ ਪਾਲਦਾ ਹੋਇਆ ਵੀ ਸੱਚ ਦੇ ਮਾਰਗ ਉਤੇ ਚੱਲ ਕੇ ਜੀਵਨ ਸਫਲ ਕਰ ਸਕਦਾ ਹੈਂ। ਜੰਗਲਾਂ ਵਿਚ ਜਾ ਕੇ ਤਾਂ ਤੈਨੂੰ ਬਹੁਤ ਤਕਲੀਫਾਂ ਆਉਣਗੀਆਂ। ਜੇ ਉਥੇ ਜਾ ਕੇ ਵੀ ਮਨ ਨਾ ਮੰਨਿਆ ਤਾਂ ਕੋਈ ਲਾਭ ਨਹੀਂ ਹੋਣਾ। ਘਰ ਵਿਚ ਰਹਿ ਕੇ ਤੂੰ ਆਪਣੇ ਸਾਰੇ ਫਰਜ਼ ਨਿਭਾ ਕੇ ਜਿਥੇ ਤੂੰ ਆਪ ਸੱਚ ਦੇ ਰਸਤੇ ਟੁਰੇਂਗਾ। ਉਥੇ ਦੂਜਿਆਂ ਨੂੰ ਵੀ ਇਸ ਪਾਸੇ ਲਾ ਸਕੇਂਗਾ। ਪਹਿਲਾਂ ਤੇਰਾ ਮਨ ਮੰਨਣਾ ਚਾਹੀਦਾ ਹੈ ਕਿ ਮੈਂ ਬੰਦਗੀ ਕਰਨੀ ਹੈ, ਨਾਮ ਜਪਣਾ ਹੈ ਤੇ ਭਵਜਲ ਨੂੰ ਤਰਨਾ ਹੈ। ਇਸ ਵਾਸਤੇ ਸਾਨੂੰ ਪੂਰੇ ਸਤਿਗੁਰੂ ਦੀ ਸ਼ਰਨ ਜਾ ਕੇ ਜੁਗਤੀ ਧਾਰਨ ਕਰਨੀ ਪਵੇਗੀ ਕਿਉਂਕਿ ਜੁਗਤੀ ਤੋਂ ਬਗੈਰ ਮੁਕਤੀ ਨਹੀਂ ਹੋ ਸਕਦੀ। ਮਨ ਦੀ ਮੱਤ ਦਾ ਤਿਆਗ ਕਰਕੇ, ਗੁਰੂ ਦੀ ਮੱਤ ਧਾਰਨ ਕਰਕੇ, ਉਸ ਤੇ ਚੱਲਣਾ ਪਵੇਗਾ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ੨ ॥ ਅੰਗ - ੫੨੨*

*ਰੇ ਮਨ ਐਸੋ ਕਰਿ ਸੰਨਿਆਸਾ॥*
*ਬਨ ਸੇ ਸਦਨ ਸਭੇ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥*
*(ਦਸਮ ਗ੍ਰੰਥ)*

ਮਨੁੱਖ ਦੀ ਸਾਰੀ ਜ਼ਿੰਦਗੀ ਵਾਸ਼ਨਾ ਦੀ ਪੂਰਤੀ ਵਿਚ ਲੰਘ ਜਾਂਦੀ ਹੈ ਕਿਉਂਕਿ ਵਾਸ਼ਨਾਵਾਂ ਬੇਅੰਤ ਹਨ। ਹਰ ਇਕ

ਨੂੰ ਧਨ ਦੀ ਲੋੜ ਪੈਂਦੀ ਹੀ ਹੈ ਕਿਉਂਕਿ ਪੈਸੇ ਬਿਨਾਂ ਕੋਈ ਕਾਰਜ ਨਹੀਂ ਹੁੰਦਾ ਪਰ ਗ੍ਰਹਿਸਤੀਆਂ ਨੂੰ ਬਹੁਤੀ ਲੋੜ ਹੁੰਦੀ ਹੈ। ਇਹ ਸਾਰਾ ਕੁਛ ਪ੍ਰਾਲਬਧ ਵਸ ਹੁੰਦਾ ਹੈ, ਜੋ ਪਿਛੇ ਬੀਜਿਆ ਹੁੰਦਾ ਹੈ ਉਹੀ ਮਿਲਦਾ ਹੈ। ਜੇ ਹੁਣ ਦਲਿੱਦਰ ਗਲ ਪੈ ਗਿਆ ਤਾਂ ਥੋੜ੍ਹਾ-ਥੋੜ੍ਹਾ ਕਰਕੇ ਗੁਰੂ ਨਮਿਤ ਕੱਢਣਾ ਸ਼ੁਰੂ ਕਰ ਦੇਵੋ, ਬੀਜ ਬਣ ਜਾਵੇਗਾ। ਕੁਝ ਸਾਲਾਂ ਬਾਅਦ ਇਥੇ ਵੀ ਮਿਲਣਾ ਸ਼ੁਰੂ ਹੋ ਜਾਵੇਗਾ ਤੇ ਅਗਲੇ ਜਨਮ ਵਿਚ ਵੀ ਮਿਲ ਜਾਵੇਗਾ।

ਪਹਿਲੀ 'ਧਨ ਵਾਸ਼ਨਾ' ਹੈ ਜੋ ਹਰ ਵੇਲੇ ਮਨੁੱਖ ਨੂੰ ਪ੍ਰੇਸ਼ਾਨ ਕਰਦੀ ਰਹਿੰਦੀ ਹੈ। ਅੱਜ ਦਾ ਮਨੁੱਖ ਮਾਇਆ ਦੇ ਲਾਲਚ ਵਿਚ ਪੈ ਕੇ ਹਰ ਤਰ੍ਹਾਂ ਦੇ ਨਜਾਇਜ਼ ਢੰਗ ਵਰਤਣੇ ਤੇ ਧਨ ਇਕੱਠਾ ਕਰਨ ਵਿਚ ਰੁਝਿਆ ਹੋਇਆ ਹੈ। ਚੋਰੀ, ਠੱਗੀ, ਧੋਖਾ, ਰਿਸ਼ਵਤ ਤੇ ਗਮਨ ਆਦਿ ਤਰੀਕੇ ਵਰਤ ਕੇ ਬੈਂਕਾਂ ਦੀਆਂ ਤਜੌਰੀਆਂ ਭਰੀਆਂ ਜਾ ਰਹੀਆਂ ਹਨ। ਮਨੁੱਖ ਭਾਵੇਂ ਜਿਤਨਾ ਮਰਜ਼ੀ ਧਨ ਜੋੜ ਲਵੇ ਪਰ ਅੰਤ ਵੇਲੇ ਨਾਲ ਨਹੀਂ ਜਾਂਦਾ, ਇਥੇ ਹੀ ਰਹਿ ਜਾਣਾ ਹੈ। ਕਾਰੂੰ ਬਾਦਸ਼ਾਹ ਨੂੰ ਧਨ ਜੋੜਨ ਦੀ ਐਨੀ ਪ੍ਰਬਲ ਵਾਸ਼ਨਾ ਸੀ ਕਿ ਉਸ ਨੇ ਚਾਲੀ ਗੰਜ ਜੋੜ ਰੱਖੇ ਸਨ। ਉਸ ਨੇ ਪਰਜਾ ਕੋਲ ਪੈਸਾ ਨਹੀਂ ਰਹਿਣ ਦਿਤਾ, ਇਥੋਂ ਤਕ ਕਿ ਉਸ ਨੇ ਕਬਰਾਂ ਖੁਦਵਾ ਕੇ ਮੁਰਦਿਆਂ ਦੇ ਮੂੰਹ ਵਿਚੋਂ ਵੀ ਰੁਪਏ ਕਢਵਾ ਲਏ ਸਨ। ਇਸ ਤਰ੍ਹਾਂ ਦੀ ਤੀਖਣ ਵਾਸ਼ਨਾ ਜੇਕਰ ਨਾਮ ਧਨ ਇਕੱਠਾ ਕਰਨ ਵਿਚ ਹੋਵੇ ਤਾਂ ਉਤਮ ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਧਨ ਜੋੜਨ ਦੀ ਵਾਸ਼ਨਾ ਮਨੁੱਖ ਨੂੰ ਨਰਕਾਂ ਵਿਚ ਲੈ ਜਾਂਦੀ ਹੈ। ਇਸ ਕਰਕੇ ਅਜਿਹੇ ਬੰਦੇ ਨੂੰ ਅਗਲੇ ਜਨਮ ਵਿਚ ਸੱਪ ਦੀ ਜੂਨ ਮਿਲਦੀ ਹੈ। ਮਹਾਰਾਜ ਕਹਿੰਦੇ ਜਿਵੇਂ ਭਜਨ ਤੋਂ ਬਗੈਰ ਸਾਰੇ ਕੰਮ ਵਿਅਰਥ ਹਨ ਇਸੇ ਤਰ੍ਹਾਂ ਕੰਜੂਸ ਦਾ ਧਨ ਵੀ ਕਿਸੇ ਕੰਮ ਨਹੀਂ ਆਉਂਦਾ ਕਿਉਂਕਿ ਨਾਹੀ ਆਪ ਖਰਚਦਾ ਹੈ, ਨਾਹੀ ਕਿਸੇ ਲੋੜਵੰਦ ਨੂੰ ਦਿੰਦਾ ਹੈ ਅਤੇ ਪ੍ਰਮਾਰਥ ਦੇ ਕਾਰਜ ਵਾਸਤੇ ਵੀ ਖਰਚ ਨਹੀਂ ਕਰਦਾ। ਜਿਹੜਾ ਸਾਰੀ ਉਮਰ ਧਨ ਜੋੜਨ ਵਿਚ ਲੱਗਾ ਰਹੇ, ਅੰਤ ਸਮੇਂ ਉਸ ਦੀ ਬਿਰਤੀ ਧਨ ਵਿਚ ਰਹਿ ਜਾਂਦੀ ਹੈ। ਇਸ ਪ੍ਰਥਾਇ ਫੁਰਮਾਨ ਹੈ -

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥* *ਅੰਗ- ੫੨੬*

*ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥*
*ਜਿਉ ਕਿਰਪਨ ਕੇ ਨਿਰਾਰਥ ਦਾਮ ॥* *ਅੰਗ- ੨੬੯*

ਧਨ-ਦੌਲਤ ਦਾ ਅਸਲੀ ਮਾਲਕ ਉਹ ਹੁੰਦਾ ਹੈ ਜਿਹੜਾ, ਆਪ ਖਾਵੇ-ਖਰਚੇ, ਜਮ੍ਹਾਂ ਨਾ ਕਰੇ, ਭਲੇ ਕਾਰਜਾਂ ਵਿਚ ਲਾਵੇ ਤੇ ਲੋੜਵੰਦ ਦੀ ਲੋੜ ਪੂਰੀ ਕਰੇ। ਸਿਆਣੇ ਕਹਿੰਦੇ ਹਨ ਕਿ ਐਸਾ ਬੰਦਾ ਬਹਿਸ਼ਤ ਦਾ ਭਾਗੀ ਹੁੰਦਾ ਹੈ।

*ਦਮੜਾ ਤਿਸਹੀ ਕਾ ਜੋ ਖਰਚੇ ਔਰ ਖਾਇ।*
*ਦੇਵੇ ਦਲਾਵੈ ਰਜਾਇ ਖੁਦਾਇ।*
*ਹੋਤਾ ਨ ਰਾਖੈ ਅਕੇਲਾ ਨ ਖਾਇ।*
*ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ॥ (ਨਸੀਹਤਨਾਮਾ)*

ਦੂਜੀ 'ਪੁੱਤਰ ਵਾਸ਼ਨਾ' ਹੁੰਦੀ ਹੈ। ਜਿਸ ਦੇ ਘਰ ਪੁੱਤਰ ਨਾ ਹੋਵੇ, ਉਹ ਪੁੱਤਰ ਦੀ ਪ੍ਰਾਪਤੀ ਵਾਸਤੇ ਥਾਂ-ਥਾਂ ਉਤੇ ਭਟਕਦਾ ਫਿਰਦਾ ਹੈ। ਐਸੀ ਵਾਸ਼ਨਾ ਵਾਲਾ ਧਰਮ ਦੇ ਵਿਰੁੱਧ ਭੀ ਕਰਮ ਕਰਨ ਤੋਂ ਸੰਕੋਚ ਨਹੀਂ ਕਰਦਾ, ਮੜ੍ਹੀ-ਮਸਾਣੀ ਜਾ ਕੇ ਮੱਥੇ ਰਗੜਦਾ ਹੈ, ਟੂਣੇ-ਟਾਮਣ ਕਰਦਾਹੈ।

*ਜਾ ਕੋ ਹਿੰਦੂ ਕਬਹੂੰ ਨਹਿ ਮਾਨੇ।*
*ਪੁਤ੍ਰ ਹੇਤ ਤਹਿ ਇਸ਼ਟ ਪਛਾਨੇ।*
*ਸਯਦ ਖਵਾਜਾ ਪੀਰ ਫਕੀਰਾ।*
*ਮਾਨਤ ਜੋਰਤ ਹਾਥ ਅਧੀਰਾ।* *(ਵਿਚਾਰ ਸਾਗਰ)*

ਜਦੋਂ ਪੁੱਤਰ ਦੀ ਪ੍ਰਾਪਤੀ ਹੋ ਜਾਵੇ ਫੇਰ ਪਾਲਦਾ-ਪੋਸਦਾ ਹੈ, ਬਿਮਾਰ ਹੋ ਜਾਵੇ ਤਾਂ ਬੇਚੈਨ ਹੁੰਦਾ ਹੈ, ਭਵਿੱਖ ਦਾ ਫਿਕਰ ਹੋ ਜਾਂਦਾ ਹੈ ਤੇ ਜੇਕਰ ਨਲਾਇਕ ਨਿਕਲ ਆਵੇ ਤਾਂ ਚਿੰਤਾ ਗਲ ਪੈ ਜਾਦੀ ਹੈ।

ਤੀਜੀ 'ਲੋਕ ਵਾਸ਼ਨਾ' ਹੁੰਦੀ ਹੈ। ਹਰ ਮਨੁੱਖ ਦੇ ਅੰਦਰ ਆਪਣੀ ਪ੍ਰਸੰਸਾ ਦੀ ਤਾਂਘ ਹੁੰਦੀ ਹੈ ਕਿ ਮੈਨੂੰ ਕੋਈ ਮਾੜਾ ਨਾ ਕਹੇ, ਪਰ ਐਸਾ ਹੋਇਆ ਨਹੀਂ ਕਰਦਾ ਕਿਉਂਕਿ ਸੰਸਾਰ ਵਿਚ ਨਿੰਦਿਆ ਕਰਨ ਵਾਲੇ ਬਥੇਰੇ ਹੁੰਦੇ ਹਨ। ਇਸ ਪ੍ਰਥਾਇ ਇਕ ਕਥਾ ਆਉਂਦੀ ਹੈ ਕਿ ਜਦੋਂ ਰਾਮ ਚੰਦਰ ਜੀ ਲੰਕਾ ਦਾ ਯੁੱਧ ਜਿੱਤ ਕੇ ਆਏ ਤਾਂ ਇਕ ਗੱਲ ਚਲ ਪਈ ਕਿ ਸੀਤਾ ਜੀ ਨੌਂ ਮਹੀਨੇ ਰਾਵਣ ਦੇ ਕਬਜ਼ੇ ਵਿਚ ਰਹਿਣ ਕਰਕੇ ਪਵਿੱਤਰ ਨਹੀਂ ਹੈ। ਲੋਕ ਰਾਇ ਜਾਣ ਕੇ ਰਾਮ ਚੰਦਰ ਜੀ ਨੇ ਸੀਤਾ ਜੀ ਦਾ ਤਿਆਗ ਕਰ ਦਿਤਾ ਤੇ ਉਸ ਨੂੰ ਰਾਵੀ ਦਰਿਆ ਦੇ ਕੰਢੇ ਆ ਕੇ ਬਾਲਮੀਕ ਰਿਸ਼ੀ ਦੇ ਆਸ਼ਰਮ ਵਿਚ ਰਹਿਣਾ ਪਿਆ। ਰਾਮ ਚੰਦਰ ਜੀ ਲਛਮਣ ਨਾਲ ਪੂਰਬ ਦੇਸ਼ ਦੀ ਬੀਰ ਯਾਤਰਾ ਕਰ ਰਹੇ ਸਨ ਕਿ ਪਿਆਸ ਲੱਗੀ, ਦੇਖਿਆ ਕਿ ਇਕ ਕਿਸਾਨ ਹੱਲ ਵਾਹ ਰਿਹਾ ਹੈ। ਉਸ ਕੋਲੋਂ ਪਾਣੀ ਪੀਤਾ ਤੇ ਵਰਦੀ ਦੇਖ ਕੇ ਹੈਰਾਨੀ ਪ੍ਰਗਟ ਕੀਤੀ ਕਿਉਂਕਿ ਉਸ ਨੇ ਲੋਹੇ ਦਾ ਟੋਪ, ਗਲ ਵਿਚ ਲੋਹੇ ਦੀ ਜਾਲੀ ਦਾ ਵਸਤਰ ਤੇ ਪੈਰਾਂ ਵਿਚ ਗੋਡਿਆਂ ਤਕ ਚਮੜੇ ਦੇ ਬੂਟ ਪਾਏ ਹੋਏ ਸਨ। ਬੈਲਾਂ ਉਪਰ ਵੀ ਲੋਹੇ ਦੇ ਜਾਲੀਦਾਰ ਝੁੱਲ ਪਾਏ ਹੋਏ ਸਨ। ਇਸ ਦਾ ਕਾਰਨ ਪੁੱਛਣ ਤੇ ਉਸ ਨੇ ਸ੍ਰੀ ਰਾਮ ਚੰਦਰ ਜੀ ਨੂੰ ਦੱਸਿਆ ਕਿ ਇਥੇ ਇਕ ਐਸਾ ਪੰਛੀ ਹੈ ਜੇ ਚੁੰਜ ਮਾਰ ਦੇਵੇ ਮਾਸ ਕੱਢ ਲੈਂਦਾ ਹੈ। ਉਸ ਤੋਂ ਬਚਾਅ ਲਈ ਲੋਹੇ ਦਾ ਟੋਪ, ਲੋਹੇ ਦੀ ਜਾਲੀ ਦਾ ਵਸਤਰ ਮੈਂ ਪਾਇਆ ਹੋਇਆ ਹੈ ਤੇ ਬਲਦਾਂ ਦੇ ਲੋਹੇ ਦੀ ਜਾਲੀ ਦੇ ਝੁੱਲ ਪਾਏ ਹਨ। ਬਿੱਛੂ ਦੇ ਡੰਗ ਤੋਂ ਬਚਣ ਲਈ ਮੈਂ ਚਮੜੇ ਦੇ ਬੂਟ ਤੇ ਬੈਲਾਂ ਦੇ ਵੀ ਫੁਟਲਸ ਪਾਏ ਹਨ। ਰਾਮ ਚੰਦਰ ਜੀ ਕਹਿਣ ਲੱਗੇ ਕਿ ਪੁਰਖਾ! ਤੂੰ ਇਹ ਜ਼ਮੀਨ ਛੱਡ ਕੇ ਕਿਧਰੇ ਹੋਰ ਜ਼ਮੀਨ ਕਿਉਂ ਨਹੀਂ ਲੈਂਦਾ, ਤੇਰਾ ਜੀਵਨ ਸੁਖੀ ਹੋ ਜਾਵੇਗਾ। ਸੁਣਦੇ ਸਾਰ ਕਿਸਾਨ ਝੱਟ ਨਰਾਜ਼ ਹੋ ਗਿਆ, ਕਹਿੰਦਾ, ਤੁਸੀਂ ਮੈਨੂੰ ਰਾਮ ਚੰਦਰ ਸਮਝਿਐ? ਕੋਈ ਬੰਦਾ ਆਪਣੀ ਭੂਮੀ ਤੇ ਇਸਤ੍ਰੀ ਦਾ ਤਿਆਗ ਨਹੀਂ ਕਰਿਆ ਕਰਦਾ।

ਰਾਮ ਚੰਦਰ ਜੀ ਲਛਮਣ ਵੱਲ ਦੇਖ ਕੇ ਕਹਿੰਦੇ, ਲੋਕ ਕਿਸੇ ਗੱਲ ਤੇ ਰਾਜ਼ੀ ਨਹੀਂ ਹੁੰਦੇ।

ਚੌਥੀ 'ਦੇਹ ਵਾਸ਼ਨਾ' ਹੁੰਦੀ ਹੈ। ਹਰ ਵੇਲੇ ਸਰੀਰ ਨੂੰ ਸਜਾਉਣ ਵਿਚ ਲੱਗੇ ਰਹਿਣਾ ਕਿ ਮੈਂ ਲੋਕਾਂ ਨੂੰ ਸੁੰਦਰ ਲੱਗਾਂ, ਦੇਹ ਦੇ ਰਸਾਂ-ਕਸਾਂ ਵਿਚ ਪ੍ਰਵਿਰਤ ਰਹਿਣਾ, ਆਪਣੇ ਆਪ ਨੂੰ ਦੇਹ ਮੰਨਣਾ, ਇਸ ਨੂੰ ਦੇਹ ਵਾਸ਼ਨਾ ਕਹਿੰਦੇ ਹਨ। ਇਸ ਵਾਸ਼ਨਾ ਦੇ ਅਧੀਨ ਮਨੁੱਖ, ਅਮੋਲਕ ਦੇਹ ਤੋਂ ਨਾਮ ਜਪਣ ਦਾ ਕੰਮ ਲੈਣ ਦੀ ਥਾਂ ਭੋਗਾਂ ਤੇ ਰਸਾਂ-ਕਸਾਂ ਵਿਚ ਪੈ ਕੇ ਜਨਮ ਬਰਬਾਦ ਕਰਕੇ ਸੰਸਾਰ ਤੋਂ ਖਾਲੀ ਹੱਥ ਚਲਿਆ ਜਾਂਦਾ ਹੈ।

ਪੰਜਵੀਂ ਸ਼ਾਸਤਰ ਵਾਸ਼ਨਾ ਹੁੰਦਾ ਹੈ। ਸ਼ਾਸਤਰਾਂ ਦਾ ਅਧਿਐਨ ਕਰਕੇ ਪੁਸਤਕਾਂ ਪੜ੍ਹ ਕੇ ਯਾਦ ਕਰਨਾ ਤੇ ਫੇਰ ਇਸ ਨੂੰ ਸੁਣਾ ਕੇ ਵਾਹ-ਵਾਹ ਖੱਟਣੀ ਪਰ ਆਪ ਅਮਲ ਤੋਂ ਵਾਂਝੇ ਰਹਿਣਾ। ਇਹ ਵਾਸ਼ਨਾ ਆਮ ਕਰਕੇ ਧਰਮ ਦੇ ਪ੍ਰਚਾਰਕਾਂ ਵਿਚ ਹੁੰਦੀ ਹੈ।

ਛੇਵੀਂ ਅਨੁਸ਼ਠਾਨ ਵਾਸ਼ਨਾ ਹੁੰਦੀ ਹੈ। ਜੰਤਰਾਂ-ਮੰਤਰਾਂ ਦੇ ਚਲੀਹੇ ਕੱਢਣੇ, ਭੂਤ-ਪ੍ਰੇਤ ਵਸ ਕਰਨੇ ਤੇ ਇਹ ਸਿੱਧੀ ਪ੍ਰਾਪਤ ਕਰਕੇ ਆਪਣੀ ਪ੍ਰਭਤਾ ਵਾਸਤੇ ਲੋਕਾਂ ਨੂੰ ਮਗਰ ਲਾਉਣਾ। ਇਹ ਹੇਠਲੇ ਦਰਜੇ ਦੇ ਸਾਧੂਆਂ ਵਿਚ ਹੁੰਦੀ ਹੈ ਪਰ ਗੁਰੂ ਮਹਾਰਾਜ ਜੀ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ।

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*

*ਅੰਗ - ੫੯੩*

ਸੋ ਇਸ ਤਰ੍ਹਾਂ ਦੇ ਨਾਲ ਵਿਸ਼ੇ-ਵਾਸ਼ਨਾਵਾਂ ਵਿਚ ਮਾਨਸ ਜਨਮ ਲੰਘਦਾ ਤੁਰਿਆ ਜਾਂਦਾ ਹੈ। ਬਚਪਨ ਨੂੰ ਜੁਆਨੀ ਨੇ ਖਾ ਲਿਆ, ਜੁਆਨੀ ਨੂੰ ਬੁਢੇਪੇ ਨੇ ਖਾ ਲਿਆ ਤੇ ਬੁਢੇਪੇ ਦਾ ਹਰ ਕਦਮ ਮੌਤ ਵਲ ਨੂੰ ਵਧ ਰਿਹਾ ਹੈ। ਗੁਰੂ ਮਹਾਰਾਜ ਜੀ ਨੇ ਕਲਜੁਗੀ ਜੀਵਾਂ ਦੀ ਮਾਨਸਿਕ ਸਥਿਤੀ ਨੂੰ ਦੇਖਦੇ ਹੋਏ ਸਤਿਸੰਗ, ਸਾਧੂ ਦੀ ਸੰਗਤ, ਸੰਤਾਂ ਦੇ ਦਰਸ਼ਨ, ਨਾਮ ਦਾ ਅਭਿਆਸ, ਬਹੁਤ ਹੀ ਸੌਖਾ ਰਾਹ ਤਿਆਰ ਕਰ ਦਿਤਾ। ਮਨੁੱਖ ਭਾਵੇਂ ਕਿੰਨੇ ਵੀ ਰੁਝੇਵੇਂ ਵਿਚ ਹੋਏ ਪਰ ਇਸ 'ਤੇ ਚੱਲ ਕੇ ਸਤਿਗੁਰੂ ਦੇ ਬਚਨਾਂ ਦੀ ਕਮਾਈ ਕਰ ਸਕਦਾ ਹੈ।

ਹਿੰਦੋਸਤਾਨ ਭਰ ਦੇ ਦੂਰ-ਦਰਾਜ਼ ਇਲਾਕਿਆਂ ਤੋਂ ਜਿੱਥੇ-ਜਿੱਥੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਿੱਖੀ ਦਾ ਬੂਟਾ ਲਾਇਆ, ਉਥੋਂ ਜਥੇ ਬਣਾ ਕੇ ਗੁਰ ਉਪਦੇਸ਼ ਸਰਵਣ ਕਰਨ ਅਤੇ ਦਸਵੰਧ ਭੇਟਾ ਅਰਪਣ ਕਰਕੇ ਨਮਸ਼ਕਾਰ ਕਰਕੇ ਬੈਠ ਜਾਂਦੀਆਂ ਹਨ, ਕੀਰਤਨ ਤੇ ਬਚਨ ਸਰਵਣ ਕਰਦੀਆਂ ਹਨ। ਬਾਅਦ ਵਿਚ ਗੁਰੂ ਮਹਾਰਾਜ ਜੀ ਨੀਯਤ ਕੀਤੇ ਸਮੇਂ ਸੰਗਤਾਂ ਨੂੰ ਮਿਲਦੇ ਤੇ ਸਭ ਦੀ ਗੱਲਬਾਤ ਸੁਣਦੇ ਕਿਉਂਕਿ ਜੋ ਮੰਗਣਾ ਹੈ ਗੁਰੂ ਪਾਸੋਂ ਹੀ ਮੰਗਣਾ ਹੈ। ਜਗਿਆਸੂ ਨੂੰ ਉਪਦੇਸ਼ ਦਿੰਦੇ ਤੇ ਲੋੜਾਂ ਵਾਲਿਆਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਇਲਾਹਬਾਦ ਦੀ ਸੰਗਤ ਵਿਚ ਇਕ ਬੈਰਾਗੀ ਪ੍ਰੇਮੀ ਜੋ ਪਹਿਲਾਂ ਵੀ ਸਤਿਸੰਗ ਕਰਦਾ ਸੀ, ਉਸ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਦੋਵੇਂ ਹੱਥ ਜੋੜ ਕੇ ਗਲ ਵਿਚ ਪੱਲਾ ਪਾ ਕੇ ਸਨਮੁਖ ਖੜ੍ਹਾ ਹੋ ਗਿਆ। ਮਹਾਰਾਜ ਜੀ ਕਹਿੰਦੇ ਪ੍ਰੇਮੀਆਂ! ਕੀ ਨਾਮ ਹੈ, ਦੱਸੋ ਕੀ ਚਾਹੁੰਦੇ ਹੋ? ਕਹਿੰਦਾ, ਸੱਚੇ ਪਾਤਸ਼ਾਹ! ਮੇਰਾ ਨਾਮ ਭਾਨਾ ਹੈ, ਇਲਾਹਬਾਦ ਦੇ ਰਹਿਣਾ ਵਾਲਾ ਹਾਂ। ਮੇਰੇ ਮਨ ਵਿਚ ਲੋਚਾ ਜਾਗੀ ਹੈ ਕਿ ਸਮਾਂ ਲੰਘਦਾ ਜਾ ਰਿਹਾ ਹੈ ਤੇ ਮਾਨਸ ਜਨਮ ਨੂੰ ਕਿਵੇਂ ਸਫਲ ਕੀਤਾ ਜਾਵੇ? ਮੈਂ ਸਤਿਸੰਗ ਵਿਚੋਂ ਇਹ ਭੀ ਸੁਣਿਆ ਹੈ ਕਿ ਮੌਤ ਦਾ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਣਾ ਹੈ। ਜਿਵੇਂ ਬਿੱਲਾ ਸ਼ਿਕਾਰ ਦੇ ਪਿੱਛੇ ਲੱਗਿਆ ਹੁੰਦਾ ਹੈ, ਇਸੇ ਤਰ੍ਹਾਂ ਕਾਲ ਬੰਦੇ ਦੇ ਪਿੱਛੇ ਫਿਰਦਾ ਹੈ। ਮੈਨੂੰ ਜਨਮ-ਮਰਨ ਤੋਂ ਵੀ ਬਹੁਤ ਡਰ ਲਗਦਾ ਹੈ, ਇਹ ਚਿੰਤਾ ਮੈਨੂੰ ਹਰ ਵੇਲੇ ਲੱਗੀ ਰਹਿੰਦੀ ਹੈ। ਕ੍ਰਿਪਾ ਕਰਕੇ ਆਪ ਜੀ ਮੇਰਾ ਜਨਮ ਮਰਨ ਦਾ ਦੁੱਖ ਨਵਿਰਤ ਕਰੋ ਜੀ।

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥*

*ਅੰਗ - ੬੯੨*

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ ੧ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*

*ਅੰਗ- ੬੩੧*

ਮਹਾਰਾਜ ਕਹਿੰਦੇ ਭਾਈ ਭਾਨਾ! ਸੰਸਾਰ ਤੇ ਪਹਿਲਾ ਵਿਛੋੜੇ ਦਾ ਦੁਖ ਹੈ, ਜਦੋਂ ਕੋਈ ਪਿਆਰ ਕਰਨ ਵਾਲਾ ਵਿਛੜ ਜਾਵੇ, ਉਸ ਵੇਲੇ ਦਿਲ ਦੀਆਂ ਦਿਲ ਵਿਚ ਹੀ ਰਹਿ ਜਾਂਦੀਆਂ ਹਨ। ਦੂਜਾ ਭੁੱਖ ਦਾ ਦੁੱਖ ਹੁੰਦਾ ਹੈ।

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥* *ਅੰਗ - ੧੨੫੬*

ਸਰੀਰ ਦੀ ਭੁੱਖ ਤਾਂ ਅੰਨ ਨਾਲ ਦੂਰ ਹੋ ਜਾਂਦੀ ਹੈ। ਦਿਹਾੜੀ ਵਿਚ ਕੇਵਲ ਤਿੰਨ ਸੇਰ ਅੰਨ ਦੀ ਲੋੜ ਹੁੰਦੀ ਹੈ ਤੇ ਫਾਲਤੂ ਧਨ, ਜਾਇਦਾਦ ਮਰਨ ਤੋਂ ਬਾਅਦ ਇਥੇ ਹੀ ਰਹਿ ਜਾਂਦੀ ਹੈ। ਪਰ ਤ੍ਰਿਸ਼ਨਾ ਦੀ ਭੁੱਖ ਅੱਗੇ ਤੋਂ ਅੱਗੇ ਵਧਦੀ ਤੁਰੀ ਜਾਂਦੀ ਹੈ। ਜੇ ਲੱਖ ਰੁਪਈਆ ਹੋਵੇ ਤਾਂ ਕਹੇਗਾ ਕ੍ਰੋੜ ਚਾਹੀਦਾ ਹੈ, ਕ੍ਰੋੜ ਹੋਵੇ ਫੇਰ ਕਹਿੰਦਾ ਅਰਬ ਚਾਹੀਦਾ ਹੈ। ਜੇਕਰ ਜ਼ਿਆਦਾ ਧਨ ਹੋ ਜਾਵੇ ਫੇਰ ਚਿੰਤਾ ਲੱਗੀ ਰਹਿੰਦੀ ਹੈ ਅਤੇ ਸਰੀਰ ਨੂੰ ਬਿਮਾਰੀਆਂ ਲੱਗ ਜਾਂਦੀਆ ਹਨ।

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥*
*ਅਵਰ ਵਸਤੁ ਤੁਝ ਪਾਹਿ ਅਮਾਨ ॥* *ਅੰਗ- ੩੭੪*

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ- ੨੧੩*

*'ਚਲਦਾ..........।'*

# ਜਿਉ ਜਲ ਮਹਿ ਜਲੁ ਆਇ ਖਟਾਨਾ
# ਤਿਉ ਜੋਤੀ ਸੰਗਿ ਜੋਤਿ ਸਮਾਨਾ

*ਸੰਤ ਬਾਬਾ ਹਰਪਾਲ ਸਿੰਘ ਜੀ*

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*
*ਅੰਗ - ੧੧੦੫*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ*
*ਅੰਗ - ੧੩੬੫*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਪਰਮ ਸਤਿਕਾਰ ਯੋਗ ਗੁਰੂ ਪਿਆਰੀ ਸਾਧਸੰਗਤ ਜੀਓ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਗੁਰੂ ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਬਦੌਲਤ ਸ੍ਰੀ ਤੇਗ ਬਹਾਦਰ ਸਾਹਿਬ ਜੀ ਦੀ ਯਾਦ 'ਚ ਬਣੇ ਇਹ ਗੁਰਦੁਆਰਾ ਸਾਹਿਬ, ਮੋਰਿੰਡਾ ਵਿਖੇ, ਸ਼ਹੀਦਾਂ ਦੇ ਸਿਰਤਾਜ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜਿਨ੍ਹਾਂ ਦੇ ਸ਼ਹੀਦੀ ਦਿਹਾੜੇ ਪ੍ਰਥਾਇ ਆਪਾਂ ਸਤਿਸੰਗ ਕਰ ਰਹੇ ਹਾਂ।

ਸ਼ਹੀਦ ਦੋ ਤਰ੍ਹਾਂ ਦੇ ਹੁੰਦੇ ਨੇ, ਇਕ ਸ਼ਾਂਤ ਰਸ ਸ਼ਹੀਦ ਹੁੰਦੇ ਨੇ, ਇਕ ਬੀਰ ਰਸ ਸ਼ਹੀਦ ਹੁੰਦੇ ਨੇ। ਬੀਰ ਰਸ ਸ਼ਹੀਦ ਜੋ ਜੰਗ-ਯੁੱਧ ਦੇ ਮੈਦਾਨ ਵਿਚ ਸੂਰਬੀਰਤਾ ਦਿਖਾਉਂਦੇ ਹੋਏ, ਵੀਰ-ਗਤੀ ਨੂੰ ਪ੍ਰਾਪਤ ਹੁੰਦੇ ਨੇ। ਸ਼ਾਂਤ ਰਸ ਸ਼ਹੀਦ ਜਿਵੇਂ ਧੰਨ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਮਹਾਰਾਜ, ਸ਼ਾਂਤੀ ਦੇ ਪੁੰਜ ਜਿਨ੍ਹਾਂ ਨੇ ਕਿੰਨੇ ਸਰੀਰਕ ਕਸ਼ਟ ਸਹਾਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਧੰਨ ਗੁਰੂ ਅਰਜਨ ਦੇਵ ਪਾਤਸ਼ਾਹ ਮਹਾਰਾਜ ਜੀ ਦਾ ਅਵਤਾਰ 15 ਅਪ੍ਰੈਲ, 1563 ਈ. ਦੇ ਵਿਚ ਗੋਇੰਦਵਾਲ ਸਾਹਿਬ ਗੁਰੂ ਰਾਮਦਾਸ ਜੀ ਦੇ ਘਰ, ਮਾਤਾ ਭਾਨੀ ਜੀ ਦੀ ਕੁੱਖ ਤੋਂ ਹੋਇਆ। 1 ਸਤੰਬਰ 1581 ਈ. ਨੂੰ, ਆਪ ਜੀ ਗੁਰੱਤਾ ਗੱਦੀ ਦੇ ਉਤੇ ਬਿਰਾਜਮਾਨ ਹੋਏ। ਆਪ ਜੀ ਨੇ ਵੱਡੀਆਂ-ਵੱਡੀਆਂ ਕਾਰ ਸੇਵਾਵਾਂ, ਸਰੋਵਰ, ਗੁਰੂ ਅਸਥਾਨ ਹਰਿਮੰਦਰ ਸਾਹਿਬ ਹੋਰ ਕਿੰਨੇ ਹੀ ਅਸਥਾਨਾਂ ਦੀ ਸੇਵਾ ਕਰਾਈ। 1601 ਈ. ਤੋਂ ਲੈ ਕੇ ਸਤੰਬਰ 1604 ਈ. ਤੱਕ ਆਪ ਜੀ ਦੀ ਮਹਾਨ ਦੇਣ, ਸਾਰੀ ਗੁਰਬਾਣੀ ਦਾ ਸੰਗ੍ਰਹਿ ਕਰਵਾ ਕੇ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ, ਜੋ ਸੱਚੇ ਪਾਤਸ਼ਾਹ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਕਾਸ਼ ਕਰਾਇਆ -

*ਪੋਥੀ ਪਰਮੇਸਰ ਕਾ ਥਾਨੁ ॥ ਅੰਗ - ੧੨੨੬*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ - ੯੮੨*

ਕਿਉਂਕਿ ਸਰੀਰਕ ਦੇਹ ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਜੇ ਗੁਰੂ ਨੇ ਦੇਹ ਵੀ ਧਾਰਨ ਕੀਤੀ ਹੈ, ਤਾਂ ਵੀ ਜਿਹੜੀ ਉਹ ਬਾਣੀ ਆਈ ਉਹ ਗੁਰੂ ਹੈ -

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ॥ ਅੰਗ- ੧੩੦੯*

ਸਾਰੀ ਹੀ ਬਾਣੀ ਨਾਮ ਨਾਲ ਜੋੜਦੀ ਹੈ। ਗੁਰੂ ਅਮਰਦਾਸ ਜੀ ਦੇ ਉਹ ਬਚਨ 'ਦੋਹਿਤਾ ਬਾਣੀ ਕਾ ਬੋਹਿਥਾ।' ਆਪ ਜੀ ਨੇ ਐਸਾ ਜਹਾਜ਼ ਬਣਾਇਆ ਬਾਣੀ ਦਾ, ਸੰਸਾਰ ਨੂੰ ਭਵ ਸਾਗਰ ਤੋਂ ਪਾਰ ਉਤਾਰਨ ਦਾ ਇਹ ਸੁਖੈਨ ਰਸਤਾ ਦਰਸਾਇਆ। ਸਮਾਂ ਆਪਣੀ ਚਾਲੀ ਚਲਦਾ ਹੈ, ਦੂਜੇ ਪਾਸੇ ਅਕਬਰ ਦਾ ਰਾਜ ਸੀ। 1605 ਦੇ ਵਿਚ ਉਹ ਸਰੀਰ ਦਾ ਪ੍ਰਤਿਆਗ ਕਰ ਦਿੰਦਾ ਹੈ। ਉਸ ਤੋਂ ਬਾਅਦ ਉਸ ਦਾ ਪੁੱਤਰ ਜਹਾਂਗੀਰ ਇਹ ਹਿੰਦ ਦੇ ਤਖਤ ਦੇ ਉਤੇ ਬੈਠਾ ਤੇ ਉਸ ਨੇ ਉਸ ਸਮੇਂ ਦੇ ਜਿਹੜੇ ਕਾਜ਼ੀ, ਮੁਲਾਣੇ ਕੱਟੜ ਸਨ, ਉਨ੍ਹਾਂ ਦੀ ਸੋਚ ਅਧੀਨ ਇਸ ਨੇ ਰਾਜ ਚਲਾਇਆ। ਭਾਵੇਂ ਕਿ ਇਹ ਕਹਿਣ ਨੂੰ ਬੜਾ ਨਿਆਪ੍ਰਸਤ ਰਾਜਾ ਬਣਦਾ ਸੀ, ਪਰ ਇਹ ਇਥੋਂ ਤਕ ਵੀ ਕਹਿੰਦਾ ਸੀ ਕਿ ਜਿਹੜੇ ਹਾਥੀ ਨੇ ਇਨ੍ਹਾਂ ਦਾ ਇਸ਼ਨਾਨ, ਠੰਢ ਦਾ ਸਮਾਂ ਹੈ, ਗਰਮ ਪਾਣੀ ਨਾਲ ਕਰਾਇਆ ਜਾਵੇ। ਦੂਸਰੇ ਪਾਸੇ ਜੋ ਕੁਰਾਨ ਸ਼ਰੀਫ ਦਾ ਉਪਦੇਸ਼ ਹੈ, ਸ਼ਰਾਬ ਪੀਣੀ ਹਰਾਮ ਹੈ, ਇਹ ਨਿਤ ਸ਼ਰਾਬ ਦਾ ਆਦੀ ਸੀ ਤੇ ਇਸ ਦੇ ਪੁੱਤਰ ਨੇ ਬਗਾਵਤ ਕਰ ਦਿਤੀ ਜੋ ਸਾਧੂਆਂ ਦਾ, ਮੀਆਂਮੀਰ ਜੀ ਵਰਗੇ ਮਹਾਂਪੁਰਸ਼ਾਂ ਦਾ ਅਨੁਆਈ ਸੀ। ਉਸ ਦੀ ਬਗਾਵਤ ਇਹ ਸਹਿਨ ਨਾ ਕਰ ਸਕਿਆ ਅਤੇ ਪੁੱਤਰ ਨੂੰ ਹੀ, ਜਦੋਂ ਇਹ ਬਿਆਸ ਤੋਂ ਅੱਗੇ ਲੰਘਿਆ, ਮਰਵਾ ਦਿਤਾ। ਇਸ ਤਰ੍ਹਾਂ ਦੇ ਨਾਲ ਕੱਟੜ ਪ੍ਰਸਤਾ ਦੇ ਅਧੀਨ ਇਸ ਦਾ ਰਾਜ ਆ ਗਿਆ। ਅਹਿਮਦ ਬੁਖਾਰੀ ਵਰਗੇ ਸਰਹੰਦੀ ਐਸੇ ਜਿਹੜੇ ਪੀਰ ਸਨ ਉਨ੍ਹਾਂ ਦੀ ਸਿਖਸ਼ਾ ਦਾ ਇਸ ਦੇ ਉਤੇ ਅਸਰ ਸੀ। ਅਕਬਰ ਦੇ ਸਮੇਂ ਵੀ ਬੀਰਬਲ ਵੇਲੇ ਦੇ ਲਤੀਫੇ ਬੜੇ ਮਸ਼ਹੂਰ ਹਨ। ਅਫਗਾਨਿਸਤਾਨ ਦੇ ਵਿਚ ਜੈਨ ਖਾਂ ਅਕਬਰ ਨੇ ਭੇਜਿਆ ਲੜਨ ਵਾਸਤੇ ਤੇ ਉਹ ਤਕਰੀਬਨ ਹਾਰ ਵਲ ਜਾ ਰਿਹਾ ਸੀ, ਉਸ ਸਮੇਂ ਦਿੱਲੀ ਤੋਂ ਬੀਰਬਲ ਨੂੰ ਭੇਜਿਆ ਕਿ ਤੂੰ ਉਹਦੀ ਮਦਦ ਵਿਚ ਛੇਤੀ ਪਹੁੰਚ। ਇਸ ਨੇ ਕੀ ਕੀਤਾ ਕਿ ਮੈਂ ਸਾਰੇ ਪੰਜਾਬ ਤੋਂ ਪੰਡਤ, ਬ੍ਰਾਹਮਣਾਂ ਦਾ ਦਰਜਾ ਲੈ ਕੇ,, ਉਸ ਰਾਜੇ ਤੋਂ ਅਖਤਿਆਰ ਲੈ ਕੇ ਜਹਾਂਗੀਰ ਤੋਂ, ਇਹ ਪੰਜਾਬ ਵਲ ਆਉਂਦਾ ਹੈ ਕਿ ਜਾਂਦਾ-ਜਾਂਦਾ ਮੈਂ

ਸਾਰਿਆਂ ਤੋਂ ਦੱਛਣਾ ਲੈਂਦਾ ਜਾਵਾਂ।

ਪ੍ਰਿਥੀ ਚੰਦ ਜੋ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਸੀ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹਨੂੰ ਦੱਛਣਾ ਦਿਤੀ ਤੇ ਨਾਲ ਇਹ ਵੀ ਕਿਹਾ ਕਿ ਮੇਰਾ ਛੋਟਾ ਭਰਾ ਗੁਰੂ ਅਰਜਨ ਦੇਵ ਪਾਤਸ਼ਾਹ ਉਹਨੇ ਤੈਨੂੰ ਦੱਛਣਾ ਨਹੀਂ ਦੇਣੀ। ਇਸ ਤਰ੍ਹਾਂ ਦੇ ਨਾਲ ਇਹ ਬੰਦੇ ਭੇਜਦਾ ਹੈ, ਗੁਰੂ ਜੀ ਕਹਿੰਦੇ ਅਸੀਂ ਤਾਂ ਵਹਿਮਾਂ-ਭਰਮਾਂ, ਕਰਮਕਾਂਡਾਂ 'ਚੋਂ ਸੰਸਾਰ ਨੂੰ ਕੱਢਣਾ ਹੈ। ਅਸੀਂ ਇਸ ਕਰਕੇ ਦੱਛਣਾ ਨਹੀਂ ਦੇਣੀ, ਅਸੀਂ ਕਿਸੇ ਦੇ ਦੇਣਦਾਰ ਨਹੀਂ। ਬੀਰਬਲ ਨੇ ਕਿਹਾ ਕਿ ਮੈਨੂੰ ਲੈਣੀ ਆਉਂਦੀ ਹੈ, ਇਹ ਜਾ ਰਿਹਾ ਸੀ ਉਸ ਵੇਲੇ, ਜੈਨ ਖਾਂ ਹਾਰ ਰਿਹਾ ਸੀ, ਅਫਗਾਨਿਸਤਾਨ ਵਲ ਇਹ ਚਾਲੇ ਪਾ ਦਿੰਦਾ ਏ ਤੇ ਨਾਲ ਗੁਰੂ ਘਰ ਬਾਰੇ ਬਹੁਤ ਅਪਸ਼ਬਦ ਬੋਲਦਾ ਹੈ। ਸਿੱਖਾਂ ਨੇ ਵੀ ਕਿਹਾ ਕਿ ਪਾਤਸ਼ਾਹ! ਬੀਰਬਲ ਬੜਾ ਖਤਰਨਾਕ ਬ੍ਰਾਹਮਣ ਹੈ, ਇਸ ਕਰਕੇ ਇਸ ਨੂੰ ਦੱਛਣਾ ਦੇ ਦਿਤੀ ਜਾਵੇ। ਪਾਤਸ਼ਾਹ ਕਹਿਣ ਲੱਗੇ ਕਿ ਗੱਲ ਇਹ ਨਹੀਂ ਹੈ। ਜਿਹੜਾ ਆਪਣੇ ਆਪ ਨੂੰ ਸਮਝੇ ਕਿ ਮੈਂ ਐਡਾ ਵੱਡਾ ਬ੍ਰਾਹਮਣ, ਅਖਤਿਆਰ ਲੈ ਕੇ ਆਇਆ ਹਾਂ, ਇਹ ਮਾਣ ਕਰਕੇ ਆਇਆ ਹੈ, ਮਾਣ ਤਾਂ ਕਿਸੇ ਨੂੰ ਵੀ ਭਾਇਆ ਨਹੀਂ -

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥*

*ਅੰਗ - ੧੩੭੨*

ਜਿਹੜਾ ਮਾਣ ਹੈ ਇਹ ਤਾਂ ਕਦੇ ਭਾਇਆ ਹੀ ਨਹੀਂ। ਵੱਡਿਆਂ-ਵੱਡਿਆਂ ਨੂੰ ਮਾਣ ਨੇ ਖਾ ਲਿਆ। ਬੀਰਬਲ ਬੋਲਦਾ ਹੈ ਕਿ ਮੈਂ ਗੁਰੂ ਤੋਂ ਦੰਡ ਦੇ ਕੇ ਦੱਛਣਾ ਲਵਾਂਗਾ। ਸੱਚੇ ਪਾਤਸ਼ਾਹ ਨੇ ਕਿਹਾ ਹੰਕਾਰਿਆ ਸੋ ਮਾਰਿਆ।

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥*

*ਅੰਗ- ੪੭੦*

ਮਾਣ ਤਾਂ ਵੱਡਿਆਂ-ਵੱਡਿਆਂ ਨੂੰ ਸੁੱਟ ਲੈਂਦਾ ਹੈ ਤੇ ਇਹ ਬੋਲ -

*ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥*

*ਅੰਗ- ੫੮੦*

ਇਸ ਕਰਕੇ ਇਹ ਤਾਂ ਡਰਦਾ ਹੀ ਨਹੀਂ। ਕਿੰਨਾ ਇਸ ਨੂੰ ਹੰਕਾਰ ਹੋ ਗਿਆ ਕਿ ਮੈਂ ਸਮੇਂ ਦੀ ਹਕੂਮਤ ਤੋਂ ਗਿੱਦੜਚਿੱਠੀ ਜਿਹੜੀ ਲੈ ਕੇ ਆਪਣੇ ਆਪ ਰਾਜ ਪੰਡਤ ਦਾ ਦਰਜਾ ਲੈ ਆਉਂਦਾ ਹੈ। ਹੰਕਾਰਿਆ ਹੋਇਆ ਹੈ। ਹੰਕਾਰ ਪ੍ਰਮੇਸ਼ਰ ਨੂੰ ਭਾਇਆ ਨਹੀਂ ਕਰਦਾ।

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*

*ਅੰਗ- ੧੦੮੯*

ਇਹਦੇ ਲਤੀਫੇ ਬਹੁਤ ਮਸ਼ਹੂਰ ਹਨ, ਇਸ ਨੂੰ ਬਹੁਤ ਹੀ ਦਿਮਾਗ ਵਾਲਾ ਬ੍ਰਾਹਮਣ ਮੰਨਿਆ ਜਾਂਦਾ ਸੀ।

ਪਾਤਸ਼ਾਹ ਨੇ ਕਿਹਾ ਕਿ ਇਹ ਹਉਂ ਦੇ ਕਰਕੇ ਸਭ ਕੁਛ ਕਰ ਰਿਹਾ ਹੈ। ਕਿਉਂਕਿ ਹਉਮੈ ਬਹੁਤ ਵੱਡਾ ਰੋਗ ਹੈ, ਇਹ 'ਨਾਮ' ਤੋਂ ਦੂਰ ਹੈ। ਗੱਲਾਂ-ਬਾਤਾਂ ਦਾ ਬ੍ਰਾਹਮਣ ਹੈ। ਅਸਲੀ ਬ੍ਰਾਹਮਣ ਤਾਂ ਉਹ ਹੈ -

*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥*
*ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ ੪ ॥ ੭ ॥*

*ਅੰਗ- ੩੨੫*

ਇਹ ਤਾਂ ਬ੍ਰਹਮ ਵਿਦਿਆ ਤੋਂ ਅਣਜਾਣ, ਬ੍ਰਹਮ ਦੀ ਵਿਚਾਰ ਤੋਂ ਇਹ ਦੂਰ ਹੈ। ਇਹਨੂੰ ਪਤਾ ਨਹੀਂ, ਤੁਸੀਂ ਕਿਉਂ ਡਰਦੇ ਹੋਂ।

*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥* *ਅੰਗ- ੨੯੩*

ਬ੍ਰਾਹਮਣ ਡਰਾ ਕੇ ਹੀ, ਜਿਹੜੇ ਬ੍ਰਹਮ ਵਿਚਾਰ ਤੋਂ ਹੀਣੇ ਹਨ, ਉਹ ਇਸ ਤਰ੍ਹਾਂ ਵਹਿਮਾਂ-ਭਰਮਾਂ ਦੇ ਵਿਚ ਪਾ ਦਿੰਦੇ ਹਨ। ਪਾਤਸ਼ਾਹ ਕਹਿੰਦੇ, ਅਜੇ ਇਹਨੂੰ ਪਤਾ ਨਹੀਂ, ਕੀ ਹੋ ਜਾਣਾ ਹੈ ਕਿਉਂਕਿ ਇਹ ਇਸ ਗੱਲ ਤੋਂ ਅਣਜਾਣ ਹੈ।

*ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥*
*ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥*

*ਅੰਗ- ੧੩੬੬*

ਹੋਇਆ ਕੀ? ਬੀਰਬਲ ਪਠਾਣਾਂ ਨੇ ਮਾਰ ਦਿਤਾ।

ਹੁਣ ਜਦੋਂ ਜਹਾਂਗੀਰ ਤਖਤ 'ਤੇ ਬੈਠਾ, ਖੁਸਰੋ ਇਧਰ ਪੰਜਾਬ ਵਲ ਆਇਆ, ਬਿਆਸ ਪਾਰ ਕਰਨ ਸਮੇਂ ਇਸ ਦੀਆਂ ਫੌਜਾਂ ਨੇ ਗੁਰੂ ਘਰ ਦੇ ਵਿਚ ਤਰਨ ਤਾਰਨ ਸਾਹਿਬ ਜਾ ਕੇ ਲੰਗਰ ਛਕਿਆ। ਇਸ ਗੱਲ ਦਾ ਜਹਾਂਗੀਰ ਨੂੰ ਵੀ ਪਤਾ ਲੱਗ ਗਿਆ। ਉਹ ਆਪਣੀ ਤੁਜ਼ਕੇ-ਜਹਾਂਗੀਰੀ ਜੋ ਆਪਣੀ ਡਾਇਰੀ ਲਿਖਦਾ ਸੀ, ਉਸ ਵਿਚ ਲਿਖਦਾ ਹੈ ਕਿ ਇਸ ਝੂਠ ਦੀ ਦੁਕਾਨ ਨੂੰ ਮੈਂ ਬੰਦ ਕਰਨੀ ਚਾਹੁੰਦਾ ਹਾਂ। ਉਸ ਨੇ ਫਤਵਾ ਵੀ ਲਿਖ ਦਿਤਾ। ਇਸ ਨੂੰ ਬੰਦ ਕਰਨ ਵਾਸਤੇ ਮਾਲ ਜਬਤ ਕਰ ਲਿਆ ਜਾਵੇ। ਯਾਸਾ ਕਾਨੂੰਨ ਅਧੀਨ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਵੇ।

ਦੂਸਰਾ ਕਾਰਨ ਬਣਿਆ ਕਿ ਜੋ ਦੀਵਾਨ ਸੀ ਅਕਬਰ ਦੇ ਸਮੇਂ, ਹਿੰਦੂਆਂ ਨੂੰ ਵੱਡੇ-ਵੱਡੇ ਅਹੁਦਿਆਂ 'ਤੇ ਬਿਰਾਜਮਾਨ ਕੀਤਾ ਜਾਂਦਾ। ਉਹ ਸੀ ਚੰਦੂ ਦੀਵਾਨ। ਜਿਸ ਦੀ ਬੱਚੀ ਨੌਜਵਾਨ ਸੀ, ਉਸ ਰਿਸ਼ਤਾ ਪੱਕਾ ਕਰਨ ਵਾਸਤੇ, ਉਨ੍ਹਾਂ ਦਿਨਾਂ ਦੇ ਵਿਚ ਰਾਜਾ ਜੀ, ਜਿਨ੍ਹਾਂ ਨੂੰ ਨਾਈਂ ਕਹਿੰਦੇ ਸਨ, ਉਹ ਆਇਆ ਕਰਦੇ। ਦੇਖ ਕੇ ਰਿਸ਼ਤੇ ਪੱਕੇ ਕਰ ਜਾਂਦੇ। ਜਦੋਂ ਉਨ੍ਹਾਂ ਨੇ ਇਥੇ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੂੰ ਵੇਖਿਆ ਤਾਂ ਉਨ੍ਹਾਂ ਨੇ ਇਥੇ ਸਭ ਕੁਛ ਵੇਖ ਕੇ ਰਿਸ਼ਤਾ ਪੱਕਾ ਕਰ ਦਿਤਾ। ਜਦੋਂ ਉਥੇ ਸਿੱਖ ਵੀ ਬੈਠੇ ਸਨ ਦਿੱਲੀ, ਦੀਵਾਨ ਨੇ ਸੰਗਤ ਦੇ ਵਿਚ ਇਹ ਗੱਲ ਕਰ ਦਿਤੀ ਕਿ ਕਿੱਥੇ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਤੁਸੀਂ।

ਐਸੇ ਇਸ ਦੇ ਅਪਸ਼ਬਦ ਸਨ, ਸੰਗਤਾਂ ਸਹਿ ਨਹੀਂ

ਸਕੀਆਂ। ਸੰਗਤ ਦਿੱਲੀ ਤੋਂ ਗੁਰੂ ਚਰਨਾਂ ਵਿਚ ਪ੍ਰੇਮ ਭਰੀ ਪਤ੍ਰਿਕਾ ਦੇ ਵਿਚ ਇਹ ਗੱਲ ਲਿਖ ਕੇ ਭੇਜਦੀ ਹੈ। ਕਿ ਮੂਰਖ ਚੰਦੂ ਐਨਾ ਹੰਕਾਰੀ ਹੈ, ਆਪਣੇ ਆਪ ਨੂੰ ਚੁਬਾਰਾ ਆਖਦਾ ਹੈ ਤੇ ਗੁਰੂ ਘਰ ਨੂੰ ਮੋਰੀ ਕਹਿ ਰਿਹਾ ਹੈ ਤੇ ਇਸ ਦੀ ਜਿਹੜੀ ਲੜਕੀ ਹੈ ਕੱਲ੍ਹ ਨੂੰ ਉਸ ਨੇ ਗੁਰੂ ਮਾਤਾ ਬਣਨਾ ਹੈ। ਇਸ ਕਰਕੇ ਇਹ ਰਿਸ਼ਤਾ ਠੀਕ ਨਹੀਂ ਰਹਿਣਾ। ਇਹ ਰਿਸ਼ਤਾ ਨਾ-ਮਨਜ਼ੂਰ ਕੀਤਾ ਜਾਵੇ।

ਹੁਣ ਗੁਰੂ ਪਾਤਸ਼ਾਹ ਜੀ ਆਪਣੇ ਸੇਵਕਾਂ ਦੀ ਕੀਤੀ ਬੇਨਤੀ, ਸੰਗਤਾਂ ਦੀ ਕੀਤੀ ਅਰਦਾਸ ਮਨਜ਼ੂਰ ਕਰਦੇ ਨੇ। ਆਪਣਾ ਮਨਜ਼ੂਰ ਕੀਤਾ ਹੋਇਆ ਰਿਸ਼ਤਾ, ਨਾ ਮਨਜ਼ੂਰ, ਸੰਗਤਾਂ ਦੇ ਕਹਿਣ ਦੇ ਉਤੇ ਕਰ ਦਿਤਾ। ਕਿਉਂਕਿ ਗੁਰੂ ਸਦਾ ਤੋਂ ਇਹ ਕਰਦੇ ਆਏ ਨੇ -

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥*
*ਅੰਗ- ੧੨੫੩*

ਹੁਣ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਇਸ ਚੰਦੂ ਦੀ ਲੜਕੀ ਦਾ ਰਿਸ਼ਤਾ ਨਾ ਮਨਜ਼ੂਰ ਕਰ ਦਿੰਦੇ ਹਨ, ਸੰਗਤਾਂ ਦੀ ਕੀਤੀ ਬੇਨਤੀ ਪ੍ਰਵਾਨ ਕਰਦੇ ਹਨ। ਇਹ ਦੂਸਰਾ ਕਾਰਨ ਸੀ। ਤੀਜਾ ਕਾਰਨ ਪ੍ਰਿਥੀ ਚੰਦ ਜੋ ਕਿ ਉਮਰ 'ਚ ਵੱਡਾ ਸੀ, ਆਪਣਾ ਹੱਕ ਗੁਰੱਤਾ ਗੱਦੀ 'ਤੇ ਸਮਝਦਾ ਸੀ, ਈਰਖਾ ਵਸ, ਇਹ ਵੀ ਇਸ ਜੁੰਡਲੀ ਦੇ ਨਾਲ ਜਾ ਰਲਿਆ। ਹੁਣ ਕੇਂਦਰ ਵਲੋਂ ਦਿੱਲੀ ਤੋਂ ਸੁਲਭੀ ਖਾਂ ਸੈਨਾ ਲੈ ਕੇ ਆ ਰਿਹਾ ਸੀ। ਇਹ ਸਾਜਿਸ਼ ਅਧੀਨ ਮਾਲੀਆ ਉਗਰਾਉਣ ਵਾਸਤੇ। ਚੰਦੂ ਨਾਲ ਰਲਿਆ ਹੋਇਆ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਅਰਜਨ ਦੇਵ ਪਾਤਸ਼ਾਹ ਨੂੰ ਗ੍ਰਿਫਤਾਰ ਕਰਾਇਆ ਜਾਵੇ। ਸੁਲਭੀ ਖਾਂ ਆ ਰਿਹਾ ਹੈ, ਗੁਰੂ ਪਾਤਸ਼ਾਹ ਨੂੰ ਪਤਾ ਲੱਗਿਆ ਤਾਂ ਆਪ ਨੇ ਕਿਹਾ ਘਬਰਾਓ ਨਾ, ਜਿਹਦੇ ਉਤੇ ਪ੍ਰਮੇਸ਼ਰ ਦਾ ਹੱਥ ਉਹ ਕੀ ਦੁੱਖ ਪਾ ਸਕਦਾ ਹੈ -

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥*
*ਅੰਗ - ੭੪੯*

ਨਾਮ ਜਪਣ ਵਾਲਿਆਂ ਨੂੰ ਕਿਸੇ ਦਾ ਡਰ ਨਹੀਂ। ਅਸਥਿਤ ਹੋਵੋ ਨਾਮ 'ਚ।

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥*
*ਦੁਸਟ ਦੂਤ ਪਰਮੇਸਰਿ ਮਾਰੇ ॥*
*ਜਨ ਕੀ ਪੈਜ ਰਖੀ ਕਰਤਾਰੇ ॥ ੧ ॥*
*ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥*
*ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥*
*ਨਿਰਭਉ ਹੋਇ ਭਜਹੁ ਭਗਵਾਨ ॥*
*ਸਾਧਸੰਗਤਿ ਮਿਲਿ ਕੀਨੋ ਦਾਨੁ ॥ ੩ ॥*
*ਸਰਣਿ ਪਰੇ ਪ੍ਰਭ ਅੰਤਰਜਾਮੀ ॥*
*ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ਅੰਗ - ੨੦੧*

ਸੁਲਭੀ ਚੜ੍ਹਿਆ ਆਉਂਦਾ ਹੈ, ਪਰ ਹੋਇਆ ਕੀ? ਰਸਤੇ ਦੇ ਵਿਚ ਹੀ ਇਕ ਪਠਾਣ ਨੇ ਮਾਰ ਦਿਤਾ, ਉਹ ਤਨਖਾਹ ਮੰਗਦਾ ਸੀ ਇਹ ਦਿੰਦਾ ਨਹੀਂ ਸੀ, ਰਾਜ ਅਭਿਮਾਨ 'ਚ ਹੰਕਾਰਿਆ। ਇਹਦਾ ਚਾਚਾ ਸੁਲਹੀ ਖਾਨ ਇਹ ਚੰਦੂ ਦੇ ਕੋਲ ਜਾਂਦਾ ਹੈ। ਚੰਦੂ ਇਹਦੇ ਕੰਨ ਭਰਦਾ ਹੈ ਕਿ ਤੇਰਾ ਭਤੀਜਾ ਸਾਜਿਸ਼ ਅਧੀਨ ਮੇਰੇ ਭਰਾ ਨੇ ਮਰਵਾ ਦਿਤਾ ਹੈ। ਉਸ ਦੇ ਕੋਲ ਕਰਾਮਾਤ ਵੀ ਹੈ, ਜਾਦੂ ਵੀ ਕਰਦਾ ਹੈ, ਇਸ ਤਰ੍ਹਾਂ ਦੇ ਨਾਲ ਉਹਦੀ ਮੌਤ ਹੋ ਗਈ। ਚੰਦੂ ਉਹਨੂੰ ਆਵੇ ਦਿਖਾਉਂਦਾ ਹੈ। ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਇੱਟਾਂ ਲਗਦੀਆਂ ਨੇ। ਇਹ ਇੱਟਾਂ ਬਣਾਉਣ ਵਾਸਤੇ ਭੱਠੇ ਲਾ ਲੈਂਦਾ ਹੈ ਤੇ ਸੁਲਹੀ ਖਾਂ ਨੂੰ ਦਿਖਾਉਂਦਾ ਹੈ। ਗੁਰੂ ਪਾਤਸ਼ਾਹ ਜੀ ਨੂੰ ਸੰਗਤ ਕੀ ਬੇਨਤੀ ਕਰਦੀ ਹੈ ਕਿ ਪਾਤਸ਼ਾਹ! ਇਸ ਦਾ ਕੁਛ ਤਾਂ ਉਪਾਅ ਕਰੋ। ਗੁਰੂ ਪਾਤਸ਼ਾਹ ਜੀ ਕਹਿੰਦੇ ਕਿ ਮੈਂ ਪ੍ਰਮੇਸ਼ਰ 'ਤੇ ਛੱਡ ਦਿਤਾ ਸਭ।

ਸੁਲਹੀ ਖਾਂ ਮੰਦਾ ਚਿਤਵਦਾ ਹੈ। ਜਦੋਂ ਭੱਠੇ ਭਖਾ ਰਿਹਾ ਸੀ ਪ੍ਰਿਥੀ ਚੰਦ, ਸੁਲਹੀ ਦਾ ਘੋੜਾ ਇਸ ਤਰ੍ਹਾਂ ਤ੍ਰਭਕ ਗਿਆ ਤੇ ਉਹ ਆਵੇ ਦੇ ਵਿਚ ਗਿਰ ਗਿਆ। ਮੁਸਲਮਾਨ ਮਜ਼੍ਹਬ ਦੇ ਵਿਚ ਜੇ ਅੱਗ ਵਿਚ ਸੜ ਕੇ ਮਰਦਾ ਹੈ, ਉਹਨੂੰ ਨਾਪਾਕ ਕਹਿੰਦੇ ਨੇ ਕਿ ਅਪਵਿੱਤਰ ਹੋ ਕੇ ਮਰਿਆ ਹੈ। ਇਸ ਤਰ੍ਹਾਂ ਉਹਨੂੰ ਦੋਜ਼ਕ ਵਿਚ ਜਾ ਕੇ ਸੜਨਾ ਪਿਆ।

ਖੁਸਰੋ ਦੀ ਬਗਾਵਤ ਦਾ ਸਾਰਿਆਂ ਨੇ ਮੁੱਦਾ ਚੁੱਕ ਲਿਆ। ਜਹਾਂਗੀਰ ਦਿੱਲੀ ਤੋਂ ਚਲਿਆ, ਸਜ਼ਾਵਾਂ ਦਿੰਦਾ ਆ ਰਿਹਾ ਹੈ। ਜਿਹੜੇ ਤਾਂ ਮੁਸਲਮਾਨ ਪੀਰ ਹਨ ਉਨ੍ਹਾਂ ਨੂੰ ਨਹੀਂ ਸਜ਼ਾ ਦਿੰਦਾ, ਉਨ੍ਹਾਂ ਨੂੰ ਤਾਂ ਮੱਕੇ ਵਲ ਭੇਜ ਦਿੰਦਾ ਹੈ। ਦੂਸਰਿਆਂ ਨੂੰ ਬੜੀ ਸਜ਼ਾ ਦਿੰਦਾ ਆ ਰਿਹਾ ਹੈ। ਲਾਹੌਰ ਪਹੁੰਚ ਜਾਂਦਾ ਹੈ। ਹੁਣ ਪਾਤਸ਼ਾਹ ਜੀ ਨੂੰ ਲਾਹੌਰ ਬੁਲਾਇਆ ਜਾਂਦਾ ਹੈ ਤੇ ਸੱਚੇ ਪਾਤਸ਼ਾਹ ਜੀ ਕਹਿਣ ਲੱਗੇ, ਸਾਡੇ ਕੋਲ ਇਕ ਖੰਡਾ ਦੋ ਧਾਰਾ ਹੈ। ਉਹ ਇਹ ਹੈ -

*ਗਰੀਬੀ ਗਦਾ ਹਮਾਰੀ ॥*
*ਖੰਨਾ ਸਗਲ ਰੇਣੁ ਛਾਰੀ ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ ॥*
*ਗੁਰ ਪੂਰੇ ਏਹ ਗਲ ਸਾਰੀ ॥ ਅੰਗ- ੬੨੮*

ਇਹਦੇ ਅੱਗੇ ਕੋਈ ਵੀ ਵਿਕਾਰੀ, ਦੁਸ਼ਮਣ ਨਹੀਂ ਟਿਕ ਸਕਦਾ। ਸਾਡੇ ਕੋਲ ਇਹੀ ਹਥਿਆਰ ਹੈ।

ਹੁਣ ਲਾਹੌਰ ਵਲ ਨੂੰ ਆਪ ਜੀ ਚਾਲੇ ਪਾਉਂਦੇ ਹਨ ਤੇ ਨਾਲ 15 ਮਈ ਦੇ ਦਿਨ, 1606 ਈ. ਆਪਣੇ ਸਿੰਘਾਸ਼ਨ 'ਤੇ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੂੰ ਬਿਰਾਜਮਾਨ ਕਰ ਦਿੰਦੇ ਨੇ ਕਿ ਹੁਣ ਸਾਡਾ ਸਰੀਰ ਲੇਖੇ ਦੇ ਵਿਚ ਲਗ ਜਾਣਾ ਹੈ। ਆਪਣੇ ਨਾਲ ਪੰਜ ਸਿੱਖ ਲੈਂਦੇ ਹਨ, ਭਾਈ ਲੰਘਾਹਾ

ਜੀ, ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ, ਭਾਈ ਪ੍ਰਾਣਾ ਜੀ ਤੇ ਨਾਲ ਬਾਕੀਆਂ ਨੂੰ ਲਕੀਰ ਕੱਢ ਕੇ ਇਹ ਕਹਿ ਦਿੰਦੇ ਨੇ ਕਿ ਹੁਣ ਕਿਸੇ ਨੇ ਇਸ ਲਕੀਰ ਨੂੰ ਪਾਰ ਕਰਕੇ ਸਾਡੇ ਪਿੱਛੇ ਨਹੀਂ ਆਉਣਾ। ਹੁਣ ਤਾਂ –

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*

*ਅੰਗ – ੪੩੯*

ਹੁਣ ਸਾਰਿਆਂ ਨੂੰ ਹੀ ਹੁਕਮ ਹੋ ਗਿਆ ਕਿ ਸਾਡੇ ਨਾਲ ਇਹ ਪੰਜ ਸਿੱਖ ਜਾਣਗੇ, ਬਾਕੀ ਪਿੱਛੇ ਮੁੜ ਜਾਣ। ਐਸਾ ਬਚਨ ਸਹਿਣਾ ਬੜਾ ਔਖਾ ਹੈ, ਸੰਗਤਾਂ ਬਿਰਹੁੰ ਦੇ ਵਿਚ ਹਨ।

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*

*ਅੰਗ– ੧੧੦੦*

ਪਿਆਰੇ ਦਾ ਵਿਛੋੜਾ ਸਹਿਣਾ ਪਿਆਰ ਵਾਲਿਆਂ ਵਾਸਤੇ ਬਹੁਤ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਦੀ ਤਾਂ ਅਰਜੋਈ ਹੁੰਦੀ ਹੈ –

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ– ੮੩*

ਉਸ ਪਿਆਰੇ ਦੇ ਬਾਝੋਂ ਜੀਵਣਾ ਵੀ ਫੇਰ ਕਾਹਦਾ ਜੀਵਣਾ ਹੈ, ਉਹ ਤਾਂ ਹੈ –

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*

*ਅੰਗ – ੧੩੬੮*

ਪਹਿਲਾਂ ਤਾਂ ਜਿਉਂਦਾ ਹੀ ਨਹੀਂ ਜੇ ਜਿਉਂਦਾ ਤਾਂ ਪਾਗਲਾਂ ਵਾਲੀ ਹਾਲਤ ਹੋ ਜਾਂਦੀ ਹੈ। ਇਹ ਨਿਸ਼ਾਨੀ ਅਨੁਭਵੀ ਮਹਾਂਪੁਰਸ਼ਾਂ ਨੇ ਦੱਸੀ ਹੈ। ਨੌਂ ਨਿਸ਼ਾਨੀਆਂ ਪਿਆਰ ਵਾਲਿਆਂ ਦੀ ਪ੍ਰਗਟ ਹੁੰਦੀਆਂ ਨੇ।

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ,*
*ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਹੁਕਮ ਹੋ ਗਿਆ, ਹੁਣ ਸੰਗਤਾਂ ਪਿੱਛੇ ਮੁੜ ਜਾਂਦੀਆਂ ਹਨ। ਆਪ ਜੀ ਭਾਈ ਅਰਥਮੱਲ ਕੋਲ ਜਾਂਦੇ ਨੇ ਜੋ ਪੁਕਾਰਾਂ ਕਰ ਰਿਹਾ ਸੀ, ਰੋਜ਼ ਅਰਦਾਸਾਂ ਕਰਦਾ ਸੀ ਕਿ ਕੁਲੀ ਨੂੰ ਭਾਗ ਲਾ ਜਾਓ। ਉਹਦੇ ਕੋਲ ਸਿੱਧਾ ਜਾਂਦੇ ਨੇ। ਉਸ ਨੇ ਕਿਹਾ ਕਿ ਮਹਾਰਾਜ! ਕੀ ਭਾਣਾ ਵਰਤਾਉਣ ਜਾ ਰਹੇ ਹੋਂ। ਮੈਨੂੰ ਵੀ ਨਾਲ ਲੈ ਚੱਲੋ, ਫੇਰ ਮੈਨੂੰ ਹਨ੍ਹੇਰੇ ਦੇ ਵਿਚ ਆਉਣਾ ਔਖਾ ਹੋ ਜਾਣਾ ਹੈ। ਪਾਤਸ਼ਾਹ ਕਹਿਣ ਲੱਗੇ, ਕੋਈ ਗੱਲ ਨਹੀਂ, ਅੱਜ ਤੋਂ 40 ਦਿਨ ਬਾਅਦ ਤੂੰ ਵੀ ਦਰਗਾਹ 'ਚ ਪਹੁੰਚ ਜਾਣਾ ਹੈ। ਪੰਜ ਕੁ ਦਿਨ ਤਾਂ ਭਾਣਾ ਵਰਤਾਉਣ ਨੂੰ ਲੱਗਣੇ ਨੇ, ਥੋੜ੍ਹੇ ਹੀ ਦਿਨ ਬਾਕੀ ਰਹਿ ਜਾਣੇ ਨੇ, ਤੂੰ ਵੀ ਸਾਡੇ ਕੋਲ ਆ ਜਾਣਾ ਹੈ।

ਗੁਰੂ ਮਹਾਰਾਜ ਸਰਬ ਕਲਾ ਸਮਰੱਥ ਹਨ। ਆਪਣੀ ਮਰਜ਼ੀ ਨਾਲ ਭਾਣਾ ਵਰਤਾਉਂਦੇ ਹਨ। ਜਹਾਂਗੀਰ ਵਲੋਂ ਪਹਿਲਾਂ ਹੀ ਯਾਸਾ ਦੀ ਸਜ਼ਾ ਲਾਈ ਜਾ ਚੁੱਕੀ ਸੀ। ਚੰਦੂ ਕਹਿਣ ਲੱਗਿਆ ਇਨ੍ਹਾਂ ਨੂੰ ਮੇਰੇ ਹਵਾਲੇ ਕਰੋ, ਜਹਾਂਗੀਰ ਅੱਗੇ ਚਲਿਆ ਜਾਂਦਾ ਹੈ। ਚੰਦੂ ਦੀ ਹਵੇਲੀ ਦੇ ਵਿਚ ਆਪ ਜੀ ਨੂੰ ਸਾਰਾ ਦਿਨ ਕੜਕਦੀ ਧੁੱਪ ਦੇ ਵਿਚ ਆਪ ਜੀ ਨੂੰ ਖੜ੍ਹਾ ਕੀਤਾ ਜਾਂਦਾ ਹੈ। ਦੂਜੇ ਦਿਨ ਦੇਗ 'ਚ ਉਬਾਲੇ ਦਿਤੇ ਜਾਂਦੇ ਹਨ। ਤੀਜੇ ਦਿਨ ਸਮਾਧੀ ਲਾ ਕੇ ਬੈਠ ਗਏ ਤੱਤੀ ਤਵੀ 'ਤੇ। ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਵਿਚ ਲਿਖਿਆ ਹੈ ਕਿ ਗੋਰਖਨਾਥ ਵੀ ਅਦ੍ਰਿਸ਼ ਰੂਪ 'ਚ ਆ ਕੇ ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰਾ ਕੁਛ ਦੇਖਿਆ ਨਹੀਂ ਜਾਂਦਾ, ਸ਼ਕਤੀ ਦਿਖਾਉਣ ਦਾ ਹੁਕਮ ਦਿਓ। ਪਾਤਸ਼ਾਹ ਕਹਿਣ ਲੱਗੇ, ਨਹੀਂ, ਇਹ ਤਾਂ ਅਸੀਂ ਆਪ ਖੇਡ ਵਰਤਾ ਰਹੇ ਹਾਂ।

ਸਾਈਂ ਮੀਆਂਮੀਰ ਜੀ ਆਉਂਦੇ ਹਨ। ਗੁਰੂ ਜੀ ਨੇ ਸਾਈਂ ਮੀਆਂਮੀਰ ਨੂੰ ਜੀਵਨ ਮੁਕਤੀ ਦੇ ਅਰਥ ਸਮਝਾਏ–

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ– ੨੭੫*

ਕਹਿੰਦੇ, ਸਾਈਂ ਜੀ! ਤੁਸੀਂ ਅਰਥ ਪੁੱਛੇ ਸੀ, ਅੱਜ ਪ੍ਰੈਕਟੀਕਲ ਰੂਪ ਵੇਖ ਲਵੋ। ਸਰਬ ਕਲਾ ਸਮਰੱਥ ਗੁਰੂ ਜੀ, ਤੱਤੀਆਂ ਤਵੀਆਂ 'ਤੇ ਸਮਾਧੀਆਂ ਲਾ ਕੇ ਕੀ ਆਖਦੇ ਨੇ?–

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਅੰਗ – ੩੯੪*

ਹੁਣ ਗੁਰੂ ਮਹਾਰਾਜ ਜੀ ਦਾ ਇਹ ਭਾਣਾ, ਸਾਂਈਂ ਮੀਆਂਮੀਰ ਜੀ ਕਹਿਣ ਲੱਗੇ, ਪਾਤਸ਼ਾਹ! ਹੁਣ ਤਾਂ ਸਾਨੂੰ ਵੀ ਸਮਝ ਆ ਗਈ।

ਭਾਈ ਪ੍ਰਾਣਾਂ ਜੀ ਨੇ ਹੱਥ ਉਪਰ ਨੂੰ ਚੁੱਕੇ ਨੇ। ਗੁਰੂ ਮਹਾਰਾਜ ਨੇ ਕਿਹਾ ਕਿ ਕੀ ਕਰਨ ਲੱਗਿਆ ਹੈਂ?

ਕਹਿੰਦਾ, ਮਹਾਰਾਜ ਇਹ ਦੇਖ ਨਹੀਂ ਹੁੰਦਾ। ਲਾਹੌਰ ਤੇ ਦਿੱਲੀ ਦੇ ਛੈਣੇ ਵਜਾਉਣ ਲੱਗਿਆ ਹਾਂ।

ਕਹਿੰਦੇ, ਸ਼ਕਤੀ ਕਿੱਥੋਂ ਆਈ?

ਕਹਿਣ ਲੱਗਿਆ, ਤੁਹਾਡੇ ਕੋਲੋਂ।

ਕਹਿਣ ਲੱਗੇ, ਪਿਆਰਿਆ! ਅਜਰ ਵਸਤੂ ਨੂੰ ਜ਼ਰਨਾ ਸਿੱਖ। ਦੇਖ, ਜਿੱਥੋਂ ਤੈਨੂੰ ਸ਼ਕਤੀ ਮਿਲੀ ਹੈ, ਉਹ ਆਪ

ਕਿੰਨੀ ਸ਼ਕਤੀ ਦਾ ਸਮੁੰਦਰ ਹੋਵੇਗਾ।

ਦੇਖ ਰਹੇ ਹਨ ਕਿ ਇਨ੍ਹਾਂ ਨੂੰ ਐਨੇ ਤਸੀਹੇ ਦਿਤੇ ਜਾ ਰਹੇ ਹਨ, ਕੋਈ ਦਰਦ ਨਹੀਂ ਮਹਿਸੂਸ ਕਰ ਰਹੇ – 'ਸਦਾ ਅਨੰਦੁ ਤਹ ਨਹੀ ਬਿਓਗੁ ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ '

ਉਨ੍ਹਾਂ ਨੇ ਕਿਹਾ ਕਿ ਇਹ ਦਸਮ ਦੁਆਰ 'ਚ ਸਮਾਧੀ ਸਥਿਤ ਹੋ ਜਾਂਦੇ ਨੇ, ਇਸ ਕਰਕੇ ਇਨ੍ਹਾਂ ਨੂੰ ਕੋਈ ਦਰਦ ਮਹਿਸੂਸ ਨਹੀਂ ਹੁੰਦਾ। ਇਸ ਲਈ ਤੱਤੀ ਰੇਤ ਸੀਸ ਪਾਈ ਜਾਂਦੀ ਹੈ। ਪਰ ਗੁਰੂ ਮਹਾਰਾਜ ਜੀ ਅਡੋਲ ਬੈਠੇ ਹਨ। ਰਾਤ ਦੇ ਸਮੇਂ ਚੰਦੂ ਦੀ ਨੂੰਹ, ਗੁਰਸਿੱਖ ਦੀ ਲੜਕੀ, ਪਹਿਰਦਾਰਾਂ ਨੂੰ ਆਪਣੇ ਗਹਿਣੇ ਦੇ ਕੇ, ਗੁਰੂ ਜੀ ਕੋਲ ਸ਼ਰਬਤ ਲੈ ਕੇ ਆਉਂਦੀ ਹੈ, ਚੂਰੀ ਲੈ ਕੇ ਆਉਂਦੀ ਹੈ ਕਿ ਪਾਤਸ਼ਾਹ! ਅੰਗੀਕਾਰ ਕਰੋ।

ਪਾਤਸ਼ਾਹ ਕਹਿਣ ਲੱਗੇ, ਨਹੀਂ ਬੇਟਾ! ਅਸੀਂ ਅੰਗੀਕਾਰ ਨਹੀਂ ਕਰਨਾ ਕੁਛ ਵੀ, ਦੁਸ਼ਟ ਪਾਪੀ ਦੇ ਘਰ ਦਾ ਅੰਨ ਜਲ। ਹੁਣ ਜਿਹੜੀ ਛਬੀਲਾਂ ਲਗਦੀਆਂ ਨੇ ਪ੍ਰਤੀਕ ਹੈ। ਗੁਰੂ ਪਾਤਸ਼ਾਹ ਜੀ ਕਹਿਣ ਲੱਗੇ, ਬੇਟਾ! ਤੇਰੇ ਅੰਦਰ ਦਰਦ ਹੈ, ਤੂੰ ਵੀ ਫੇਰ ਸਾਡੇ ਨਾਲ ਹੀ ਚੱਲ, ਇਧਰ ਗੁਰੂ ਜੀ ਰਾਵੀ ਦੇ ਕੰਢੇ ਆ ਕੇ ਇਸ਼ਨਾਨ ਕਰਕੇ –

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥* *ਅੰਗ – ੨੭੮*

ਇਸ ਤਰ੍ਹਾਂ ਦੇ ਨਾਲ ਭਾਣਾ ਵਰਤਾ ਦਿੰਦੇ ਨੇ ਤੇ ਇਹ ਬੱਚੀ ਵੀ, ਜਿਹੜੀ ਚੰਦੂ ਦੀ ਨੂੰਹ, ਗੁਰਸਿੱਖ ਦੀ ਲੜਕੀ ਸੀ, ਉਹ ਵੀ ਸਰੀਰ ਛੱਡ ਦਿੰਦੀ ਹੈ।

*ਗੁਰਮੁਖਿ ਆਵੈ ਜਾਇ ਨਿਸੰਗੁ ॥* *ਅੰਗ – ੯੩੨*

ਇਸ ਤਰ੍ਹਾਂ 30 ਮਈ, 1606 ਈਸਵੀ ਜਿਹੜਾ ਕਿ ਆਪਾਂ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ। ਇਸ ਦਿਨ ਐਡਾ ਵੱਡਾ ਗੁਰੂ ਪਾਤਸ਼ਾਹ ਜੀ ਨੇ ਸਾਕਾ ਵਰਤਾਇਆ। ਸ਼ਹਾਦਤ ਕੀ ਹੈ? ਸੱਚ ਦੀ ਗਵਾਹੀ ਹੈ। ਜਿਹੜਾ ਇਸ ਸ਼ਹਾਦਤ ਨੂੰ ਯਾਦ ਕਰਦਾ ਹੈ, ਗੁਰੂ ਅਰਜਨ ਦੇਵ ਜੀ ਨੂੰ ਯਾਦ ਕਰਦਾ ਹੈ। ਉਸ ਦੇ ਉਤੇ ਕਦੀ ਸੰਕਟ ਨਹੀਂ ਮੰਡਰਾ ਸਕਦਾ। ਸਾਡੇ ਤਾਂ ਸੰਕਟਾਂ ਦੇ ਬੱਦਲ ਛਾਏ ਹਨ, ਪਰ ਪਾਤਸ਼ਾਹ ਫੁਰਮਾਨ ਕਰਦੇ ਨੇ –

*ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥*

*ਅੰਗ– ੧੪੦੯*

ਇਸ ਦਿਨ ਸਾਡੇ ਅੰਦਰ ਕੀ ਆਉਂਦਾ ਹੈ, ਵੈਰਾਗ। ਵੈਰਾਗ ਨਾਲ ਕੀ ਹੁੰਦਾ ਹੈ? ਜਿਹੜੀ ਭੁੱਲ ਹੈ ਉਹ ਦੂਰ ਹੋ ਜਾਂਦੀ ਹੈ। ਮਾਇਆ ਨਾਮ 'ਭੁੱਲ' ਹੈ। ਇਹ ਦੂਰ ਹੋ ਜਾਂਦੀ ਹੈ –

*ਨਾ ਮੈ ਜੋਗ ਧਿਆਨ ਚਿਤੁ ਲਾਇਆ ॥*
*ਬਿਨੁ ਬੈਰਾਗ ਨ ਛੂਟਸਿ ਮਾਇਆ ॥* *ਅੰਗ – ੩੨੯*

ਵੈਰਾਗ ਤਿਆਗ ਕਰਨਾ ਸਿਖਾਉਂਦਾ ਹੈ ਤੇ ਇਸ ਤੋਂ ਉਪਰ ਅਵਸਥਾ ਕੀ ਆ ਜਾਂਦੀ ਹੈ? ਉਦਾਸੀਨ। ਆਤਮਾ ਦਾ ਸੁਭਾਅ ਹੈ ਉਦਾਸੀਨ ਤੇ ਇਹ ਸਭ ਸੰਸਾਰ ਦੇ ਵਿਚ ਅਸੀਂ ਜੋ ਵੇਖਦੇ ਹਾਂ ਇਹ ਸਭ ਸੁਪਨਾ ਹੈ। ਇਹ ਸਰੀਰ ਸਾਨੂੰ ਇਕ ਵਹੀਕਲ ਮਿਲ ਗਿਆ, ਇਸ ਸਰੀਰ ਦੇ ਵਿਚ ਅਮੋਲ ਵਸਤੂ ਹੈ, ਉਹ ਹੈ ਸਵਾਸ –

*ਸਲੋਕੁ ॥ ਛਨਿ ਘਾਲੇ ਸਭ ਦਿਵਸ ਸਾਸ*
*ਨਹ ਬਢਨ ਘਟਨ ਤਿਲੁ ਸਾਰ ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥*

*ਅੰਗ– ੨੫੪*

ਪਿੱਛੇ ਆਪਾਂ ਵਿਚਾਰ ਕੀਤੀ ਸੀ–ਸਮ, ਦਮ, ਯਮ, ਆਸਣ, ਪ੍ਰਤਿਹਾਰ, ਪ੍ਰਾਣਾਯਾਮ, ਨਿਧਿਆਸਣ ਇਹ ਬਹਿਰੰਗ ਸਾਧਨ ਤੇ ਇਸ ਤੋਂ ਅੱਗੇ ਹੈ ਧਾਰਨਾ, ਧਿਆਨ, ਸਮਾਧੀ। ਅੱਜ ਦੇ ਦਿਨ ਦੇਖੋ, ਧਿਆਨ ਦਿਓ, ਤੱਤੀ ਤਵੀ 'ਤੇ ਬੈਠ ਕੇ, ਸੀਸ 'ਚ ਰੇਤ ਪੁਆ ਕੇ ਕਿੱਥੇ ਸਮਾਧੀ ਸਥਿਤ ਹੋਏ ਨੇ ਪਾਤਸ਼ਾਹ, ਸਾ–ਵਿਕਲਪ ਸਮਾਧ ਤੋਂ ਨਿਰਵਿਕਲਪ ਸਮਾਧ, ਸਹਿਜ ਸਮਾਧ। ਐਸੀ ਸਥਿਤੀ, ਜਦੋਂ ਸਾਡੇ ਅੰਦਰ ਪਿਆਰ ਆਵੇਗਾ, ਵੈਰਾਗ ਆਵੇਗਾ, ਉਸ ਸਮੇਂ ਆਵੇਗੀ, ਨਹੀਂ ਤਾਂ ਅਸੀਂ –

*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਅੰਗ– ੧੩੩*

ਇਨ੍ਹਾਂ ਦੇ ਵਿਚ ਹੀ ਫਸ ਕੇ ਰਹਿ ਜਾਂਦੇ ਹਾਂ। ਸੋ ਦਿਨ ਮਨਾਏ ਤਾਂ ਹੀ ਸਾਡੇ ਵਾਸਤੇ ਸਫਲੇ ਹਨ ਜੇ ਆਪਾਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲੀਏ।

ਤੁਸੀਂ ਸਾਰੇ ਪਰਿਵਾਰਾਂ ਵਾਲੇ ਬੈਠੇ ਹੋ, ਚਾਹੇ ਕੋਈ ਬਿਹੰਗਮ ਹੈ, ਚਾਹੇ ਕੋਈ ਗ੍ਰਹਿਸਤੀ ਹੈ ਅਸਲੀਅਤ ਜੋ ਹੈ ਨਾਮ 'ਚ ਅਸਥਿਤੀ ਹੋਣ ਦੀ ਹੈ। ਇਹ ਜਿਹੜੀਆਂ ਆਪਾਂ ਯਾਦ ਕਰਦੇ ਹਾਂ ਸ਼ਹੀਦੀਆਂ, ਇਹਦੇ ਨਾਲ ਸਾਡੇ ਅੰਦਰ ਵੈਰਾਗ ਆਉਂਦਾ ਹੈ ਕਿਉਂਕਿ ਇਹ ਇਕ ਐਸਾ ਵੈਰਾਗ ਜਹਾਜ਼ ਹੈ –

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ ॥*

*ਅੰਗ – ੧੩੭੯*

ਸੋ ਸਾਡੀ ਜੀਵਨ ਦੀ ਰੌ ਰੁਮਕੇ, ਜੀਵਨ ਦੇ ਵਿਚ ਐਸਾ ਪਿਆਰ, ਐਸਾ ਵੈਰਾਗ ਆਵੇ ਕਿ ਜਿੱਥੇ ਗੁਰੂ ਸਾਹਿਬ ਸਾਨੂੰ ਲਿਜਾਣਾ ਚਾਹੁੰਦੇ ਨੇ, ਫੇਰ ਕਹਿੰਦੇ – 'ਫਿਰਿ ਸੰਕਟ ਜੋਨਿ ਗਰਭ ਨ ਆਯਉ ॥' ਫੇਰ ਨਾ ਤਾਂ ਸੰਕਟ ਆਉਂਦੈ, ਨਾ ਗਰਭ 'ਚ ਆਉਣਾ ਪੈਂਦੈ, ਜੰਮਣ–ਮਰਨ ਦਾ ਸਾਰਾ ਕਲਾ–ਕਲੇਸ਼ ਹੀ ਮੁੱਕ ਜਾਂਦਾ ਹੈ।

ਸੋ ਸਾਧਸੰਗਤ ਜੀ ਐਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਅੰਦਰਲੀਆਂ ਅਵਸਥਾਵਾਂ ਮਹਾਂਪੁਰਸ਼ਾਂ ਨੇ 'ਆਤਮ ਮਾਰਗ' ਮੈਗਜ਼ੀਨ 'ਚ ਖੋਲ੍ਹੀਆਂ ਨੇ। ਸੋ ਤੁਸੀਂ ਬਹੁਤ ਸਾਰੇ ਇਸ ਦੇ ਮੈਂਬਰ ਹੋਂ, ਜੇ ਨਹੀਂ ਬਣੇ ਜ਼ਰੂਰ ਬਣ ਜਾਓ। ਸੋ ਘਰਾਂ 'ਚ ਇਹ ਮੈਗਜ਼ੀਨ ਲਿਜਾਓ, ਸੁੱਖ–ਸ਼ਾਂਤੀ ਪ੍ਰਾਪਤ ਕਰੋ।

# ਜਪ੍ਉ ਜਿਨ੍ ਅਰਜੁਨ ਦੇਵ ਗੁਰੂ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਪਾਤਸ਼ਾਹ ਜੀ ਦਾ ਪਾਵਨ ਸ਼ਹੀਦੀ ਦਿਹਾੜਾ ਜੋ ਕਿ ਸਾਰੇ ਸੰਸਾਰ ਭਰ ਵਿਚ ਮਨਾਇਆ ਜਾ ਰਿਹਾ ਹੈ, ਉਸ ਦੀ ਯਾਦ ਵਿਚ ਤੁਸੀਂ ਦੂਰ-ਦਰਾਜ਼ ਤੋਂ ਆ ਕੇ, ਕਾਰੋਬਾਰ ਛਡਦੇ ਹੋਏ, ਗੁਰੂ ਦੀ ਹਾਜ਼ਰੀ ਭਰ ਰਹੇ ਹੋਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਸਰਵਣ ਕਰਨਾ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਪਾਵਨ ਬਾਣੀ ਤੇ ਵਿਚਾਰ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ, ਫੇਰ ਹਿਰਦੇ ਵਿਚ ਧਾਰੋ। ਜਦੋਂ ਇਸ ਤਰ੍ਹਾਂ ਕਰਾਂਗੇ, ਕਿੰਨਾ ਫਲ ਹੋਏਗਾ?

ਹੋ ਸਕਦਾ ਹੈ ਕਿ ਕਿਸੇ ਦੇ ਮਨ ਵਿਚ ਇਹ ਕਿੰਤੂ ਹੋਵੇ, ਬਈ ਐਨੀ ਕੁ ਗੱਲ ਦਾ, ਸ਼ਾਮਿਆਨੇ ਦੇ ਥੱਲੇ ਬੈਠੇ ਹਾਂ, ਇਕ ਸਾਧੂ ਹੈ, ਤਪੀਆ ਪੁਰਸ਼ ਹੈ, ਉਹ ਧੁੱਪੇ ਬੈਠਾ ਹੈ ਜੇਠ ਹਾੜ੍ਹ ਦੀ ਧੁੱਪ ਦੇ ਅੰਦਰ। ਧੂਣੀਆਂ ਉਹਨੇ ਚਾਰ ਲਾਈਆਂ ਹੋਈਆਂ ਨੇ, ਚਾਰੋਂ ਪਾਸੇ ਦੀ ਹਵਾ ਵਿਚ । ਲਹੂ ਸੁਕਾ ਰਿਹਾ ਹੈ, ਪਾਨੀ ਨਹੀਂ ਪੀ ਰਿਹਾ, ਸਵੇਰ ਦਾ ਬੈਠਾ ਹੈ ਸ਼ਾਮ ਹੋ ਗਈ, ਮਹੀਨੇ ਲੰਘ ਗਏ। ਕੀ ਉਸ ਤੋਂ ਵੀ ਵੱਧ ਤਪ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਉਹ ਤਾਂ ਜਿਵੇਂ ਲੱਖ ਰੁਪਈਏ ਤੋਂ ਇਕ ਰੁਪਈਆ ਕਹਿ ਦੇਈਏ, ਐਨਾ ਵੀ ਨਹੀਂ ਹੈਗਾ। ਇਸ ਤੋਂ ਵੀ ਘੱਟ ਹੈ, ਇਕ ਪੈਸੇ ਜਿੰਨਾ ਵੀ ਨਹੀਂ ਹੈ। ਇਹਦਾ ਫਲ ਕਿੰਨਾ ਹੈ? -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - ੫੪੬***

ਜਿਹੜੇ ਸੁਣਦੇ ਨੇ ਪੂਰੀ ਵਿਧੀ ਦੇ ਨਾਲ, ਫੇਰ ਗਾਉਂਦੇ ਨੇ। ਕਈ ਕਰੋੜ ਜਗਾਂ ਦਾ ਫਲ ਸਹਿਜ ਸੁਭਾਅ ਪ੍ਰਾਪਤ ਹੁੰਦਾ ਹੈ। ਸੋ ਬਹੁਤ ਵੱਡੇ ਫਲ ਨੂੰ ਪ੍ਰਾਪਤ ਕਰਨ ਵਾਸਤੇ ਤੁਸੀਂ ਇਥੇ ਬੈਠੇ ਹੋਂ। ਸੋ ਜੋ ਵਿਚਾਰ ਹੋ ਰਹੀ ਹੈ, ਉਸ ਨੂੰ ਧਿਆਨ ਨਾਲ ਸਰਵਣ ਕਰੋ।

ਸੋ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਜਿਨ੍ਹਾਂ ਦਾ ਨਾਮ ਲੈਣ ਦੇ ਨਾਲ ਹੀ ਜੰਮਣਾ ਮਰਨਾ ਕਟ ਜਾਇਆ ਕਰਦਾ ਹੈ, ਜਦੋਂ ਅਸੀਂ ਯਾਦ ਕਰਦੇ ਹਾਂ ਗੁਰੂ ਮਹਾਰਾਜ ਨੂੰ। ਉਨ੍ਹਾਂ ਦੀ ਯਾਦ ਵਿਚ ਸਾਡੇ ਮਨ ਦੀ ਸੂਈ ਸਿੱਧੀ ਹੁੰਦੀ ਹੈ, ਤਾਂ ਉਸ ਵੇਲੇ ਫਲ ਕਿੰਨਾ ਹੁੰਦਾ ਹੈ? ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਕਿ ਜੰਮਣਾ ਮਰਨਾ ਖਤਮ ਹੋ ਜਾਂਦਾ ਹੈ-

***ਜਪ੍ਉ ਜਿਨ੍ ਅਰਜੁਨ ਦੇਵ ਗੁਰੂ***
***ਫਿਰਿ ਸੰਕਟ ਜੋਨਿ ਗਰਭ ਨ ਆਯਉ ॥***
***ਅੰਗ - ੧੪੦੯***

ਜਿਨ੍ਹਾਂ ਨੇ ਵੀ ਗੁਰੂ ਅਰਜਨ ਦੇਵ ਜੀ ਦੀ ਯਾਦ ਹਿਰਦੇ ਵਿਚ ਬਿਠਾਈ ਤੇ ਜਿਸ ਨੇ ਇਹ ਕਹਿ ਦਿਤਾ 'ਧੰਨ ਗੁਰੂ ਅਰਜਨ ਸਾਹਿਬ, ਧੰਨ ਗੁਰੂ ਅਰਜਨ ਸਾਹਿਬ' ਕਹਿੰਦੇ ਜਮਦੂਤਾਂ ਦੇ ਬਲ ਦੇ ਨਾਲ ਗਲ ਵਿਚ ਪਾਈ ਹੋਈ ਫਾਹੀ ਕਟ ਜਾਏਗੀ। ਉਸ ਗੁਰੂ ਦੀ ਯਾਦ ਵਿਚ ਜਿਸਨੂੰ ਸ਼ਹੀਦਾਂ ਦਾ ਸਿਰਤਾਜ ਕਹਿੰਦੇ ਨੇ, ਉਨ੍ਹਾਂ ਬਾਰੇ ਵਿਚਾਰ ਕਰਨੀ ਹੈ।

ਭੱਟ ਸਾਰੇ ਭਾਰਤ ਵਰਸ਼ ਵਿਚ ਘੁੰਮਦੇ ਫਿਰਦੇ ਨੇ ਤੇ ਉਨ੍ਹਾਂ ਦੇ ਮਨ ਵਿਚ ਇਹ ਸੀ ਕਿ ਕੋਈ ਪੂਰਾ ਮਿਲ ਜਾਵੇ ਤਾਂ ਉਸ ਤੋਂ ਅਸੀਂ ਜੀਵਨ ਦੇ ਮਨੋਰਥ ਦਾ ਪਤਾ ਕਰੀਏ ਤੇ ਪਰਮ ਮਨੋਰਥ ਨੂੰ ਪ੍ਰਾਪਤ ਕਰੀਏ। ਉਹ ਬਹੁਤ ਘੁੰਮਦੇ ਰਹੇ, ਪਰ ਕਿਤੇ ਨਾ ਮਿਲਿਆ, ਇਕ ਸਾਲ ਹੋ ਗਿਆ ਘੁੰਮਦਿਆਂ ਨੂੰ। ਲੇਕਿਨ ਕੋਈ ਮਿਲਿਆ ਨਾ ਐਸਾ ਜਿਹੜਾ ਤਸੱਲੀ ਕਰ ਸਕਦਾ ਹੋਵੇ। ਜਿਹੜਾ ਅੰਦਰਲੀ ਜੋਤੀ ਜਗਾ ਸਕਦਾ ਹੋਵੇ। ਜਿਹੜਾ ਅੰਦਰਲਾ -

***ਘਰਿ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੇ ਸਬਦੁ ਨੀਸਾਣੁ॥ ਅੰਗ - ੧੨੯੧***

ਜਿਹੜਾ ਇਸ ਥਾਂ ਤੇ ਅੰਦਰ ਪਹੁੰਚਾ ਦਿੰਦਾ, ਜਿਥੇ ਪੰਜੇ ਸ਼ਬਦਾਂ ਦਾ ਵਾਜਾ ਦਿਨ ਰਾਤ ਵਜਦਾ ਹੈ। ਜਿਥੇ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹਰ ਵਕਤ ਲਟ-ਲਟ ਕਰਦਾ ਹੈ। ਕੋਈ ਮਿਲਿਆ ਨਾ, ਵੱਡੇ-ਵੱਡੇ ਦੇਖੇ। ਲੇਕਿਨ ਰਹਿਤ ਨਾ ਦੇਖੀ। ਪਰ ਹੁਣ ਕਹਿੰਦੇ ਸਾਡੇ ਮੱਥੇ ਦੇ ਉਤੇ ਐਸਾ ਕੋਈ ਸ਼ੁਭ ਕਰਮ ਪ੍ਰਗਟ ਹੋ ਗਿਆ ਕਿ ਅਸੀਂ ਗੁਰੂ ਅਰਜਨ ਪਾਤਸ਼ਾਹ ਦੇ ਦਰਬਾਰ ਵਿਚ ਆ ਗਏ। ਜਿੰਨਾਂ ਚਿਰ ਨਹੀਂ ਪ੍ਰਗਟਿਆ ਸੀ, ਓਨਾ ਚਿਰ ਅਸੀਂ ਭਰਮਦੇ ਫਿਰਦੇ ਸੀ।

***ਜਬ ਲਉ ਨਹੀ ਭਾਗ ਲਿਲਾਰ ਉਦੈ***
***ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥***
***ਕਲਿ ਘੋਰ ਸਮੁਦ੍ਰ ਮੈ ਬੂਡਤ ਥੇ***
***ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥***
***ਅੰਗ - ੧੪੦੯***

ਕੋਈ ਨਹੀਂ ਸੀ ਮਿਲਿਆ।

***ਤਤੁ ਬਿਚਾਰੁ ਯਹੈ ਮਥੁਰਾ***
***ਜਗ ਤਾਰਨ ਕਉ ਅਵਤਾਰੁ ਬਨਾਯਉ॥***
***ਜਪ੍ਉ ਜਿਨ ਅਰਜੁਨ ਦੇਵ ਗੁਰੂ***
***ਫਿਰਿ ਸੰਕਟ ਜੋਨਿ ਗਰਭ ਨ ਆਯਉ॥***
***ਅੰਗ - ੧੪੦੯***

ਜਿਹਨੇ ਉਨ੍ਹਾਂ ਦਾ ਧਿਆਨ ਧਰ ਲਿਆ, ਫੇਰ ਨਾ ਉਹਦੇ ਉਤੇ ਕੋਈ ਦੁਖ ਆਵੇ, ਨਾ ਜੂਨੀਆਂ 'ਚ ਆਵੇ। ਭੂਤ ਪ੍ਰੇਤ ਨਹੀਂ ਬਣਦਾ।

ਗੁਰੂ ਅਰਜਨ ਪਾਤਸ਼ਾਹ, ਆਪ ਗੁਰੂ ਰਾਮਦਾਸ ਮਹਾਰਾਜ

ਜੀ ਦੇ ਸਭ ਤੋਂ ਛੋਟੇ ਸਪੁੱਤਰ ਸੀ। ਇਸੇ ਪਰਿਵਾਰ ਦੇ ਅੰਦਰ ਜੋ ਸਭ ਤੋਂ ਵੱਡੇ ਸੀ, ਪ੍ਰਿਥੀਚੰਦ ਉਹ ਦੁਨਿਆਵੀ ਤੌਰ ਦੇ ਉਤੇ ਬਹੁਤ ਹੁਸ਼ਿਆਰ ਸੀ। ਕਾਰੋਬਾਰ ਦੇ ਹਿਸਾਬ ਦੇ ਨਾਲ, ਨਵਾਂ ਅੰਮ੍ਰਿਤਸਰ ਸਾਹਿਬ ਦਾ ਸ਼ਹਿਰ ਵਸਾਇਆ ਸੀ। 52 ਕਸਬਾਂ ਵਾਲੇ ਬੰਦੇ ਉਥੇ ਲਿਆ ਕੇ ਵਸਾਏ। ਜਦੋਂ ਕੋਈ ਸ਼ਹਿਰ ਵਸਦਾ ਹੈ, ਉਸ ਵੇਲੇ ਬਹੁਤ ਜ਼ਿੰਮੇਵਾਰੀ ਵਧ ਜਾਂਦੀ ਹੈ, ਵਸਾਉਣ ਵਾਲੇ ਦੀ। ਉਨ੍ਹਾਂ ਦਾ ਪਾਣੀ ਦਾ ਬੰਦੋਬਸਤ, ਉਨ੍ਹਾਂ ਦੀ ਸਿਹਤ ਦਾ ਬੰਦੋਬਸਤ, ਸਫਾਈ ਦਾ ਬੰਦੋਬਸਤ, ਖਾਣ ਪੀਣ ਦਾ ਬੰਦੋਬਸਤ, ਦੁਕਾਨਾਂ ਦਾ ਬੰਦੋਬਸਤ, ਲੋੜਵੰਦ ਚੀਜ਼ਾਂ ਦਾ ਬੰਦੋਬਸਤ, ਮੰਡੀ ਬਣਾਉਣੀ ਪੈਂਦੀ ਹੈ, ਸਾਰਾ ਢਾਂਚਾ ਬਣਾਉਣਾ ਪੈਂਦਾ ਹੈ। ਸੋ ਉਹਦੇ ਵਿਚ ਬੜਾ ਹੀ ਨਿਪੁੰਨ ਸੀ ਪ੍ਰਿਥੀ ਚੰਦ, ਕਮੇਟੀ ਕੋਈ ਨਹੀਂ ਸੀ ਬਣਾਈ ਹੋਈ, ਜਿਵੇਂ ਮਿਉਂਸਪੈਲਟੀ ਹੁੰਦੀ ਹੈ ਅੱਜਕਲ੍ਹ। ਉਹ ਆਪ ਟੈਕਸ ਲਾਉਂਦਾ ਸੀ, ਆਪ ਹੀ ਸਭ ਕੰਮ ਕਰਦਾ ਸੀ। ਪਬਲਿਕ ਵੀ ਰਾਜ਼ੀ ਸੀ, ਗੁਰੂ ਕੇ ਲੰਗਰ ਵੀ ਚਲਦੇ ਸੀ। ਇਹਦੇ ਮਨ ਵਿਚ ਖਿਆਲ ਰਹਿੰਦਾ ਸੀ ਕਿ ਗੁਰਗੱਦੀ ਮੈਨੂੰ ਮਿਲ ਜਾਵੇ, ਕਿਉਂਕਿ ਮੈਂ ਵੱਡਾ ਹਾਂ, ਮੇਰਾ ਹੱਕ ਹੈ। ਇਹ ਕਿਸੇ ਹੋਰ ਨੂੰ ਨਾ ਦੇ ਦੇਣ। ਪਰ ਗੁਰੂ ਰਾਮਦਾਸ ਮਹਾਰਾਜ ਜੀ ਇਹਦੀ ਅੰਦਰਲੀ ਗੱਲ ਨੂੰ ਜਾਣਦੇ ਸੀ। ਉਨ੍ਹਾਂ ਨੂੰ ਇਹਦੀ ਅੰਦਰਲੀ ਗੱਲ ਦਾ ਪਤਾ ਸੀ ਕਿ ਇਹ ਸੰਸਾਰ ਦਾ ਬੋਝ ਨਹੀਂ ਚੁੱਕ ਸਕਦਾ। ਇਹ ਬੰਦਾ ਕਮਜ਼ੋਰ ਹੈ। ਇਹ ਹਿਤ ਦੇ ਪਿਛੇ ਲੱਗਿਆ ਹੋਇਆ ਹੈ, ਲਾਲਚ ਪਿਛੇ ਲੱਗਿਆ ਹੋਇਆ ਹੈ, ਮਾਇਆ ਪਿਛੇ ਲੱਗਿਆ ਹੋਇਆ ਹੈ।

ਜਿਹੜਾ ਵੀ ਆਦਮੀ ਮਾਇਆ ਪਿਛੇ ਲੱਗੇਗਾ, ਉਹ ਕਮਜ਼ੋਰ ਹੋਏਗਾ। ਉਹ ਸਤਿ ਤਕ ਨਹੀਂ ਪਹੁੰਚ ਸਕਦਾ ਕਦੇ ਵੀ। ਸੱਚ ਨੂੰ ਸਾਮ੍ਹਣੇ ਸਹਿ ਨਹੀਂ ਸਕਦਾ, ਉਸ ਨੂੰ ਝੂਠ ਦੀ ਓਟ ਲੈਣੀ ਪੈਂਦੀ ਹੈ। ਸੱਚ ਵਾਹਿਗੁਰੂ ਹੈ, ਜਿਹਦਾ ਵਾਹਿਗੁਰੂ ਦੇ ਉਤੇ ਭਰੋਸਾ ਹੈ, ਉਹ ਉਸ ਭਰੋਸੇ ਨੂੰ ਛੱਡ ਕਿਸੇ ਹੋਰ ਭਰੋਸੇ ਤੇ ਨਹੀਂ ਜਾ ਸਕਦਾ।

ਸੋ ਗੁਰੂ ਰਾਮਦਾਸ ਮਹਾਰਾਜ ਜੀ ਨੇ ਏਸ ਗੱਲ ਨੂੰ ਪਰਖਣ ਵਾਸਤੇ ਥੋੜ੍ਹਾ ਬਚਨ ਕੀਤਾ ਕਿ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਸੀ। ਕਹਿਣ ਲੱਗੇ, ਪ੍ਰਿਥੀਚੰਦ ਤੂੰ ਚਲਿਆ ਜਾਹ। ਕਹਿੰਦਾ ਮਹਾਰਾਜ! ਮੈਂ ਕਿਸ ਤਰ੍ਹਾਂ ਜਾ ਸਕਦਾ ਹਾਂ। ਇਥੇ ਦੇਖੋ ਕਿੰਨੀਆਂ ਸੰਗਤਾਂ ਆਉਂਦੀਆਂ ਨੇ, ਕਿੱਡਾ ਭਾਰਾ ਲੰਗਰ ਚਲਦਾ ਹੈ। ਤੁਸੀਂ ਤਾਂ ਚਲੇ ਜਾਂਦੇ ਓਂ, ਮੈਨੂੰ ਪਤਾ ਹੈ ਕਿ ਪਿਛੋਂ ਕਿੰਨੀਆਂ ਚੀਜ਼ਾਂ ਲਿਆਉਣੀਆਂ ਪੈਂਦੀਆਂ ਨੇ। ਅੰਦਰ ਖਿਆਲ ਇਹ ਸੀ ਕਿ ਕਿਤੇ ਮੈਨੂੰ ਬਾਹਰ ਭੇਜ ਕੇ, ਐਸਾ ਨਾ ਹੋਵੇ ਗੁਰੂ ਅਰਜਨ ਪਾਤਸ਼ਾਹ ਨੂੰ ਗੁਰਿਆਈ ਦੇਣ। ਦੂਸਰਾ ਉਹਨੂੰ ਇਹ ਪਤਾ ਸੀ ਕਿ ਮਹਾਰਾਜ ਦੀ ਬਾਕੀ ਉਮਰ ਤਾਂ ਹੁਣ ਇਕ ਸਾਲ, ਇਕ ਮਹੀਨੇ ਜਾਂ ਡੇਢ ਮਹੀਨੇ ਦੀ ਹੋਣੀ ਹੈ ਤੇ ਮੈਨੂੰ ਬਾਹਰ ਭੇਜਣਾ ਚਾਹੁੰਦੇ ਨੇ। ਇਹ ਗਿਆ ਨਹੀਂ। ਮਹਾਂਦੇਵ ਜੀ ਅਵਧੂਤ ਸਨ, ਉਹ ਵੀ ਨਾ ਗਏ ਤੇ ਗੁਰੂ ਅਰਜਨ ਪਾਤਸ਼ਾਹ ਛੋਟੇ ਸੀ 18 ਸਾਲ ਦੇ। ਆਪ ਨੂੰ ਹੁਕਮ ਕੀਤਾ। ਆਪ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰਸ਼ਨ ਕਰੇ ਤੋਂ ਬਗੈਰ ਜਿਉਂਦੇ ਨਹੀਂ ਸੀ ਰਹਿੰਦੇ, ਹਰ ਵਕਤ ਇਕ ਟੱਕ ਲਾ ਕੇ ਦਰਸ਼ਨ ਕਰਦੇ ਰਹਿੰਦੇ ਸੀ। ਜੋ ਆਗਿਆ ਹੁੰਦੀ, ਉਸ ਦੀ ਪੂਰਤੀ ਕਰਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਰਾਮਦਾਸ ਮਹਾਰਾਜ ਜੀ ਨੇ ਕਿਹਾ, ਬੇਟਾ ਅਰਜਨ! ਤੂੰ ਹੀ ਚਲਿਆ ਜਾ। ਆਪ ਦੇ ਨੇਤਰਾਂ 'ਚੋਂ ਜਲ ਆ ਗਿਆ, ਕਹਿੰਦੇ ਪਾਤਸਾਹ! ਜੋ ਆਪ ਦੀ ਆਗਿਆ। ਪਰ ਆਪ ਦੇ ਦਰਸ਼ਨ ਤੋਂ ਬਗੈਰ ਮੇਰਾ ਜੀਉਣਾ ਔਖਾ ਹੈ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਅੰਗ ੭੦੮***

ਪਾਤਸ਼ਾਹ! ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਮੈਨੂੰ ਵੀ ਔਖਾ ਹੋ ਜਾਏਗਾ। ਪਰ ਆਪ ਦੀ ਜੋ ਆਗਿਆ ਸਿਰ ਮੱਥੇ। ਗੁਰੂ ਮਹਾਰਾਜ ਕਹਿੰਦੇ ਦੂਸਰੀ ਆਗਿਆ ਇਹ ਹੈ ਕਿ ਉਥੇ ਸਤਿਸੰਗ ਕਰਨਾ ਹੈ। ਸੰਗਤ ਨੂੰ ਸਤਿ ਦੇ ਰਸਤੇ ਤੋਰਨਾ ਹੈ। ਤੀਸਰਾ ਇਹ ਹੈ ਜਦੋਂ ਤਕ ਅਸੀਂ ਬੁਲਾਈਏ ਨਾ, ਤਦ ਤਕ ਵਾਪਿਸ ਨਹੀਂ ਆਉਣਾ। ਸੋ ਹੁਕਮ ਦੀ ਤਾਮੀਲ ਹੋਈ। ਹਰ ਰੋਜ਼ ਉਡੀਕਦੇ ਨੇ ਕਿ ਅੱਜ ਸੁਨੇਹਾ ਆਉਂਦਾ ਹੈ। ਉਡੀਕਦੇ-ਉਡੀਕਦੇ ਅੱਜ ਇਕ ਸਾਲ ਲੰਘ ਗਿਆ। ਜੋ ਬਿਰਹਾ ਦੀ ਹਾਲਤ ਉਨ੍ਹਾਂ ਦੀ ਹੋਈ ਹੋਣੀ ਹੈ, ਉਹਨੂੰ ਮਹਾਰਾਜ ਹੀ ਜਾਣਦੇ ਨੇ, ਅਸੀਂ ਤਾਂ ਦੱਸ ਨਹੀਂ ਸਕਦੇ। ਕਿਉਂਕਿ ਦੂਸਰਾ ਦੱਸਣ ਦੀ ਸਮਰੱਥਾ ਨਹੀਂ ਰੱਖਿਆ ਕਰਦਾ -

***ਲਾਗੀ ਹੋਇ ਸੁ ਜਾਨੈ ਪੀਰ॥***
***ਰਾਮ ਭਗਤਿ ਅਨੀਆਲੇ ਤੀਰ॥ ਅੰਗ - ੩੨੭***

ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿੰਦੀ। ਸਾਨੂੰ ਨਹੀਂ ਇਸ ਗੱਲ ਦਾ ਪਤਾ, ਕਿ ਇਹਦੀ ਜਾਨ ਕਿਵੇਂ ਨਿਕਲ ਜਾਂਦੀ ਹੈ। ਇਹ ਮੱਛੀ ਹੀ ਜਾਣਦੀ ਹੈ। ਸੋ ਇਸ ਤਰ੍ਹਾਂ ਕਿਵੇਂ ਵਿਯੋਗ ਵਿਚ ਇਕ ਸਾਲ ਕੱਟਿਆ। ਫੇਰ ਚਿੱਠੀਆਂ ਲਿਖਣੀਆਂ ਸ਼ੁਰੂ ਕਰੀਆਂ। ਅੱਧੀ ਰਾਤ ਚਿੱਠੀ ਲਿਖੀ। ਅੰਮ੍ਰਿਤ ਵੇਲਾ ਹੋਇਆ। ਗੁਰਸਿੱਖ ਨੂੰ ਬੁਲਾਇਆ ਕਿ ਜਾ ਕੇ ਇਹ ਚਿੱਠੀ ਗੁਰੂ ਪਾਤਸ਼ਾਹ ਨੂੰ ਦੇਣਾ ਤੇ ਜੋ ਹੁਕਮ ਹੋਵੇ ਉਹ ਦੱਸਣਾ। ਆਪਣੇ ਪਿਆਰ ਦੇ ਨਕਸ਼ੇ ਦੀ ਪਹਿਲੀ ਚਿੱਠੀ ਇਸ ਤਰ੍ਹਾਂ ਨੇ ਨਾਲ ਲਿਖੀ -

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥ ਅੰਗ - ੯੭***

ਇਕ ਨੰਬਰ ਦੇ ਕੇ ਚਿੱਠੀ ਬੰਦ ਕਰ ਦਿਤੀ। ਲੇਕਿਨ ਚਿੱਠੀ ਗੁਰੂ ਰਾਮਦਾਸ ਜੀ ਮਹਾਰਾਜ ਤੱਕ ਪ੍ਰਿਥੀਚੰਦ ਨੇ ਪਹੁੰਚਣ ਨਹੀਂ ਦਿਤੀ। ਝੂਠ ਹੀ ਬੋਲ ਕੇ ਸਿੱਖ ਨੂੰ ਮੋੜ ਦਿਤਾ ਕਿ ਅਰਜਨ ਜੀ ਨੂੰ ਕਹਿ ਦੇਣਾ, ਪਿਆਰ ਦੇ ਨਾਲ ਉਥੇ ਸੰਗਤਾਂ ਦੀ ਸੇਵਾ ਕਰਨ, ਚਿੱਠੀ ਮਿਲ ਗਈ ਸਾਨੂੰ।

ਦੂਸਰੀ ਚਿੱਠੀ ਲਿਖੀ, ਉਹ ਵੀ ਏਵੇਂ ਹੀ ਰੱਖ ਲਈ। ਤੀਸਰੀ ਲਿਖੀ ਉਹ ਵੀ ਏਵੇਂ ਰੱਖ ਲਈ। ਲੇਕਿਨ ਤੀਸਰੀ ਚਿੱਠੀ ਲਈ ਤਾਕੀਦ ਕਰ ਦਿਤੀ ਕਿ ਗੁਰਸਿੱਖਾ! ਆਪਣੇ ਹੱਥ ਨਾਲ ਦਿੰਦਾ ਹੁੰਦਾ ਹੈਂ, ਗੁਰੂ ਪਿਤਾ ਜੀ ਨੂੰ। ਕਹਿੰਦੇ ਨਹੀਂ,

ਵੱਡੇ ਭਰਾਤਾ ਜੀ ਲੈ ਲੈਂਦੇ ਨੇ ਤੁਹਾਡੇ। ਕਹਿੰਦੇ ਨਾ ਹੁਣ ਆਪ ਦੇਵੀਂ। ਜਦੋਂ ਮਹਾਰਾਜ ਨੇ ਤਿੰਨ ਨੰਬਰ ਲਿਖਿਆ ਹੋਇਆ ਪੜ੍ਹਿਆ, ਬਿਰਹੋਂ ਦੀ ਹਾਲਤ ਨੂੰ ਵਾਚਿਆ।

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ॥ ਅੰਗ - ੯੭*

ਮਹਾਰਾਜ ਨੇ ਦੇਖਿਆ ਕਿ ਦੋ ਚਿੱਠੀਆਂ ਪਹਿਲਾਂ ਵੀ ਨੇ। ਪੁਛਿਆ ਕਿ ਗੁਰਸਿੱਖਾ! ਪਹਿਲੀਆਂ ਚਿੱਠੀਆਂ ਕਿਥੇ ਨੇ। ਗੁਰਸਿੱਖ ਨੇ ਕਿਹਾ ਕਿ ਮਹਾਰਾਜ! ਮੈਂ ਇਨ੍ਹਾਂ ਨੂੰ ਦੇ ਦਿਤੀਆਂ ਸੀ।

ਉਸ ਵੇਲੇ ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਹੁਕਮ ਕੀਤਾ ਕਿ ਤੁਸੀਂ ਫੌਰਨ ਜਾ ਕੇ ਉਨ੍ਹਾਂ ਨੂੰ ਲੈ ਆਓ। ਉਡੀਕਦੇ ਸਨ, ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਗਏ। ਪਤਾ ਲੱਗਿਆ ਕਿ ਚਿੱਠੀਆਂ ਲਿਖੀਆਂ ਸੀ, ਪ੍ਰਿਥੀਚੰਦ ਨੇ ਰੱਖ ਲਈਆਂ। ਪ੍ਰਿਥੀਚੰਦ ਨੂੰ ਬੁਲਾਇਆ, ਪੁਛਿਆ ਬੇਟਾ! ਪ੍ਰਿਥੀਚੰਦ ਆਹ ਪਹਿਲੇ ਦੋ ਨੰਬਰ ਦੀਆਂ ਚਿੱਠੀਆਂ ਤੁਹਾਡੇ ਕੋਲ ਆਈਆਂ ਨੇ?

ਕਿਉਂਕਿ ਜਿਥੇ ਝੂਠ ਹੋਏਗਾ, ਉਥੇ ਪਾਪ ਹੋਇਆ ਕਰਦਾ ਹੈ। ਉਥੇ ਵਾਹਿਗੁਰੂ ਨਹੀਂ ਹੋਇਆ ਕਰਦਾ, ਝੂਠ ਆਇਆ ਤੇ ਵਾਹਿਗੁਰੂ ਤੇ ਨਾਮ ਦੋਨੋਂ ਚਲੇ ਜਾਇਆ ਕਰਦੇ ਨੇ। ਕਿਉਂਕਿ ਇਹ ਹਉਮੈ ਦੀ ਚੀਜ਼ ਹੈ, ਨਾਮ ਵਾਹਿਗੁਰੂ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ॥ ਅੰਗ - ੫੬੦*

ਇਕ ਨੇ ਰਹਿਣਾ ਹੈ ਚਾਹੇ ਝੂਠ ਰੱਖ ਲਓ, ਚਾਹੇ ਨਾਮ ਰੱਖ ਲਓ। ਹੈਰਾਨ ਹੋ ਗਏ ਕਿ ਕਾਹਦੇ ਵਾਸਤੇ, ਕਿਉਂ ਛੁਪਾਉਂਦਾ ਹੈਂ। ਅਖੀਰ ਕਹਿਣ ਲੱਗੇ ਕਿ ਚਿੱਠੀਆਂ ਕੱਢ ਲਿਆਓ। ਜੇਬ 'ਚੋਂ ਕਢਾ ਲਈਆਂ। ਕਹਿੰਦਾ ਇਹ ਤਾਂ ਮੈਂ ਆਪ ਹੀ ਲਿਖੀਆਂ ਸੀ। ਮੇਰੀਆਂ ਲਿਖੀਆਂ ਹੋਈਆਂ ਨੇ। ਕਹਿੰਦੇ ਜੇ ਤੇਰੀਆਂ ਲਿਖੀਆਂ ਹੋਈਆਂ ਨੇ ਫੇਰ ਚੌਥਾ ਅੰਕ ਪੂਰਾ ਕਰ। ਹੁਣ ਆਵੇ ਕਿਥੋਂ ਬਾਣੀ? ਕਰ ਨਾ ਸਕਿਆ। ਜਦੋਂ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਕਿਹਾ ਉਨ੍ਹਾਂ ਨੇ ਉਸੇ ਉਸ ਵੇਲੇ ਉਚਾਰਨ ਕੀਤਾ -

*ਭਾਗੁ ਹੋਆ ਗੁਰਿ ਸੰਤੁ ਮਿਲਾਇਆ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥*
*ਸੇਵ ਕਰੀ ਪਲੁ ਚਸਾ ਨ ਵਿਛੁੜਾ*
*ਜਨ ਨਾਨਕ ਦਾਸ ਤੁਮਾਰੇ ਜੀਉ॥ ਅੰਗ - ੯੭*

ਪਉੜੀ ਲਿਖ ਦਿਤੀ। ਅਖੀਰ ਗੁਰਗੱਦੀ ਦੇਣ ਦਾ ਮਹਾਰਾਜ ਨੇ ਨਿਸ਼ਚਾ ਕਰ ਲਿਆ, ਉਸ ਨੂੰ ਵੀ ਪਤਾ ਲਗ ਗਿਆ। ਝਗੜਾ ਪਾ ਲਿਆ ਕਿ ਪਿਤਾ ਜੀ! ਜ਼ੋਰ ਲਾ ਲਵੇ ਅਰਜਨ, ਮੈਂ ਇਹਨੂੰ ਸੁਖੀ ਨਹੀਂ ਰਹਿਣ ਦੇਣਾ। ਸੂਲੀ ਤੇ ਟੰਗ ਕੇ ਰੱਖਾਂਗਾ। ਗੁਰਿਆਈ ਕੀ ਕਰ ਲਏਗੀ, ਮੈਂ ਵਿਹਲ ਹੀ ਨਹੀਂ ਲੈਣ ਦੇਣਾ। ਮੇਰੀ ਤਾਕਤ ਦਾ ਤੁਹਾਨੂੰ ਵੀ ਪਤਾ ਹੈ। ਇਹ ਅਣਜਾਣ ਬੱਚਾ ਹੈ, ਇਹਨੂੰ ਕੀ ਪਤਾ, ਕਿੰਨੀਆਂ ਜ਼ਿੰਮੇਵਾਰੀਆਂ ਹੁੰਦੀਆਂ ਨੇ, ਕਿਵੇਂ ਰਹੀਦਾ ਹੈ। ਸੋ ਮਹਾਰਾਜ ਨੇ ਦੇਖ ਲਿਆ ਕਿ ਇਹ ਤਾਂ ਬਹੁਤ ਗਲਤ ਬੰਦਾ ਸਾਬਤ ਹੋਇਆ। ਆਪ ਨੇ ਫੁਰਮਾਨ ਕੀਤਾ ਕਿ ਪਿਤਾ ਦੇ ਨਾਲ ਨਹੀਂ ਝਗੜੀਦਾ ਹੁੰਦਾ। ਜਿਨ੍ਹਾਂ ਦੇ ਤੁਸੀਂ ਪੈਦਾ ਕੀਤੇ ਹੋਏ, ਪਾਲੇ ਹੋਏ ਹੋਂ, ਉਨ੍ਹਾਂ ਨਾਲ ਝਗੜਿਆਂ ਪਾਪ ਹੋਇਆ ਕਰਦਾ ਹੈ। ਪਰ ਪ੍ਰਿਥੀ ਚੰਦ ਨੇ ਮੰਨੀ ਨਹੀਂ ਗੱਲ।

ਗੁਰੂ ਮਹਾਰਾਜ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਜਾ ਕੇ ਗੁਰਿਆਈ (ਗੁਰੂ) ਅਰਜਨ ਦੇਵ ਜੀ ਨੂੰ ਦੇ ਦਿਤੀ ਅਤੇ ਆਪ ਸਰੀਰ ਛੱਡ ਦਿਤਾ। ਜਦੋਂ ਦਸਤਾਰ ਵਾਲਾ ਦਿਨ ਆਇਆ, ਉਸ ਵੇਲੇ ਉਸ ਨੇ ਸਾਰਿਆਂ ਨੂੰ ਕਿਹਾ, ਮਸੰਦਾਂ ਨੂੰ ਆਪਣੀ ਪਾਰਟੀ ਦਿਆਂ ਨੂੰ ਕਿ ਮੈਂ ਵੱਡਾ ਲੜਕਾ ਹਾਂ, ਮੈਨੂੰ ਦਸਤਾਰ ਦਿਓ। ਜਦੋਂ ਮੈਨੂੰ ਦਸਤਾਰ ਮਿਲ ਗਈ ਤਾਂ ਮੈਂ ਗੁਰੂ ਬਣਾਂਗਾ। ਲੇਕਿਨ ਇਹ ਗੱਲ ਗੁਰਸਿੱਖਾਂ ਨੇ ਨਾ ਮੰਨੀ। ਜਦੋਂ ਭੋਗ ਪੈ ਰਿਹਾ ਸੀ, ਇਸ ਨੇ ਜ਼ਬਰਦਸਤੀ ਹੱਥੋ ਪਾਈ ਕਰਕੇ ਦਸਤਾਰ ਖੋਹ ਲਈ, ਬਾਬਾ ਬੁੱਢਾ ਜੀ ਤੋਂ। ਉਹ ਕਹਿੰਦੇ ਇਹਦੇ ਨਾਲ ਤਾਂ ਕੁਛ ਨਹੀਂ ਬਣਨਾ। ਦਸਤਾਰ ਤਾਂ ਮਿਲ ਗਈ ਜਿਹੜੀ ਮਿਲਣੀ ਸੀ। ਸੋ ਇਸ ਤਰ੍ਹਾਂ ਵੈਰ ਦਾ ਮੁੱਢ ਬੱਝ ਗਿਆ।

ਦੂਸਰੇ ਪਾਸੇ ਗੁਰੂ ਮਹਾਰਾਜ ਅਰਜਨ ਪਾਤਸ਼ਾਹ, ਆਪ ਬੜਾ ਸਮਝਾਉਣ ਦਾ ਯਤਨ ਕਰਦੇ ਨੇ ਕਿ ਭਰਾਤਾ ਜੀ! ਮੈਨੂੰ ਤਾਂ ਗੁਰੂ ਬਣਨ ਦੀ ਕੋਈ ਲੋੜ ਨਹੀਂ ਹੈ। ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਜੋਤੀ ਦਾ ਪ੍ਰਕਾਸ਼ ਹੈ, ਜਿਸ ਸਰੀਰ ਵਿਚ ਹੋ ਜਾਵੇ, ਜਿਸ ਤੋਂ ਕੰਮ ਲੈਣਾ ਹੈ, ਉਸ ਤੋਂ ਲੈਣਾ ਹੀ ਹੈ। ਤੁਸੀਂ ਐਉਂ ਨਾ ਕਰੋ। ਲੇਕਿਨ ਮੰਨਦਾ ਨਹੀਂ ਹੈ। ਅਖੀਰ ਇਸਨੇ ਗੁਰੂ ਮਹਾਰਾਜ ਨਾਲ ਵੈਰ ਕਰਨਾ ਸ਼ੁਰੂ ਕਰ ਦਿਤਾ।

ਗੁਰੂ ਮਹਾਰਾਜ ਗੁਰਿਆਈ ਤੇ ਬੈਠ ਗਏ। ਪਹਿਲਾ ਕੰਮ ਪ੍ਰਿਥੀ ਚੰਦ ਨੇ ਇਹ ਕਰਿਆ ਕਿ ਅੰਮ੍ਰਿਤਸਰ ਦੀ ਜਿੰਨੀ ਚੁੰਗੀ ਸੀ, ਸਾਰੀ ਆਪਣੇ ਹੱਥ ਵਿਚ ਕਰ ਲਈ ਕਿ ਗੁਰੂ ਘਰ ਦੇ ਅੰਦਰ ਜਾਣ ਹੀ ਨਹੀਂ ਦੇਣੀ, ਕਿਥੋਂ ਖਰਚ ਕਰਨਗੇ। ਕਿਥੋਂ ਸੜਕਾਂ ਬਣਾਉਣਗੇ, ਕਿਥੋਂ ਚੌਕੀਦਾਰ ਰੱਖਣਗੇ? ਕਿਥੋਂ ਬਾਕੀ ਕੰਮ ਕਰਨਗੇ। ਦੂਸਰਾ ਇਹਨੇ ਕਰਿਆ ਕਿ ਜਿੰਨੀ ਭੇਟਾ ਬਾਹਰੋਂ ਆਉਂਦੀ ਸੀ, ਉਹ ਸਾਰੀ ਦੀ ਸਾਰੀ ਰਾਹ ਵਿਚ ਰੋਕਣੀ ਸ਼ੁਰੂ ਕਰ ਦਿਤੀ। ਕੋਈ ਪੈਸਾ ਗੁਰੂ ਘਰ 'ਚ ਨਾ ਆਉਣ ਦਿਤਾ ਤੇ ਆਪਣੇ ਏਜੈਂਟ ਰੱਖ ਲਏ, ਬਹੁਤ ਸਾਰੇ ਨਾਲ ਮਿਲਾ ਲਏ। ਜਿਹੜੇ-ਜਿਹੜੇ ਰਾਹਾਂ ਤੋਂ ਸੰਗਤ ਆਇਆ ਕਰਦੀ ਸੀ, ਦੂਰ ਦਰਾਜ਼ ਤਕ ਬਿਠਾ ਦਿਤੇ, ਜਦੋਂ ਸੰਗਤ ਨੇ ਆਉਣਾ, ਪੁਛਣਾ, ਥੋੜ੍ਹਾ ਬਹੁਤਾ ਖਾਣ ਪੀਣ ਨੂੰ ਦੇਣਾ। ਸੰਗਤ ਨੇ ਛਕ ਲੈਣਾ, ਥੱਕੇ ਹੋਏ ਹੁੰਦੇ। ਫੇਰ ਕਹਿਣ ਕਿ ਆਓ, ਤੁਹਾਨੂੰ ਹੁਣ ਗੁਰੂ ਦੇ ਦਰਸ਼ਨ ਕਰਾਈਏ। ਪ੍ਰਿਥੀ ਚੰਦ ਕੋਲ ਲੈ ਜਾਣਾ, ਭੋਲੇ ਭਾਲੇ ਗੁਰਸਿੱਖਾਂ ਨੂੰ ਪਤਾ ਨਾ ਲੱਗਣਾ। ਸਾਰੀ ਭੇਟਾ ਲੈ ਲੈਣੀ ਕਿਉਂਕਿ

ਪਤਾ ਸੀ ਕਿ ਇਹ ਤਾਂ ਇਕੋ ਹੀ ਘਰ ਹੈ, ਦੋ ਘਰ ਤਾਂ ਹੈ ਨਹੀਂ। ਜਦੋਂ ਪ੍ਰਸ਼ਾਦੇ ਦਾ ਟਾਈਮ ਹੋ ਜਾਣਾ, ਕਹਿਣਾ ਚਲੋ ਭਾਈ, ਆਪਣਾ ਲੰਗਰ ਜਿਧਰ ਚਲਦਾ ਹੈ ਓਧਰ ਛੱਡ ਆਓ। ਇਹ ਵੀ ਝੂਠ ਬੋਲਣਾ ਕਿ ਲੰਗਰ ਸਾਡਾ ਹੀ ਚਲਦਾ ਹੈ।

ਗੁਰੂ ਅਰਜਨ ਪਾਤਸ਼ਾਹ ਜਿਥੇ ਸੰਗਤਾਂ ਦਾ ਉਧਾਰ ਕਰਦੇ ਹੁੰਦੇ, ਉਸ ਥਾਂ ਜਾ ਕੇ ਇਨ੍ਹਾਂ ਨੇ ਛੱਡ ਆਉਣਾ।

ਸੋ ਇਹ ਵੈਰ ਹੁੰਦਾ ਹੈ ਸਾਧਸੰਗਤ ਜੀ! ਜਿਹੜਾ ਨਿਰਵੈਰਾਂ ਦੇ ਨਾਲ ਕੀਤਾ ਜਾਂਦਾ ਹੈ। ਜਦੋਂ ਵੀ ਕੋਈ ਨਿਰਵੈਰ ਦੇ ਨਾਲ ਵੈਰ ਕਰਦਾ ਹੈ। ਮਹਾਰਾਜ ਕਹਿੰਦੇ ਅਕਾਲ ਪੁਰਖ ਦਾ ਵਿਧਾਨ ਹੈ, ਉਹ ਪਚ-ਪਚ ਕੇ ਮਰਦੇ ਨੇ -

***ਵੈਰੁ ਕਰਹਿ ਨਿਰਵੈਰ ਨਾਲਿ***
***ਧਰਮ ਨਿਆਇਿ ਪਚੰਦੇ॥***
***ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥***

*ਅੰਗ - 306*

ਪਚਣਾ ਪੈਂਦਾ ਹੈ ਓਸ ਨੂੰ, ਖੁਆਰ ਹੋਣਾ ਪੈਂਦਾ ਹੈ। ਸੋ ਵੈਰ ਬੰਨ੍ਹ ਲਿਆ ਕਿ ਇਕ ਦਾਣਾ ਗੁਰੂ ਕੇ ਲੰਗਰ ਵਿਚ ਨਹੀਂ ਜਾਣ ਦੇਣਾ। ਐਨੀ ਜ਼ਿਆਦਾ ਝੂਠ ਦੀ ਵਾੜ ਫੈਲਾ ਦਿਤੀ ਕਿ ਭੋਲੇਭਾਲੇ ਗੁਰਸਿੱਖ ਜੋ ਦਰਸ਼ਨ ਕਰਨ ਵਾਸਤੇ ਆਉਂਦੇ ਨੇ, ਉਨ੍ਹਾਂ ਨੂੰ ਬਹਿਕਾਅ ਲਿਆ ਜਾਂਦਾ ਕਿ ਅਸਲੀ ਗੁਰੂ ਤਾਂ ਵੱਡੇ ਸਾਹਿਬਜ਼ਾਦੇ ਨੇ। ਛੋਟੇ ਸਾਹਿਬਜ਼ਾਦੇ ਨਹੀਂ ਹੈਗੇ, ਵੱਡੇ ਨੇ ਸਾਰਿਆਂ ਨਾਲੋਂ। ਪਹਿਲਾਂ ਵੀ ਓਹੀ ਸੀਗੇ, ਹੁਣ ਵੀ ਓਹੀ ਨੇ। ਦੇਖਦੇ ਨੇ ਕਿ ਇਨ੍ਹਾਂ ਮਸੰਦਾਂ ਨੂੰ ਤਾਂ ਅਸੀਂ ਪਹਿਲਾਂ ਵੀ ਜਾਣਦੇ ਸੀ, ਪਹਿਲਾਂ ਵੀ ਗੁਰੂ ਦੀਆਂ ਸੰਗਤਾਂ ਦਾ ਆਦਰ ਸਤਿਕਾਰ ਕਰਿਆ ਕਰਦੇ ਸੀ। ਜਾਣੇ-ਪਛਾਣੇ ਬੰਦੇ ਸਾਰੇ ਗੱਠ ਲਏ। ਯਾਨਿ ਮਾਇਆ ਦਾ ਜਾਲ ਵਿਛਾ ਦਿਤਾ। ਨੌਬਤ ਇਥੇ ਤਕ ਆਈ ਕਿ ਘਰ ਦੇ ਅੰਦਰ ਜੋ ਸਮਾਨ, ਜੋ ਚੀਜ਼ਾਂ ਸੀ, ਹੌਲੀ-ਹੌਲੀ ਘਟਣੀਆਂ ਸ਼ੁਰੂ ਹੋ ਗਈਆਂ ਤੇ ਲੰਗਰ ਇਕ ਟਾਈਮ ਹੋ ਗਿਆ, ਉਹ ਵੀ ਛੋਲਿਆਂ ਦਾ ਲੰਗਰ। ਛੋਲਿਆਂ ਦਾ ਪ੍ਰਸ਼ਾਦਾ ਲਾਹੁਣਾ ਤੇ ਰੁੱਖਾ ਹੀ ਖਾਣ ਵਾਸਤੇ ਬਗੈਰ ਦਾਲ ਤੋਂ, ਬਗੈਰ ਕਿਸੇ ਚੀਜ਼ ਤੋਂ ਮਿਲਣਾ। ਆਗਰੇ ਦੇ ਵਿਚ ਭਾਈ ਗੁਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਪ੍ਰਚਾਰ ਵਾਸਤੇ ਭੇਜਿਆ ਸੀ। ਆਪ ਜੀ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਜੋਤੀ ਜੋਤ ਸਮਾਅ ਗਏ ਨੇ। ਤੇ ਸੰਗਤਾਂ ਲੈ ਕੇ ਆਪ ਗੁਰੂ ਘਰ ਦੇ ਲੰਗਰ ਦੀ ਮਹਿਮਾ, ਗੁਰੂ ਘਰ ਦੀ ਮਹਿਮਾ ਕਰਦੇ ਜਦ ਉਥੇ ਪਹੁੰਚਦੇ ਨੇ, ਜਦ ਪ੍ਰਸ਼ਾਦਾ ਛਕਣ ਲੱਗੇ ਤਾਂ ਛੋਲਿਆਂ ਦੀ ਰੋਟੀ ਮਾਤਾ ਜੀ ਨੇ ਉਨ੍ਹਾਂ ਦੇ ਹੱਥ ਤੇ ਰੱਖ ਦਿਤੀ। ਇਕ ਬੁਰਕੀ ਤੋੜੀ ਲੰਘਦੀ ਨਹੀਂ ਹੈ ਅੱਗੇ। ਕਹਿਣ ਲੱਗੇ ਇਹ ਕੀ ਗੱਲ? ਗੁਰੂ ਘਰ ਦੀ ਤਾਂ ਇਹ ਮਰਿਆਦਾ ਸੀ ਕਿ ਇਥੇ ਕਦੇ ਘਿਉ ਤੇ ਦੁੱਧ ਨਹੀਂ ਸੀ ਖਤਮ ਹੁੰਦਾ। ਇਹ ਕੀ ਗੱਲ? ਆਹ ਗੱਲ ਤਾਂ ਹੋਣੀ ਨਹੀਂ ਚਾਹੀਦੀ। ਕਹਿਣ ਲੱਗੇ, ਭਰਾਤਾ ਜੀ! ਕੀ ਦੱਸਿਆ ਜਾਵੇ?

***ਕਲਜੁਗਿ ਰਥੁ ਅਗਨਿ ਕਾ***
***ਕੂੜੁ ਅਗੈ ਰਥਵਾਹੁ॥*** *ਅੰਗ - 470*

ਝੂਠ ਨੇ ਐਸ ਵੇਲੇ ਸੱਚ ਦੇ ਚੰਦਰਮਾ ਨੂੰ, ਗ੍ਰਹਿਣ ਲਾਇਆ ਹੋਇਆ ਹੈ। ਤੁਹਾਡੇ ਵੱਡੇ ਭਾਣਜੇ ਨੇ ਸਾਰੇ ਮਸੰਦਾਂ ਨੂੰ ਗੱਠ ਕੇ, ਦੂਰ-ਦਰਾਜ਼ ਤੱਕ ਗੁਰਸਿੱਖਾਂ ਨੂੰ ਇਹ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਗੁਰਿਆਈ ਮੈਨੂੰ ਦੇ ਕੇ ਗਏ ਨੇ ਤੇ ਜਿੰਨੀਆਂ ਭੇਟਾਵਾਂ ਆਉਂਦੀਆਂ ਨੇ, ਉਹ ਤਾਂ ਉਹ ਰੱਖ ਲੈਂਦੇ ਨੇ। ਜਦੋਂ ਲੰਗਰ ਦਾ ਸਮਾਂ ਹੁੰਦਾ ਹੈ, ਫੇਰ ਬੜੀ ਢੀਠਤਾਈ ਦੇ ਨਾਲ, ਇਥੇ ਲਿਆ ਕੇ ਗੁਰੂ ਦੀਆਂ ਸੰਗਤਾਂ ਨੂੰ ਛੱਡ ਜਾਂਦੇ ਨੇ, ਉਨ੍ਹਾਂ ਭੋਲਿਆਂ ਨੂੰ ਕੋਈ ਪਤਾ ਨਹੀਂ ਹੈ ਕਿਸੇ ਗੱਲ ਦਾ। ਸੋ ਇਸ ਤਰ੍ਹਾਂ ਦੇ ਨਾਲ ਭੇਟਾ ਓਧਰ ਜਾਂਦੀ ਹੈ ਤੇ ਲੰਗਰ ਏਧਰ ਛਕਦੇ ਨੇ।

ਭਾਈ ਗੁਰਦਾਸ ਜੀ ਦੇ ਮਨ ਵਿਚ ਬਹੁਤ ਰੰਜ ਆਇਆ ਕਿ ਇਹ ਤਾਂ ਬਹੁਤ ਗਲਤ ਗੱਲ ਹੋ ਰਹੀ ਹੈ। ਗੁਰੂ ਪੰਜਵੇਂ ਪਾਤਸ਼ਾਹ 18 ਸਾਲ ਦੇ ਤੇ ਆਪ ਜੀ ਦੇ ਪਾਸ ਜਾ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਤਾਂ ਗੁਰੂ ਨਾਨਕ ਦਾ ਲੰਗਰ ਹੈ, ਇਥੇ ਤੋਟ ਕਦੇ ਨਹੀਂ ਆਉਂਦੀ। ਇਹ ਕੀ ਗੱਲ ਹੋਈ? ਮਹਾਰਾਜ ਕਹਿੰਦੇ ਕੋਈ ਗੱਲ ਨਹੀਂ ਹੋਈ। ਅਕਾਲ ਪੁਰਖ ਦਾ ਹੀ ਕੋਈ ਕੌਤਕ ਹੋ ਰਿਹਾ ਹੈ। ਕਿਉਂਕਿ ਸਤਿਗੁਰੂ ਤਾਂ ਸਭ ਦਾ ਭਲਾ ਮਨਾਉਂਦਾ ਹੈ, ਕਿਸੇ ਨਾਲ ਉਸ ਦਾ ਵੈਰ ਨਹੀਂ ਹੋਇਆ ਕਰਦਾ। ਸਾਰੇ ਸੰਸਾਰ ਨੂੰ ਕਹਿੰਦਾ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ॥***

ਕਿਸੇ ਦਾ ਬੁਰਾ ਨਹੀਂ ਮੰਗਦਾ, ਨਾ ਗੁਰਸਿੱਖ ਮੰਗਦਾ ਹੈ, ਨਾ ਗੁਰੂ ਮੰਗਦਾ ਹੈ। ਸਗੋਂ ਅਕਾਲ ਪੁਰਖ ਨੂੰ ਕਹਿੰਦਾ ਹੈ -

***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥***

*ਅੰਗ - 853*

ਹੇ ਵਾਹਿਗੁਰੂ ਜਿਵੇਂ ਵੀ ਕੋਈ ਤਰ ਸਕਦਾ ਹੈ, ਉਹਨੂੰ ਤਾਰ ਲੈ। ਚਾਹੇ ਕੋਈ ਪਾਪੀ ਹੈ, ਕੋਈ ਪੁੰਨੀ ਹੈ, ਚਾਹੇ ਭੁਲਿਆ ਹੋਇਆ ਹੈ, ਚਾਹੇ ਨਾਸਤਕ ਹੈ, ਤੂੰ ਕ੍ਰਿਪਾ ਕਰ, ਤੇਰੇ ਜੀਆ ਜੰਤ ਹਨ। ਇਨ੍ਹਾਂ ਤੇ ਬਖਸ਼ਿਸ਼ ਕਰ। ਕਹਿਣ ਲੱਗੇ, ਕੋਈ ਨਹੀਂ ਅਕਾਲ ਪੁਰਖ ਦੀ ਮੌਜ ਹੈ। ਭਾਈ ਗੁਰਦਾਸ ਜੀ ਨੇ ਕਿਹਾ, ਪਾਤਸ਼ਾਹ! ਥੋੜ੍ਹਾ ਉਦਮ ਕਰਨਾ ਬਣਦਾ ਹੈ। ਉਧਰ ਕਰੀਏ ਤੇ ਜਾ ਕੇ ਸਮਝਾਈਏ ਸਾਰਿਆਂ ਨੂੰ ਇਹ ਝੂਠ ਕਿੰਨਾ ਕੁ ਚਿਰ ਪ੍ਰਬਲ ਰਹੇਗਾ। ਗੁਰੂ ਮਹਾਰਾਜ ਨੇ ਕਿਹਾ, ਭਾਈ ਗੁਰਦਾਸ ਜੀ! ਇਹ ਜੋ ਰਿਜ਼ਕ ਮਾਲਕ ਆਪ ਰਾਜ਼ਕ ਕਹਾਉਂਦਾ ਹੈ, ਬਿਸੰਭਰ ਕਹਿੰਦੇ ਨੇ ਉਹਨੂੰ। ਸਾਰਿਆਂ ਦੇ ਪੇਟ ਨੂੰ ਭਰਨ ਵਾਲਾ। ਇਥੇ ਤਾਂ ਤੁਸੀਂ ਕਰ ਲਓਂਗੇ ਤੇ ਬਾਕੀ ਜਿਹੜਾ ਸੰਸਾਰ ਹੈ, ਜਾਨਵਰ ਐਨੇ ਨੇ, ਪੰਛੀ ਐਨੇ ਨੇ, 83 ਲੱਖ, 99 ਹਜ਼ਾਰ, 999 ਜੂਨੀਆਂ ਨੇ। ਬਾਕੀ ਸਾਰਾ ਸੰਸਾਰ ਪਿਆ ਹੈ ਮਨੁੱਖਾਂ ਦਾ। ਉਹ ਇਕੋ ਹੀ ਹੈ ਜਿਹੜਾ ਸਾਰਿਆਂ ਨੂੰ ਦਿੰਦਾ ਹੈ। ਤੁਸੀਂ ਇਸ ਦੇ ਵਾਸਤੇ ਚਿੰਤਾ ਨਾ ਕਰੋ।

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥***

*ਅੰਗ - ੧੦*

ਕਹਿਣ ਲੱਗੇ, ਭਾਈ ਗੁਰਦਾਸ ਜੀ! ਪੱਥਰ ਦੇ ਅੰਦਰ ਕੀੜਾ ਰਹਿੰਦਾ ਹੈ -

*ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥ ਅੰਗ - ੪੮੮*

ਉਹਨੂੰ ਕੋਈ ਰਸਤਾ ਹੀ ਨਹੀਂ ਹੈ ਰੋਜ਼ੀ ਦੇਣ ਦਾ।

*ਧੰਨਾ ਪੂਰਨ ਤਾਹੂ ਕੋ, ਮਤ ਰੇ ਜੀਅ ਡਰਾਂਹੀ॥*

*ਅੰਗ - ੪੮੮*

ਆਦਮੀ ਨੂੰ ਤਾਂ ਡਰਨਾ ਹੀ ਨਹੀਂ ਚਾਹੀਦਾ। ਇਹ ਤਾਂ ਉਨ੍ਹਾਂ ਕੀੜਿਆਂ ਨੂੰ ਵੀ ਰੋਜ਼ੀ ਪਹੁੰਚਾਉਂਦਾ ਹੈ ਜਿਥੇ ਰਾਹ ਹੀ ਨਹੀਂ ਪਹੁੰਚਣ ਦਾ, ਰੋਟੀ ਨਹੀਂ ਪਹੁੰਚਦੀ, ਪਾਣੀ ਨਹੀਂ ਪਹੁੰਚਦਾ, ਵਿਚਾਲੇ ਹੁੰਦਾ ਹੈ ਕੀੜਾ। ਉਥੇ ਪ੍ਰਮੇਸ਼ਰ ਉਨ੍ਹਾਂ ਨੂੰ ਰੋਟੀ ਦਿੰਦਾ ਹੈ।

ਸੋ ਦੂਸਰੀ ਮਿਸਾਲ ਦਿੰਦੇ ਨੇ -

*ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥*

*ਅੰਗ - ੧੦*

ਕੂੰਜਾਂ ਆਂਡੇ ਦੇ ਕੇ ਚਲੀਆਂ ਆਉਂਦੀਆਂ ਨੇ, ਪਿਛੋਂ ਬੱਚੇ ਨਿਕਲਦੇ ਨੇ, ਜਦੋਂ ਇਥੋਂ ਛੇ ਮਹੀਨੇ ਬਾਅਦ ਮੁੜ ਕੇ ਜਾਂਦੀਆਂ ਨੇ, ਗਰਮ ਦੇਸਾਂ 'ਚੋਂ, ਤਾਂ ਜਾਂਦੀਆਂ ਨੂੰ ਉਨ੍ਹਾਂ ਦੇ ਬੱਚੇ ਪਲੇ-ਪਲਾਏ ਹੋ ਜਾਂਦੇ ਨੇ। ਸੋ ਇਹ ਤਾਂ ਅਕਾਲ ਪੁਰਖ ਦਾ ਕੰਮ ਹੈ। ਕਹਿੰਦੇ ਸੱਚੇ ਪਾਤਸ਼ਾਹ! ਠੀਕ ਹੈ, ਰੋਜ਼ੀ ਦਾ ਨਹੀਂ ਸਹੀ, ਪਰ ਇਹ ਜਿਹੜਾ ਝੂਠ ਦਾ ਕਿਲਾ ਉਸਾਰਿਆ ਹੈ ਇਨ੍ਹਾਂ ਨੇ। ਝੂਠ ਦੇ ਖਿਲਾਫ ਤਾਂ ਸੱਚ ਨੂੰ ਪ੍ਰਕਾਸ਼ ਕਰਨਾ ਚਾਹੀਦਾ ਹੈ। ਸੋ ਆਪ ਨੇ ਬਾਬਾ ਬੁੱਢਾ ਜੀ ਸਮੇਤ ਦੂਰ ਦਰਾਜ਼ ਜਾ ਕੇ, ਪਿਪਲੀ ਸਾਹਿਬ (**ਅੰਮ੍ਰਿਤਸਰ**) ਦੇ ਰਾਹ ਤੇ ਹੋਰ ਰਾਹਾਂ ਤੇ ਉਥੇ ਜਾ ਕੇ ਦੱਸਿਆ ਕਿ ਭੋਲਿਓ! ਪਾਤਸ਼ਾਹ ਸਮੇਂ ਦਾ, ਜਿਹਨੇ ਸੰਸਾਰ ਦਾ ਉਧਾਰ ਕਰਨਾ ਹੈ, ਉਹ ਤਾਂ ਗੁਰੂ ਅਰਜਨ ਪਾਤਸ਼ਾਹ ਨੇ। ਸੰਗਤਾਂ ਨੂੰ ਪਤਾ ਲਗ ਗਿਆ।



**ਧਮਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਤੱਤੀ ਲੋਹ ਤੇ ਬੈਠ ਕੇ 'ਤੇਰਾ ਕੀਆ ਮੀਠਾ ਲਾਗੈ' ਦਾ ਸਿਧਾਂਤ ਦਰਸਾਅ ਰਹੇ ਹਨ।**
**ਹੇਠ - ਆਪ ਜੀ ਰਾਵੀ ਦਰਿਆ ਵਿੱਚ ਸਰੀਰ ਨੂੰ ਅਲੋਪ ਕਰਦੇ ਹੋਏ।**

ਅਖੀਰ ਚਲਦੇ-ਚਲਦੇ ਆਪ ਦੇ ਓਲਾਦ ਨਹੀਂ ਬੜੀ ਦੇਰ ਤਕ ਹੋਈ। ਉਨ੍ਹਾਂ ਦਾ ਲੜਕਾ ਜੋ ਸੀ ਪ੍ਰਿਥੀਚੰਦ ਦਾ, ਮਿਹਰਵਾਨ ਉਹ ਜ਼ਿਆਦਾ ਕੋਲ ਰਿਹਾ ਕਰਦਾ ਹੈ ਤੇ ਜਾ ਕੇ ਘਰ ਵਿਚ ਵਿਚ ਗੱਲ ਕਰਨੀ ਕਿ ਇਨ੍ਹਾਂ ਦੇ ਤਾਂ ਓਲਾਦ ਹੀ ਨਹੀਂ ਹੈ। ਗੁਰਗੱਦੀ ਹੁਣ ਕਿਹਨੂੰ ਦੇਣਗੇ। ਬਚਨ ਇਹ ਹੋਇਆ ਹੋਇਆ ਹੈ ਕਿ ਗੱਦੀ ਹੁਣ ਘਰ 'ਚ ਰਹੇਗੀ। **ਆਪਣੇ ਆਪ** ਮੇਰੇ ਕੋਲ ਆ ਜਾਣੀ ਹੈ। ਸੋ ਇਸ ਤੋਂ ਵੀ ਜ਼ਿਆਦਾ ਤਾਹਨੇ ਮਾਰੇ।

ਇਕ ਦਿਨ ਮਾਤਾ ਜੀ ਕੋਠੇ ਤੇ ਖੜ੍ਹੇ ਆਪਣੇ ਕੇਸ ਹਰੇ ਕਰ ਰਹੇ ਸੀ। ਵਾਲ ਝਟਕੇ, ਇਕ ਕਤਰਾ ਨਾਲ ਦੇ ਕੋਠੇ ਤੇ, ਨੀਵਾਂ ਸੀ ਥੋੜ੍ਹਾ, ਉਪਰ ਜਾ ਪਿਆ। ਉਸ ਵੇਲੇ ਤਾਹਨਾ ਦਿਤਾ ਕਿ ਤੇਰੇ ਤਾਂ ਓਲਾਦ ਨਹੀਂ ਹੋਈ, ਤੂੰ ਮੇਰੇ ਉਪਰ ਕੇਸਾਂ ਦਾ ਕਤਰਾ ਕਿਉਂ ਪਾਇਆ ਹੈ। ਕਪੜੇ ਸੁਕਣੇ ਪਾ ਦਿਤੇ, ਗੋਲੀ







ਨੇ ਕਿਹਾ ਕਿ ਦੇਖੋ ! ਕਿੰਨੇ ਵਧੀਆ ਕਪੜੇ ਗੁਰਸਿੱਖ ਲਿਆਉਂਦੇ ਨੇ। ਕਹਿੰਦੀ ਸਾਰੇ ਆਪਣੇ ਹੀ ਨੇ, ਇਨ੍ਹਾਂ ਦੇ ਤਾਂ ਹੁੰਦਾ ਹੀ ਨਹੀਂ ਕੋਈ। ਅਖੀਰ ਬਾਬਾ ਬੁੱਢਾ ਜੀ ਤੋਂ ਬਚਨ ਦੇ ਨਾਲ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ। ਪ੍ਰਿਥੀਚੰਦ ਇਸ ਗੱਲ ਤੇ ਚਿੜ ਗਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੋ ਉਸ ਵੇਲੇ ਸਾਹਿਬਜ਼ਾਦੇ ਸੀ ਕਿ ਇਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਮਾਰ ਦੇਵਾਂ। ਪਹਿਲੀ ਗੱਲ ਇਹ ਕਰੀ ਕਿ ਇਕ ਜਾਦੂਗਰ ਦੇ ਕੋਲ ਗਿਆ। ਜਦੋਂ ਆਪ ਪੇਟ ਵਿਚ ਸੀ, ਉਸ ਵੇਲੇ ਇਕ ਮੁੱਠ ਸੁਟਵਾਈ ਗਈ। ਕੋਈ ਅਸਰ ਨਾ ਹੋਇਆ। ਕਿਉਂਕਿ ਜਿਹਦਾ ਰਾਖਾ ਆਪ ਵਾਹਿਗੁਰੂ ਹੋਵੇ, ਉਹਦਾ ਕੋਈ ਨੁਕਸਾਨ ਨਹੀਂ ਕਰ ਸਕਿਆ ਕਰਦਾ। ਬਾਕੀ ਜੋ ਨਿਰਵੈਰਾਂ ਦੇ ਨਾਲ ਵੈਰ ਕਰਦੇ ਨੇ, ਸਾਧੂਆਂ ਦੇ ਨਾਲ ਵੈਰ ਕਰਦੇ ਨੇ, ਬੰਦਗੀ ਵਾਲਿਆਂ ਦੇ ਨਾਲ ਵੈਰ ਕਰਦੇ ਨੇ, ਉਨ੍ਹਾਂ ਨੂੰ ਕਦੇ ਸੁਖ ਨਹੀਂ ਹੋਇਆ ਕਰਦਾ।

*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥ ਭਗਤ*

*ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥*

*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥*

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ।।ਅੰਗ - ੩੦੬*

ਸਾਰੇ ਸਾਧੂ, ਮੁਨੀ ਤੇ ਪੀਰ ਪੈਗੰਬਰ, ਔਲੀਏ ਤੇ ਚਾਰੇ ਵੇਦ ਇਹ ਕਹਿੰਦੇ ਨੇ ਕਿ ਜਿਹੜਾ ਕੁਛ ਸੰਤਾਂ ਦੇ ਮੂੰਹੋਂ ਨਿਕਲ ਜਾਵੇ ਉਹ ਬਚਨ ਹੋਇਆ



## ਰਤਵਾੜਾ ਸਾਹਿਬ ਵਿਸਾਖੀ ਸਮਾਗਮ ਦ੍ਰਿਸ਼।



ਨੇ ਕਿਹਾ ਕਿ ਦੇਖੋ! ਕਿੰਨੇ ਵਧੀਆ ਕਪੜੇ ਗੁਰਸਿੱਖ ਲਿਆਉਂਦੇ ਨੇ। ਕਹਿੰਦੀ ਸਾਰੇ ਆਪਣੇ ਹੀ ਨੇ, ਇਨ੍ਹਾਂ ਦੇ ਤਾਂ ਹੁੰਦਾ ਹੀ ਨਹੀਂ ਕੋਈ। ਅਖੀਰ ਬਾਬਾ ਬੁੱਢਾ ਜੀ ਤੋਂ ਬਚਨ ਦੇ ਨਾਲ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ। ਪ੍ਰਿਥੀਚੰਦ ਇਸ ਗੱਲ ਤੇ ਚਿੜ ਗਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੋ ਉਸ ਵੇਲੇ ਸਾਹਿਬਜ਼ਾਦੇ ਸੀ ਕਿ ਇਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਮਾਰ ਦੇਵਾਂ। ਪਹਿਲੀ ਗੱਲ ਇਹ ਕਰੀ ਕਿ ਇਕ ਜਾਦੂਗਰ ਦੇ ਕੋਲ ਗਿਆ। ਜਦੋਂ ਆਪ ਪੇਟ ਵਿਚ ਸੀ, ਉਸ ਵੇਲੇ ਇਕ ਮੁੱਠ ਸੁਟਵਾਈ ਗਈ। ਕੋਈ ਅਸਰ ਨਾ ਹੋਇਆ। ਕਿਉਂਕਿ ਜਿਹਦਾ ਰਾਖਾ ਆਪ ਵਾਹਿਗੁਰੂ ਹੋਵੇ, ਉਹਦਾ ਕੋਈ ਨੁਕਸਾਨ ਨਹੀਂ ਕਰ ਸਕਿਆ ਕਰਦਾ। ਬਾਕੀ ਜੋ ਨਿਰਵੈਰਾਂ ਦੇ ਨਾਲ ਵੈਰ ਕਰਦੇ ਨੇ, ਸਾਧੂਆਂ ਦੇ ਨਾਲ ਵੈਰ ਕਰਦੇ ਨੇ, ਬੰਦਗੀ ਵਾਲਿਆਂ ਦੇ ਨਾਲ ਵੈਰ ਕਰਦੇ ਨੇ, ਉਨ੍ਹਾਂ ਨੂੰ ਕਦੇ ਸੁਖ ਨਹੀਂ ਹੋਇਆ ਕਰਦਾ।

*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥ ਭਗਤ ਮੁਖੈ ਤੇ ਬੋਲਦੇ*
*ਸੇ ਵਚਨ ਹੋਵੰਦੇ॥*
*ਪ੍ਰਗਟ ਪਹਾਰਾ ਜਾਪਦਾ*
*ਸਭਿ ਲੋਕ ਸੁਣੰਦੇ॥*
*ਸੁਖੁ ਨ ਪਾਇਨਿ*
*ਮੁਗਧ ਨਰ ਸੰਤ*
*ਨਾਲਿ ਖਹੰਦੇ॥*
*ਅੰਗ - ੩੦੬*



ਸਾਰੇ ਸਾਧੂ, ਮੁਨੀ ਤੇ ਪੀਰ ਪੈਗੰਬਰ, ਔਲੀਏ ਤੇ ਚਾਰੇ ਵੇਦ ਇਹ ਕਹਿੰਦੇ ਨੇ ਕਿ ਜਿਹੜਾ ਕੁਛ ਸੰਤਾਂ ਦੇ ਮੂੰਹੋਂ ਨਿਕਲ ਜਾਵੇ ਉਹ ਬਚਨ ਹੋਇਆ ਕਰਦਾ ਹੈ। ਜੋ-ਜੋ ਵੀ ਸੰਤਾਂ ਦੇ ਨਾਲ ਖਹੇਗਾ ਉਹ ਆਪਣੇ ਨਾਸ਼ ਨੂੰ ਨੇੜੇ ਬੁਲਾਉਂਦਾ ਚਲਿਆ ਜਾਏਗਾ।

ਗੁ. ਈਸ਼ਰ ਪ੍ਰਕਾਸ਼ ਫਰੀਦਕੋਟ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਪ੍ਰਬਚਨ ਕਰਦੇ ਹੋਏ
ਅਤੇ ਰਤਵਾੜਾ ਸਾਹਿਬ ਦੇ ਜੱਥੇ ਕੀਰਤਨ ਕਰਦੇ ਹੋਏ।





ਪਿੰਡ ਰਤਵਾੜਾ ਵਿਖੇ ਕੁਸ਼ਤੀ ਦੰਗਲ ਵਿੱਚ ਬਾਬਾ ਜੀ।

ਆ ਜਾਓ। ਉਸੇ ਤਰ੍ਹਾਂ ਆਉਣਾ ਸ਼ੁਰੂ ਕਰ ਦਿਤਾ, ਉਹ ਆਪਣੇ ਪਿੰਡ 'ਚੋਂ ਕੁੱਤੇ ਫੜਿਆ ਕਰਨ ਤੇ ਕਿਹਾ ਕਰਨ ਓਧਰ ਦੀ ਲੰਘਦੇ ਨੇ, ਉਥੇ ਜਾ ਕੇ ਫੇਰ ਛੱਡ ਦਿਆ ਕਰਨ। ਉਨ੍ਹਾਂ ਕੁੱਤਿਆਂ ਨੇ ਕਪੜੇ ਫਾੜ ਦੇਣੇ ਬੱਚਿਆਂ ਦੇ ਜ਼ਖਮ ਹੋ ਜਾਣੇ। ਅਖੀਰ ਬਾਬਾ ਜੀ ਨੂੰ ਕਿਹਾ, ਹੁਣ ਤਾਂ ਉਥੋਂ ਵੀ ਸਾਨੂੰ ਲੰਘਣ ਨਹੀਂ ਦਿੰਦੇ। ਉਥੇ ਢਾਹਣੀਆਂ ਲਾ ਕੇ ਕੁੱਤੇ ਲੈ ਕੇ ਬਹਿ ਜਾਂਦੇ ਨੇ। ਬਾਬਾ ਜੀ ਕਹਿੰਦੇ ਕੋਈ ਨਾ ਪ੍ਰੇਮੀਓ! ਅਤਿ ਦਾ ਤੇ ਖ਼ੁਦਾ ਦਾ ਵੈਰ ਹੁੰਦਾ ਹੈ। ਜਿਹੜਾ ਸੰਗਤ ਨੂੰ ਦੁਖੀ ਕਰੇਗਾ, ਉਹ ਆਪ ਦੁਖੀ ਹੋ ਕੇ ਮਰ ਜਾਏਗਾ। ਖਤਮ ਹੋ ਜਾਏਗਾ, ਘਰ ਖਤਮ ਹੋ ਜਾਏਗਾ, ਬਾਲ ਬੱਚਾ ਕੋਈ ਨਹੀਂ ਰਹਿੰਦਾ।

*ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥ ਅੰਗ - ੩੦੬*

ਜੇ ਦਰਖਤ ਦਾ ਮੁੱਡ ਕੱਟ ਦਿਓ, ਫੇਰ ਡਾਲ ਕੀ ਕਰਨੇ ਨੇ। ਜਿਹੜਾ ਸੰਤਾਂ ਨੂੰ ਦੁਖੀ ਕਰੇ ਉਹਦਾ ਮੁੱਢ ਕਟਿਆ ਜਾਂਦਾ ਹੈ। ਫੇਰ ਉਹ ਮਰਨਾ ਸ਼ੁਰੂ ਹੋ ਜਾਂਦਾ ਹੈ। ਖਤਮ ਹੋ ਜਾਂਦਾ ਹੈ। ਕਹਿੰਦੇ ਕੋਈ ਨਾ, ਸਾਧਸੰਗਤ ਜੀ! ਤੁਸੀਂ ਵਾਹਿਗੁਰੂ ਤੇ ਭਰੋਸਾ ਰੱਖੋ। ਥੋੜ੍ਹੇ ਦਿਨਾਂ ਤੋਂ ਬਾਅਦ ਕੀ ਹੋਇਆ। ਰੋਜ਼ ਇਕ ਬੰਦਾ ਮਰਨ ਲਗ ਗਿਆ, ਦੋ-ਦੋ ਮਰਨ ਲਗ ਗਏ, ਫੇਰ ਤਿੰਨ-ਤਿੰਨ ਮਰਨ ਲਗ ਗਏ। ਐਸੇ ਢੀਠ ਨੇ, ਪਤਾ ਹੈ ਕਿ ਅਸੀਂ ਆਹ ਕਰਦੇ ਹਾਂ। ਲੇਕਿਨ ਹੰਕਾਰ ਐਨਾ ਵਧਿਆ ਹੋਇਆ ਹੈ ਤੇ ਕਹਿੰਦੇ ਸੰਤ ਸਾਨੂੰ ਕੀ ਕਰ ਦਏਗਾ। ਮਰਦੇ ਨੇ ਰੋਜ਼ਾਨਾ। ਅਖੀਰ ਐਸਾ ਹੋਇਆ ਕਿ ਸਾਰੇ ਹੀ ਮਰਦ ਮਰ ਗਏ, ਛੋਟੇ ਬੱਚੇ ਵੀ, ਵੱਡੇ ਵੀ, ਇਕ ਬੱਚਾ ਬਚ ਗਿਆ, ਉਹਦੀ ਮਾਤਾ ਨੇ ਉਸੇ ਵੇਲੇ ਲਿਆ ਕੇ ਮਹਾਂਪੁਰਸ਼ਾਂ ਦੇ ਚਰਨਾਂ 'ਚ ਲਿਟਾ ਦਿਤਾ ਬੱਚਾ। ਪਾਤਸ਼ਾਹ! ਜੜ੍ਹ ਰਖ ਲਓ ਪਿੰਡ ਦੀ, ਕਹਿੰਦੇ ਬੀਬੀ! ਇਹ ਪਿੰਡ ਜੜ੍ਹ ਰੱਖਣ ਵਾਲਾ ਹੈ, ਇਹ ਗਰਕ ਹੋਣ ਵਾਲਾ ਪਿੰਡ ਹੈ। ਇਨ੍ਹਾਂ ਨੇ ਸੰਗਤਾਂ ਦੀ ਬੇਅਦਬੀ ਕਰੀ ਹੈ, ਚਾਹੀਦਾ ਇਹ ਹੈ, ਅੱਲਾਹ ਤਾਲਾ ਹੋਇਆ, ਵਾਹਿਗੁਰੂ ਹੋਇਆ, ਰਾਮ ਹੋਇਆ, ਜਿਥੇ ਸੰਗਤਾਂ ਹਰੀ ਦੇ ਜਸ ਵਾਸਤੇ ਜਾਂਦੀਆਂ ਨੇ। ਉਥੇ ਦੇ ਪਿੰਡਾਂ ਨੂੰ ਇਹ ਚਾਹੀਦਾ ਹੈ ਕਿ ਰਸਤੇ ਵੀ ਠੀਕ ਕਰੋ ਤੇ ਉਨ੍ਹਾਂ ਦਾ ਆਦਰ ਸਤਿਕਾਰ ਵੀ ਕਰੋ। ਕੁਛ ਨਹੀਂ ਹੋ ਸਕਦਾ, ਫਤਹਿ ਹੀ ਬੁਲਾ ਦਿਓ। ਐਨੇ ਨਾਲ ਹੀ ਪਿੰਡ ਦਾ ਭਲਾ ਹੋ ਜਾਏਗਾ। ਇਹ ਤਾਂ ਨਹੀਂ ਹੈ ਕਿ ਸੰਗਤਾਂ ਦੀ ਵਿਰੋਧਤਾ ਕਰੋ। ਜਾਹ, ਤੂੰ ਹੁਣ ਗੁਰੂ ਨਾਨਕ ਦੀ ਸ਼ਰਨ ਆ ਗਈ ਹੈਂ ਤੇ ਇਹਦਾ ਨਾਉਂ ਅੱਲਾਹ ਦਿਤਾ ਰੱਖ ਲੈ। ਬੱਚਾ ਬਚ ਗਿਆ, ਸੋ ਇਕ ਬਚਾ ਲਿਆ। ਸੋ ਮਹਾਰਾਜ ਕਹਿੰਦੇ -

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥ ਅੰਗ - ੩੦੬*

ਪ੍ਰਿਥੀ ਚੰਦ ਜੀ ਨੇ ਇਕ ਦਾਈ ਨੂੰ ਪੈਸੇ ਦੇ ਦਿਤੇ। ਕਹਿੰਦੇ ਇਹ ਤਾਂ ਲੈ-ਲੈ ਤੂੰ ਅਗੇਤੇ ਤੇ ਆਪਣੇ ਦੁੱਧਾਂ ਨੂੰ ਜ਼ਹਿਰ ਲਾ ਕੇ, ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਜਾ ਕੇ ਦੁੱਧ ਪਿਲਾ ਦੇ। ਬਹੁਤ ਤੇਜ਼ ਕਿਸਮ ਦੀ ਦਾਈ ਨੇ ਦਵਾਈ ਲਾ ਲਈ ਕਿ ਮੂੰਹ ਨੂੰ ਲਗ ਵੀ ਜਾਵੇ ਉਸੇ ਵੇਲੇ ਚੜ੍ਹਾਈ ਕਰ ਜਾਏ। ਸੋ ਉਹਨੇ ਆ ਕੇ ਮਾਤਾ ਜੀ ਤੋਂ ਬੱਚਾ ਫੜ ਲਿਆ। ਫੜਿਆ ਹੋਇਆ, ਇਕ ਪਾਸੇ ਲੈ ਗਈ। ਬਟਨ ਖੋਲ੍ਹ ਕੇ ਦੁੱਧ ਮੂੰਹ 'ਚ ਪਾਉਣਾ ਚਾਹੁੰਦੀ ਹੈ, ਮਹਾਰਾਜ ਫੜਦੇ ਨਹੀਂ। ਉਹ ਕਦੇ ਇਧਰੋਂ ਕਰਦੀ ਹੈ, ਕਦੇ ਇਧਰੋਂ ਕਰਦੀ ਹੈ। ਉਹ ਫੜਦੇ ਨਹੀਂ। ਅਖੀਰ ਕੁਦਰਤ ਐਸੀ ਹੋਈ ਕਿ ਉਸੇ ਨੂੰ ਜ਼ਹਿਰ ਚੜ੍ਹ ਗਈ, ਆਕੜ ਗਈ, ਗਿਰ ਗਈ ਦੜੰਮ ਕਰਕੇ। ਸਾਰੇ ਇਕੱਠੇ ਹੋ ਗਏ, ਮਹਾਰਾਜ ਆ ਗਏ। ਕਹਿੰਦੀ, ਮੈਂ ਪਾਪ ਕਰਿਆ ਹੈ, ਪਾਪ ਦਾ ਫਲ ਭੋਗਿਆ ਹੈ, ਮੈਨੂੰ ਪ੍ਰਿਥੀ ਚੰਦ ਜੀ ਨੇ ਪੈਸੇ ਦਿਤੇ ਸੀ। ਅਜੇ ਹੋਰ ਦੇਣ ਦਾ ਮੇਰੇ ਨਾਲ ਵਾਇਦਾ ਕਰਿਆ ਸੀ। ਮੈਂ ਜਾ ਰਹੀ ਹਾਂ, ਮੇਰੇ ਗੁਨਾਹ ਬਖਸ਼ ਦਿਓ। ਦੇਖਦੇ-ਦੇਖਦੇ ਮਰ ਗਈ। ਇਹ ਵੀ ਵਾਰ ਨਾ ਚੱਲਿਆ।

ਦੂਸਰੀ ਵਾਰੀ ਇਕ ਸਪੇਰਾ ਸੀ। ਉਹਨੂੰ ਕਿਹਾ ਕਿ ਤੇਰੇ ਕੋਲ ਸਭ ਤੋਂ ਜ਼ਹਿਰੀ ਸੱਪ ਕਿਹੜਾ ਹੈ? ਕਹਿਣ ਲੱਗਿਆ, ਗੁਰੂ ਲੋਕੋ! ਮੇਰੇ ਕੋਲ ਸਭ ਤੋਂ ਜ਼ਹਿਰੀ ਆਹ ਸੱਪ ਹੈ। ਕਹਿੰਦਾ, ਇਹਦੇ ਵਿਚ ਇਕ ਸਿਫਤ ਹੈ? ਕਹਿੰਦਾ, ਜੇ ਇਹ ਮੂੰਹ ਲਾ ਦੇਵੇ ਨਾ ਤਾਂ ਹਾਇ ਨਹੀਂ ਕਹਿਣ ਦਿੰਦਾ। ਐਨੀ ਜ਼ਹਿਰ ਤੇਜ਼ੀ ਨਾਲ ਚੜ੍ਹਦੀ ਹੈ। ਪਿਛੇ ਨੂੰ ਸੁੱਟਦਾ ਹੈ, ਮੂਹਰੇ ਨੂੰ ਨਹੀਂ ਸੁਟਦਾ। ਕਹਿਣ ਲੱਗਿਆ, ਆਹ ਲੈ ਫੜ ਪੰਜ ਸੋ ਰੁਪਿਆ। ਉਹ ਬੱਚਾ ਖੇਲ੍ਹਦਾ ਹੈ ਤੇ ਜੇ ਇਹ ਸੱਪ ਲੜਾ ਦੇਵੇਂ ਤਾਂ ਮੂੰਹ ਮੰਗਿਆ ਇਨਾਮ ਦੇਵਾਂਗਾ। ਸਪੇਰਾ ਗਿਆ, ਜਾ ਕੇ ਮਲਕ ਦੇ ਕੇ ਸੱਪ ਛੱਡ ਦਿਤਾ। ਮਹਾਰਾਜ ਜੀ ਦੇ ਪਾਸ ਚਲਿਆ ਗਿਆ, ਹੁਣ ਡੰਗ ਨਹੀਂ ਮਾਰਦਾ, ਖੇਲ੍ਹਦਾ ਹੈ ਉਨ੍ਹਾਂ ਨਾਲ, ਕਦੇ ਏਧਰ

ਰਤਵਾੜਾ ਸਾਹਿਬ ਦੀ ਨਵੀਂ ਬਣੀ ਬਰਾਂਚ 'ਸੰਤ ਬੇਲਾ' (ਨੇੜੇ ਸ੍ਰੀ ਅਨੰਦਪੁਰ ਸਾਹਿਬ) ਵਿਖੇ ਚੜ੍ਹਦੀ ਪੂਰਨਮਾਸ਼ੀ ਦੀ ਰਾਤ ਸਮੇਂ ਰੈਣ ਸਬਾਈ ਕੀਰਤਨ ਵਿੱਚ ਸੰਤ ਬਾਬਾ ਹਰਪਾਲ ਸਿੰਘ ਜੀ ਜੱਥੇ ਸਮੇਤ ਹਾਜਰੀ ਭਰਦੇ ਹੋਏ।
ਹੇਠਾਂ ਇਲਾਕੇ ਦੀਆਂ ਸੰਗਤਾਂ ਅਨੰਦ ਮਾਣਦੀਆਂ ਹੋਈਆਂ।



ਹੋ ਜਾਂਦੈ, ਕਦੇ ਓਧਰ ਹੋ ਜਾਂਦਾ ਹੈ। ਮਹਾਰਾਜ ਜੀ ਨੇ ਸਿਰੀ ਤੋਂ ਫੜ ਲਿਆ। ਦੇਖ ਲਿਆ ਕਿ ਸੱਪ ਹੈ। ਸਪੇਰਾ ਵੀ ਫੜ ਲਿਆ, ਜਦੋਂ ਮਾਰ ਪਈ, ਤਾਂ ਕਹਿਣ ਲੱਗਿਆ ਕਿ ਮੈਨੂੰ ਤਾਂ ਪੈਸੇ ਦਿਤੇ ਨੇ, ਕਿ ਆਹ ਸੱਪ ਲੜਾ ਦਿਓ। ਇਥੇ ਹੀ ਬੱਸ ਨਹੀਂ ਕਰੀ। ਜਿਹੜਾ ਖਡਾਵਾ ਸੀ, ਉਹ ਬ੍ਰਾਹਮਣ ਖਿਡਾਇਆ ਕਰਦਾ ਸੀ, ਉਸ ਨੂੰ ਕਿਹਾ ਕਿ ਤੈਨੂੰ ਐਨੇ ਪੈਸੇ ਦੇਵਾਂਗੇ। ਤੂੰ ਇਸ ਬੱਚੇ ਨੂੰ ਜ਼ਹਿਰੀਲਾ ਦੁੱਧ ਪਿਲਾ ਦੇ। ਕਿਉਂਕਿ ਉਹ ਰੋਜ਼ ਆਪਣੇ ਹੱਥ ਦੇ ਨਾਲ ਦਹੀਂ ਖਿਲਾਇਆ ਕਰਦਾ ਸੀ।



ਹੋ ਜਾਂਦੈ, ਕਦੇ ਓਧਰ ਹੋ ਜਾਂਦਾ ਹੈ। ਮਹਾਰਾਜ ਜੀ ਨੇ ਸਿਰੀ ਤੋਂ ਫੜ ਲਿਆ। ਦੇਖ ਲਿਆ ਕਿ ਸੱਪ ਹੈ। ਸਪੇਰਾ ਵੀ ਫੜ ਲਿਆ, ਜਦੋਂ ਮਾਰ ਪਈ, ਤਾਂ ਕਹਿਣ ਲੱਗਿਆ ਕਿ ਮੈਨੂੰ ਤਾਂ ਪੈਸੇ ਦਿਤੇ ਨੇ, ਕਿ ਆਹ ਸੱਪ ਲੜਾ ਦਿਓ। ਇਥੇ ਹੀ ਬੱਸ ਨਹੀਂ ਕਰੀ। ਜਿਹੜਾ ਖਡਾਵਾ ਸੀ, ਉਹ ਬ੍ਾਹਮਣ ਖਿਡਾਇਆ ਕਰਦਾ ਸੀ, ਉਸ ਨੂੰ ਕਿਹਾ ਕਿ ਤੈਨੂੰ ਐਨੇ ਪੈਸੇ ਦੇਵਾਂਗੇ। ਤੂੰ ਇਸ ਬੱਚੇ ਨੂੰ ਜ਼ਹਿਰੀਲਾ ਦੁੱਧ ਪਿਲਾ ਦੇ। ਕਿਉਂਕਿ ਉਹ ਰੋਜ਼ ਆਪਣੇ ਹੱਥ ਦੇ ਨਾਲ ਦਹੀਂ ਖਿਲਾਇਆ ਕਰਦਾ ਸੀ। ਬਹੁਤ ਤੇਜ਼ ਕਿਸਮ ਦੀ ਜ਼ਹਿਰ ਪਾ ਦਿਤੀ। ਜਦੋਂ ਖਿਲਾਉਣ ਲੱਗਿਆ, ਮਹਾਰਾਜ ਜੀ ਮੂੰਹ ਹੀ ਨਹੀਂ ਖੋਲ੍ਹਦੇ। ਦੂਸਰੇ ਪਾਸੇ ਮੂੰਹ ਕਰਕੇ ਜ਼ੋਰ ਨਾਲ ਚੀਕ ਮਾਰੀ। ਉਹਦਾ ਸੀ ਕਿ ਜਦ ਮੂੰਹ ਖੋਲ੍ਹਣਗੇ ਉਦੋਂ ਹੀ ਮੂੰਹ ਵਿਚ ਪਾ ਦੇਵਾਂਗਾ। ਜ਼ਹਿਰ ਐਨੀ ਤੇਜ਼ ਹੈ, ਉਥੇ ਹੀ ਖਤਮ ਹੋ ਜਾਣਾ ਹੈ। ਮੂੰਹ ਨਹੀਂ ਖੋਲ੍ਹਦੇ, ਹੱਥ ਮੂਹਰੇ ਕਰਿਆ ਹੋਇਆ ਹੈ, ਛੋਟੇ ਜਿਹੇ ਬੱਚੇ ਨੇ। ਰੌਲਾ ਪਿਆ, ਨੱਠ ਕੇ ਗੁਰੂ ਮਹਾਰਾਜ ਆ ਗਏ, ਮਾਤਾ ਜੀ ਆ ਗਏ। ਪੁਛਿਆ, ਕੀ ਗੱਲ? ਕਹਿੰਦਾ, ਦਹੀਂ ਨਹੀਂ ਖਾਂਦੇ। ਕਹਿੰਦੇ, ਕੀ ਗੱਲ ਦਹੀਂ 'ਚ ਕੋਈ ਗੱਲ ਹੋਣੀ ਹੈ, ਤਾਂ ਹੀ ਨਹੀਂ ਖਾਂਦੇ। ਪਤਾ ਤਾਂ ਸਭ ਨੂੰ ਸੀ ਕਿ ਇਹ ਕਰਨ ਕਾਰਨ ਸਮਰੱਥ ਸਭ ਆਪੇ ਹੀ ਨੇ। ਚਾਹੇ ਬੱਚਾ ਸਰੀਰ ਹੋਵੇ, ਚਾਹੇ ਵੱਡਾ ਹੋਵੇ, ਸ਼ਕਤੀ ਨਹੀਂ ਘੱਟ ਹੋਇਆ ਕਰਦੀ, ਸ਼ਕਤੀ ਓਨੀ ਹੀ ਹੋਇਆ ਕਰਦੀ ਹੈ।

ਕੋਈ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਵਿਚ ਸ਼ਕਤੀ ਘੱਟ ਸੀ? ਛਟੀ ਰੱਖ ਦਿਤੀ, ਗੂੰਗੇ, ਬੋਲੇ ਦੇ ਸਿਰ ਦੇ ਉਤੇ, ਅਰਥ ਕਰਾ ਦਿੰਦੇ ਨੇ ਗੀਤਾ ਦੇ। ਕਿੰਨੀ ਉਮਰ ਸੀ ਸਾਢੇ ਸੱਤ ਸਾਲ। ਸੋ ਇਸ ਤਰ੍ਹਾਂ ਦੇ ਨਾਲ ਦਹੀਂ ਲੈ ਕੇ ਕੁੱਤੇ ਨੂੰ ਪਾ ਦਿਤਾ। ਕੁੱਤੇ ਨੇ ਅਜੇ ਮਾੜਾ ਜਿਹਾ ਹੀ ਅੰਦਰ ਨੂੰ ਕਰਿਆ, ਦੜੰਮ ਕਰਕੇ ਗਿਰਿਆ। ਐਡੀ ਤੇਜ਼ ਜ਼ਹਿਰ ਪਾਈ। ਸੋ ਇਹ ਵੈਰ ਹੋਇਆ ਕਰਦਾ ਹੈ ਸਾਧਸੰਗਤ ਜੀ। ਇਹ ਸੁਖ ਨਹੀਂ ਪਾਇਆ ਕਰਦੇ, ਵੈਰ ਕਰਨ ਵਾਲੇ। ਬ੍ਾਹਮਣ ਦੇ ਪੇਟ ਵਿਚ ਸੂਲ ਐਸਾ ਉਠਿਆ, ਉਹ ਵੀ ਚੜ੍ਹਾਈ ਕਰ ਗਿਆ। ਸੋ ਇਸ ਤਰ੍ਹਾਂ ਦੇ ਨਾਲ ਵੈਰ ਵਧਦਾ ਹੀ ਜਾਂਦਾ ਹੈ ਦਿਨੋਂ ਦਿਨ। ਇਕ ਤਾਂ ਇਹ ਹੁੰਦਾ ਹੈ ਕਿ ਇਕ ਪਾਸਾ ਵੈਰ ਨਾ ਕਰੇ, ਤਾਂ ਦੂਸਰਾ ਹੌਲੀ-ਹੌਲੀ ਦਬ ਜਾਂਦਾ ਹੈ। ਇਕ ਐਸਾ ਹੁੰਦਾ ਹੈ ਕਿ ਦਬਦਾ ਨਹੀਂ, ਸੁਭਾਅ ਐਸਾ ਹੁੰਦਾ ਹੈ ਕਿ ਸਾਰੀ ਜ਼ਿੰਦਗੀ ਵੈਰ ਕਰੀ ਜਾਂਦਾ ਹੈ। ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਪਰ ਇਹ ਤਾਂ ਹੁੰਦਾ ਨਹੀਂ ਪਿਆਰਿਓ -

*ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ॥ ਅੰਗ - ੩੦੬*

ਪਚਦੇ ਨੇ ਜਿਹੜੇ ਨਿਰਵੈਰ ਦੇ ਨਾਲ ਵੈਰ ਕਰਦੇ ਨੇ। ਸੋ ਹੁਣ ਪੇਸ਼ ਨਹੀਂ ਜਾਂਦੀ। ਗੁਰਦਾਸਪੁਰ ਜ਼ਿਲੇ ਦਾ ਇਕ ਬ੍ਾਹਮਣ ਜਿਸਦਾ ਨਾਮ ਬੀਰਬਲ ਸੀ। ਇਹ ਕਿਸੇ ਰਾਜੇ ਪਾਸ ਨੌਕਰ ਸੀ। ਉਸ ਰਾਜੇ ਨੇ ਹੌਲੀ-ਹੌਲੀ ਅਕਬਰ ਦੇ ਪਾਸ ਭੇਜ ਦਿਤਾ। ਹੁਸ਼ਿਆਰ ਬੜਾ ਸੀ, ਹਾਜ਼ਰ ਜਵਾਬ ਸੀ, ਪੂਜਾ ਪਾਠ ਬਹੁਤ ਕਰਿਆ ਕਰਦਾ ਸੀ, ਕਥਾ ਕਰਨੀ, ਬ੍ਾਹਮਣਾਂ ਵਾਲੇ ਕਰਮ ਵੀ ਪੂਰੇ ਕਰਨੇ ਤੇ ਨਾਲ ਲਤੀਫੇ ਵੀ ਸੁਣਾਉਣੇ ਉਸ ਨੇ। ਬੀਰਬਲ ਦੇ ਲਤੀਫੇ ਵੀ ਮਸ਼ਹੂਰ ਸੀ ਤੇ ਮਾਲ ਆਫੀਸਰ ਸੀ। ਸੋ ਉਸ ਨੇ, ਇਕ ਵਾਰ ਯੁੱਧ ਲੱਗਿਆ ਹੋਇਆ ਸੀ, ਯੂਸਫ਼ ਦੇਹੀ ਦੇ ਵਿਚ, ਅਫ਼ਗਾਨਿਸਤਾਨ 'ਚ। ਉਸ ਥਾਂ ਤੇ ਇਕ ਜਰਨੈਲ ਜੈਨ ਖਾਨ ਨਾਮ ਦਾ ਭੇਜਿਆ ਤੇ ਅਕਬਰ ਇਥੇ ਆਇਆ ਹੋਇਆ ਸੀ। ਉਸ ਨੂੰ ਪਤਾ ਲੱਗਿਆ ਕਿ ਜੈਨ ਖਾਂ ਕਾਮਯਾਬ ਨਹੀਂ ਹੋ ਸਕਦਾ। ਤਾਂ ਅਕਬਰ ਨੇ ਖੁਦ ਤਿਆਰੀ ਕਰੀ ਤੇ ਬੀਰਬਲ ਨੂੰ ਕਿਹਾ ਕਿ ਤੂੰ ਪੰਜਾਬ ਵਿਚੋਂ ਲੰਘ। ਕਹਿਣ ਲੱਗਿਆ, ਮੈਂ ਪੰਜਾਬ ਦਾ ਬ੍ਾਹਮਣ ਹਾਂ ਤੇ ਕ੍ਰਿਪਾ ਕਰਕੇ ਮੈਨੂੰ ਇਹ ਹੱਕ ਦੇ ਦਿਓ ਕਿ ਮੈਂ ਸਾਰੇ ਖੱਤਰੀਆਂ ਤੋਂ ਜਜਮਾਨੀ ਪਰੋਹਤੀ ਲੈਂਦਾ ਚਲਿਆ ਜਾਵਾਂ। ਜਿਹੜਾ ਨਾ ਦੇਵੇ, ਮੈਨੂੰ ਅਖਤਿਆਰ ਦੇ ਦਿਓ ਕਿ ਜੋ ਮੈਂ ਸਜ਼ਾ ਚਾਹਵਾਂ, ਉਹ ਮੈਂ ਦੇਵਾਂ। ਯਾਨਿ ਇਕ ਟੈਕਸ ਉਗਰਾਹੁਣ ਵਾਸਤੇ ਤੁਰਿਆ ਆਉਂਦਾ ਹੈ। ਜਿਥੇ-ਜਿਥੇ ਵੀ ਦੇਖਦਾ ਹੈ, ਜਿਹੜੇ-ਜਿਹੜੇ ਪਿੰਡ ਦੇਖਦਾ ਹੈ, ਚਾਹੇ ਜੱਟਾਂ ਦੇ ਨੇ, ਚਾਹੇ ਖਤਰੀਆਂ ਦੇ ਨੇ, ਸਾਰਿਆਂ ਤੋਂ ਦੱਛਣਾ ਲੈਂਦਾ ਤੁਰਿਆ ਜਾਂਦਾ ਹੈ। ਚਲਦਾ-ਚਲਦਾ, ਜਦ ਰਾਮਦਾਸਪੁਰੇ ਆਇਆ, ਅੰਮ੍ਰਿਤਸਰ ਦੇ ਨੇੜੇ ਆਇਆ। ਉਥੇ ਪ੍ਰਿਥੀਚੰਦ ਮਿਲ ਗਿਆ, ਭੇਟਾ ਲੈ ਕੇ। ਕਹਿੰਦਾ ਲਓ ਪ੍ਰੋਹਤ ਜੀ! ਤੁਸੀਂ ਤਾਂ ਸਾਡੇ ਪ੍ਰੋਹਤ ਹੋ। ਮੈਂ ਤਾਂ ਦੇ ਦਿਤੀ, ਪਰ ਮੇਰਾ ਭਰਾ





ਟਰਸਟ ਰਤਵਾੜਾ ਸਾਹਿਬ ਦੀ ਨਵੀਂ ਬਰਾਂਚ 'ਸੰਤ ਬੇਲਾ' (ਨੇੜੇ ਸ੍ਰੀ ਅਨੰਦਪੁਰ ਸਾਹਿਬ) ਵਿਖੇ ਦੀਵਾਨ ਹਾਲ ਦੀ ਫਰਸ਼ ਕਾਰਸੇਵਾ ਦ੍ਰਿਸ਼।



ਖਿਝਿਆ ਹੋਇਆ ਸੀ, ਉਹਨੇ ਕਿਹਾ ਕਿ ਇਨ੍ਹਾਂ ਨੇ ਸਾਰੇ ਬ੍ਰਾਹਮਣੀ ਕਰਮ ਤੋੜ ਦਿਤੇ। ਤੀਰਥਾਂ ਨੂੰ ਇਹ ਪਸੰਦ ਨਹੀਂ ਕਰਦੇ, ਵਰਤਾਂ ਨੂੰ ਇਹ ਪਸੰਦ ਨਹੀਂ ਕਰਦੇ, ਚੰਦਰਮਾ ਦੀ ਪੂਜਾ ਨੂੰ, ਦਰਖਤਾਂ ਦੀ ਪੂਜਾ ਨੂੰ, ਇਹ ਤਾਂ ਸਾਰੀਆਂ ਚੀਜ਼ਾਂ ਨੂੰ ਗਲਤ ਕਹੀ ਜਾਂਦੇ ਨੇ। ਮੈਂ ਤਾਂ ਪ੍ਰਿਥੀ ਚੰਦ ਤੇਰੇ ਤੋਂ ਵੀ ਪਹਿਲਾਂ ਤਿਆਰ ਹਾਂ ਕਿ ਮੈਂ ਇਹਨੂੰ ਚੰਗੀ ਤਰ੍ਹਾਂ ਸਜ਼ਾ ਦੇਵਾਂ। ਇਹ ਦੇਖੀ ਜਾਏਗੀ, ਜੇ ਇਹ ਪੂਰਾ ਨਹੀਂ ਦੇਏਗਾ, ਫੇਰ ਤਾਂ ਮੈਨੂੰ ਪੂਰਾ ਬਹਾਨਾ ਮਿਲ ਜਾਏਗਾ, ਫੇਰ ਤੂੰ ਦੇਖੀਂ ਮੈਂ ਕੀ ਕਰਦਾ ਹਾਂ।

ਸੋ ਗੁਰੂ ਮਹਾਰਾਜ ਦੇ ਕੋਲ ਆਪਣੇ ਪਿਆਦੇ ਭੇਜ ਦਿਤੇ। ਕਹਿੰਦੇ ਦੇਖੋ ਤੁਸੀਂ ਓ ਖਤਰੀ, ਕਹਿ ਦਿਓ ਓਹਨੂੰ ਕਿ ਬ੍ਰਾਹਮਣ ਬੀਰਬਲ ਨੇ ਭੇਜੇ ਨੇ ਤੇ ਐਨੇ ਹਜ਼ਾਰ ਦੱਛਣਾ ਦੇਵੇ, ਜੇ ਨਾ ਦੇਵੇ ਤਾਂ ਤਿਆਰ ਹੋ ਜਾਵੇ, ਸਜ਼ਾ ਭੁਗਤਣ ਵਾਸਤੇ। ਮਹਾਰਾਜ ਜੀ ਦੇ ਪਾਸ ਚਲੇ ਗਏ। ਜਾ ਕੇ ਉਨ੍ਹਾਂ ਨੇ ਕੁਛ ਅਦਬ ਰੱਖਿਆ ਥੋੜ੍ਹਾ, ਸਮਝਦਾਰ ਸੀ। ਕਹਿਣ ਲੱਗੇ, ਪਾਤਸ਼ਾਹ ! ਅਕਬਰ ਤੋਂ ਬੀਰਬਲ ਹੁਕਮ ਲੈ ਆਇਆ। ਉਹ ਹਰ ਥਾਂ ਤੋਂ ਆਪਣੀ ਦੱਛਣਾ ਲੈਂਦਾ ਫਿਰਦਾ ਹੈ, ਪੈਸੇ ਉਗਰਾਹੁੰਦਾ ਫਿਰਦਾ ਹੈ। ਤੁਹਾਡੇ ਭਰਾਤਾ ਜੀ ਨੇ ਵੀ ਦੇ ਦਿਤੇ। ਕੁਛ ਗੁਪਤ ਗੱਲਾਂ ਵੀ ਇਨ੍ਹਾਂ ਨੇ ਆਪਸ ਵਿਚ ਕਰੀਆਂ ਨੇ। ਕਿਤੇ ਐਸਾ ਨਾ ਹੋਵੇ, ਆਪ ਨੂੰ ਕੋਈ ਸੰਕਟ ਖੜ੍ਹਾ ਹੋ ਜਾਵੇ, ਚੰਗਾ ਇਹ ਹੈ ਕਿ ਬਲਾ ਗਲੋਂ ਲਾਹੋ ਤੇ ਜਿਹੜਾ ਮੰਗਿਆ ਹੈ ਉਹ ਦੇ ਦਿਓ। ਮਹਾਰਾਜ ਕਹਿੰਦੇ, ਪ੍ਰੇਮੀਓ ਆਹ ਜਿੰਨਾ ਤੁਹਾਨੂੰ ਪੈਸਾ ਟਕਾ ਨਜ਼ਰ ਆਉਂਦਾ ਹੈ, ਇਹ ਮੇਰਾ ਤਾਂ ਹੈ ਨਹੀਂ। ਮੈਂ ਤਾਂ ਇਹਦੇ ਵਿਚੋਂ ਪ੍ਰਸ਼ਾਦਾ ਵੀ ਨਹੀਂ ਛਕਦਾ, ਵਸਤਰ ਵੀ ਨਹੀਂ ਪਹਿਨਦਾ। ਇਹ ਤਾਂ ਸਾਰਾ ਸੰਗਤਾਂ ਲਿਆਉਂਦੀਆਂ ਨੇ, ਸੰਗਤਾਂ ਤੇ ਲੱਗ ਜਾਂਦਾ ਹੈ। ਅਸੀਂ ਤਾਂ ਆਪਣਾ ਪ੍ਰਸ਼ਾਦਾ ਪਾਣੀ, ਜਿਹੜੀ ਸਾਡੇ ਕੋਲ ਜ਼ਮੀਨ ਹੈ, ਉਹਦੇ 'ਚੋਂ ਖਾਂਦੇ, ਉਹਦੇ 'ਚੋਂ ਵੀ ਅਸੀਂ ਗੁਰੂ ਦੇ ਲੰਗਰ ਵਿਚ ਪਾ ਦਿੰਦੇ ਹਾਂ ਜਿੰਨਾ ਵਾਧੂ ਹੁੰਦਾ ਹੈ। ਸੋ ਪੈਸਾ ਤਾਂ ਸੰਗਤਾਂ ਦਾ ਹੈ। ਸੰਗਤਾਂ ਦਾ ਪੈਸਾ ਕਿਸੇ ਨੂੰ ਦੇਣਾ ਮੇਰਾ ਅਖਤਿਆਰ ਨਹੀਂ।

ਉਹ ਕਹਿਣ ਲੱਗੇ, ਮਹਾਰਾਜ ! ਜਿੱਦੀ ਬੰਦਾ ਹੈ, ਅਕਬਰ ਦਾ ਮੂੰਹ ਬਹੁਤ ਚੜ੍ਹਿਆ ਹੋਇਆ ਹੈ ਤੇ ਆਪ ਜੇ ਦੇ ਦਿਓਂ ਤਾਂ ਚੰਗਾ ਹੈ। ਨੁਕਸਾਨ ਬਹੁਤ ਹੋ ਜਾਣਾ ਹੈ, ਅਸੀਂ ਤਾਂ ਤੁਹਾਡਾ ਵੀ ਸਤਿਕਾਰ ਰੱਖਣਾ ਹੈ ਤੇ ਓਧਰ ਵੀ ਰੱਖਣਾ ਹੈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ ! ਆਹ ਗੱਲ ਨਹੀਂ ਹੈ, ਵਿਚੋਂ ਜਿਹੜੀ ਗੱਲ ਹੈ ਕਿ ਇਹਨੂੰ ਬਹੁਤ ਅਭਿਮਾਨ ਹੈ ਬ੍ਰਾਹਮਣਪੁਣੇ ਦਾ ਤੇ ਇਹ ਸਿੱਖੀ ਨੂੰ ਮੇਟਣਾ ਚਾਹੁੰਦਾ ਹੈ ਕਿ ਮੈਂ ਇਹਨੂੰ ਖਤਮ ਕਰ ਦੇਵਾਂ। ਪਰ ਵਾਹਿਗੁਰੂ ਦਾ ਅਸੂਲ ਕੁਛ ਹੋਰ ਹੈ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*** ***ਅੰਗ - ੧੦੮੯***

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਸਾਰੇ ਧਰਮ ਗ੍ਰੰਥ ਇਹੀ ਕਹਿੰਦੇ ਨੇ ਕਿ ਰੱਬ ਨੂੰ ਹੰਕਾਰ ਨਹੀਂ ਭਾਇਆ ਕਰਦਾ। ਅਹੰਕਾਰੀ ਜਿਹੜਾ ਪੁਰਸ਼ ਹੈ ਉਹਨੂੰ ਹਾਰਨਾ ਪਏਗਾ। ਮਹਾਰਾਜ ਕਹਿੰਦੇ, ਤੁਸੀਂ ਅਕਾਲ ਪੁਰਖ ਤੇ ਭਰੋਸਾ ਰੱਖੋ, ਪਿਆਦਿਆਂ ਨੂੰ ਕਹਿਣ ਲੱਗੇ, ਦੇਖਿਓ ! ਤੁਸੀਂ ਉਨ੍ਹਾਂ ਨੂੰ ਕਹਿ ਦਿਓ, ਲੰਗਰ ਛਕਣਾ ਹੈ ਤਿਆਰ ਹੈ, ਕਿਉਂਕਿ ਗੁਰੂ ਨਾਨਕ ਦੇ ਦਰ ਦੇ ਉਤੇ ਕੋਈ ਫਰਕ ਨਹੀਂ ਹੈ। ਲੇਕਿਨ ਅਸੀਂ ਜਾਤ-ਪਾਤ ਨੂੰ ਨਹੀਂ ਮੰਨਦੇ ਕਿ ਬ੍ਰਾਹਮਣਾਂ ਨੂੰ ਕਿਸੇ ਥਾਂ ਬਿਠਾ ਕੇ ਪ੍ਰਸ਼ਾਦਾ ਛਕਾਇਆ ਜਾਵੇ। ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਦਰਬਾਰ ਵਿਚ ਅਕਬਰ ਬਾਦਸ਼ਾਹ ਨੇ, ਭੁੰਜੇ ਬੈਠ ਕੇ, ਹੱਥਾਂ ਤੇ ਲੈ ਕੇ ਪ੍ਰਸ਼ਾਦੇ ਛਕੇ। ਇਹ ਗੁਰੂ ਨਾਨਕ ਦਾ ਲੰਗਰ ਹੈ, ਇਹਦਾ ਪ੍ਰਸ਼ਾਦਾ ਮਿਲ ਜਾਣਾ ਹੀ ਬਹੁਤ ਵੱਡੀ ਕਿਸਮਤ ਹੋਇਆ ਕਰਦੀ ਹੈ। ਬਾਕੀ ਜਿਹੜਾ ਜਜਮਾਨੀ ਪਰੋਹਤੀ ਦੀ ਗੱਲ ਕਰਦੇ ਨੇ ਇਹ, ਅਸੀਂ ਤਾਂ ਨਾ ਕਿਸੇ ਤੀਰਥ ਨੂੰ ਮੰਨਦੇ ਹਾਂ, ਨਾ ਚੰਦ ਨੂੰ, ਨਾ ਸੂਰਜ ਨੂੰ, ਨਾ ਕਿਸੇ ਗ੍ਰਹਿ ਨੂੰ ਮੰਨਦੇ ਹਾਂ, ਨਾ ਕਿਸੇ ਨਖਸ਼ਤ੍ਰ ਨੂੰ ਮੰਨਦੇ ਹਾਂ, ਨਾ ਕਿਸੇ ਦੇਵੀ ਨੂੰ ਮੰਨਦੇ ਹਾਂ, ਨਾ ਦੇਵਤਾ ਨੂੰ ਮੰਨਦੇ ਹਾਂ। ਸਾਡਾ ਤਾਂ ਜ਼ਜਮਾਨ ਸਿੱਧਾ ਹੀ ਵਾਹਿਗੁਰੂ ਹੈ। ਸੋ ਇਨ੍ਹਾਂ ਨੂੰ ਕਹਿ ਦੇਣਾ ਕਿ ਅਸੀਂ ਤਾਂ ਗੁਰੂ ਨਾਨਕ ਦਾ ਜੋ ਧਰਮ ਹੈ, ਉਹ ਮੰਨਦਾ ਨਹੀਂ ਹੈ ਕਿਸੇ ਨੂੰ, ਦੱਛਣਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਸੋ ਉਹ ਜਵਾਬ ਲੈ ਕੇ ਚਲੇ ਜਾਂਦੇ ਨੇ। ਉਸ ਵੇਲੇ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿਤੀਆਂ ਉਸ ਨੇ। ਨਾਲ ਇਹ ਗੱਲ ਕਹੀ ਕਿ ਦੇਖਾਂਗਾ, ਮੇਰੀ ਤਾਕਤ ਨੂੰ ਲਲਕਾਰਿਆ ਹੈ। ਮੈਂ ਦੱਸਾਂਗਾ ਕਿ ਕੀ ਤਾਕਤ ਹੋਇਆ ਕਰਦੀ ਹੈ ਬ੍ਰਾਹਮਣ ਦੇ ਅੰਦਰ। ਕਿੱਡੀਆਂ-ਕਿੱਡੀਆਂ ਬਾਦਸ਼ਾਹੀਆਂ ਬ੍ਰਾਹਮਣ ਨੇ ਗਰਕ ਕਰ ਦਿਤੀਆਂ। ਅਭਿਮਾਨ ਦੇ, ਅਹੰਕਾਰੇ ਹੋਏ ਬਚਨ ਕਰਦਾ ਹੈ। ਆ ਕੇ ਗੁਰਸਿੱਖਾਂ ਨੇ ਦੱਸਿਆ, ਸੱਚੇ ਪਾਤਸ਼ਾਹ ! ਉਹ ਤਾਂ ਬਹੁਤ ਹੰਕਾਰੇ ਹੋਏ ਬਚਨ ਕਰ ਰਿਹਾ ਹੈ। ਮਹਾਰਾਜ ਕਹਿੰਦੇ, ਕੋਈ ਨਾ ਪ੍ਰੇਮੀਓ ! ਨਿਰਵੈਰਾਂ ਦੇ ਉਤੇ ਵੈਰ ਕਰਨ ਵਾਸਤੇ ਚੜ੍ਹ ਕੇ ਆਉਂਦਾ ਹੈ, ਉਹ ਫੇਰ ਵਾਹਿਗੁਰੂ ਜੀ ਦਾ ਫਰਜ਼ ਬਣ ਜਾਂਦਾ ਹੈ, ਆਪਾਂ ਤਾਂ ਸਰਬੱਤ ਦਾ ਭਲਾ ਮੰਗਦੇ ਹਾਂ। ਜੇ ਫੇਰ ਵੀ ਕੋਈ ਨਹੀਂ ਹਟਦਾ, ਫੇਰ ਵਾਹਿਗੁਰੂ ਜੀ ਦੀ ਡਿਊਟੀ ਹੁੰਦੀ ਹੈ ਕਿ ਦੈਂਤਾਂ ਨੂੰ ਮਾਰਦਾ ਹੈ ਤੇ ਸੰਤਾਂ ਨੂੰ ਉਭਾਰਦਾ ਹੈ।

***ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥***

***ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥ ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥*** ***ਅੰਗ - ੪੫੧***

ਦੈਂਤਾਂ ਦਾ ਸ਼ਿੰਗਾਰ ਕਰਨਾ ਵਾਹਿਗੁਰੂ ਦੀ ਆਪਣੀ ਡਿਊਟੀ ਹੈ ਤੁਸੀਂ ਬੇਫਿਕਰ ਰਹੋ। ਪਾਤਸ਼ਾਹ ! ਉਹ ਤਾਂ ਬੜੇ ਹੰਕਾਰ ਦੇ ਬਚਨ ਕਰਦਾ ਹੈ, ਕਹਿੰਦੇ ਕੋਈ ਨਹੀਂ। ਐਨੇ ਨੂੰ ਅਕਬਰ ਨੂੰ ਖਬਰ ਆਈ, ਲਾਹੌਰ ਜੈਨ ਖਾਂ ਭੱਜਣ ਦੀਆਂ ਤਿਆਰੀਆਂ ਕਰਦਾ ਹੈ, ਛੇਤੀ ਫੌਜ ਭੇਜ ਦਿਓ। ਉਸ ਵੇਲੇ ਉਨ੍ਹਾਂ ਨੇ ਫੌਰਨ ਬੀਰਬਲ ਨੂੰ ਸੁਨੇਹਾ ਭੇਜਿਆ ਕਿ ਇਕ ਦਮ ਡਬਲ ਮਾਰਚ ਕਰਦਾ-ਕਰਦਾ ਪਹੁੰਚ ਜਾ। ਜਾ ਕੇ ਯੁੱਧ ਦਾ ਪਲਟਾ ਪਲਟ। ਉਸੇ ਵਲੇ ਜਦੋਂ ਤੁਰਨ ਲੱਗਿਆ ਤਾਂ ਪ੍ਰਿਥੀ ਚੰਦ ਕਹਿਣ ਲੱਗਿਆ ਕਿ ਬੀਰਬਲ ਜੀ ! ਦੱਛਣਾ ਤਾਂ ਤੁਹਾਨੂੰ ਦਿਤੀ ਨਹੀਂ। ਕਹਿੰਦਾ ਕੋਈ ਨਾ, ਮੈਂ ਆ ਕੇ ਦੇਖਾਂਗਾ ਕਿ ਮੈਂ ਕਿਸ ਤਰ੍ਹਾਂ ਦੇ ਨਾਲ ਦੱਛਣਾ ਲੈਂਦਾ ਹਾਂ। ਮਹਾਰਾਜ ਜੀ ਨੂੰ ਆ ਕੇ ਬੇਨਤੀ ਕਰੀ ਕਿ ਪਾਤਸ਼ਾਹ ! ਉਹ ਤਾਂ ਐਸ ਤਰ੍ਹਾਂ ਕਹਿੰਦਾ ਹੈ ਕਿ ਮੈਂ ਯੁੱਧ ਤੋਂ ਹੁਣੇ ਹੀ ਆਇਆ ਤੇ ਬਾਦਸ਼ਾਹ ਵੀ ਮੇਰੇ ਤੇ ਬਹੁਤ ਖੁਸ਼ ਹੋਏਗਾ। ਫੇਰ ਮੈਂ ਮਨਮਰਜ਼ੀ ਕਰਾਂਗਾ। ਫੇਰ ਅਗਲਾ ਪਿਛਲਾ ਹਿਸਾਬ ਕਿਤਾਬ ਸਭ ਨਿਬੇੜ ਦੇਵਾਂਗਾ। ਮਹਾਰਾਜ ਕਹਿੰਦੇ ਇਹਦਾ ਕੀ ਭਰੋਸਾ ਹੈ, ਇਹਨੇ ਆਉਣਾ ਵੀ ਹੈ ਕਿ ਨਹੀਂ ਆਉਣਾ। ਕੋਈ ਪਤਾ ਨਹੀਂ ਹੈ।

***ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥ ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥*** ***ਅੰਗ - ੧੩੬੬***

ਕੀ ਪਤਾ ਕੀ ਹੋ ਜਾਵੇ, ਦੂਸਰੇ ਨੂੰ ਹਾਸਾ ਮਖੌਲ ਮਸਕਰੀਆਂ ਕਰਦਾ ਹੈ। ਮਹਾਰਾਜ ਕਹਿੰਦੇ ਜਦੋਂ ਆਏਗਾ, ਉਦੋਂ ਹੀ ਕੁਛ ਕਰੇਗਾ। ਉਥੇ ਜਾਂਦਾ ਹੀ ਪਠਾਣਾਂ ਨੇ ਮਾਰ ਦਿਤਾ। ਬੜਾ ਉਦਾਸ ਹੋਇਆ ਪ੍ਰਿਥੀ ਚੰਦ। ਸਭ ਤੋਂ ਜ਼ਿਆਦਾ ਸਦਮਾ ਇਹਨੂੰ ਪਹੁੰਚਿਆ। ਮਸਾਂ-ਮਸਾਂ ਤਿਆਰ ਕਰਿਆ ਸੀ, ਉਹ ਵੀ ਜਾਂਦਾ ਰਿਹਾ। ਚਾਰ-ਪੰਜ ਵਾਰ ਕਰੇ ਸਾਰੇ ਖਾਲੀ ਗਏ। ਕੀ ਪਤਾ ਕੈਸੀ ਕਿਸਮਤ ਹੈ ਮੇਰੀ? ਅਜੇ ਵੀ ਪਛਤਾਉਂਦਾ ਨਹੀਂ ਹੈ। ਪਹਿਲੇ ਗੁਰੂਆਂ ਦੀ ਵੀ ਲਿਹਾਜ਼ ਨਹੀਂ ਹੈ ਅੰਦਰ। ਚਲੋ ਇਨ੍ਹਾਂ ਦੀ ਨਾ ਕਰ, ਪਹਿਲਿਆਂ ਦੀ ਤਾਂ ਕਰ ਕਿ ਗੁਰਿਆਈ ਗੁਰੂ ਨਾਨਕ ਦੀ ਐਵੇਂ ਤਾਂ ਨਹੀਂ ਚਲੀ ਆਉਂਦੀ। ਬੇ-ਭਰੋਸੇ ਵਾਲਾ ਬੰਦਾ ਸੀ।

ਸੋ ਇਸ ਤਰ੍ਹਾਂ ਦੇ ਨਾਲ ਦਿੱਲੀ ਦੇ ਅੰਦਰ ਇਕ ਚੰਦੂ ਨਾਮ ਦਾ ਵੱਡਾ ਸਰਕਾਰੀ ਆਫੀਸਰ ਰਿਹਾ ਕਰਦਾ ਸੀ। ਪਹਿਲਾਂ ਅਕਬਰ ਦੇ ਵੇਲੇ ਵੀ ਸੀਗਾ, ਜਹਾਂਗੀਰ ਵੇਲੇ ਉਹਨੇ ਬਹੁਤ ਹੱਥ ਪੈਰ ਮਾਰ ਕੇ ਆਪਣੀ ਤਾਕਤ ਬਣਾ ਲਈ ਸੀ। ਬੜੇ ਦੋਸਤ ਮਿੱਤਰ ਬਣਾ ਲਏ ਅਤੇ ਇਕ ਗੁੱਟ ਕਾਇਮ ਕਰ ਲਿਆ। ਬੜੀ ਤਾਕਤ ਦਾ ਮਾਲਕ ਹੋ ਗਿਆ। ਉਹਦੀ ਲੜਕੀ ਜਦੋਂ ਸੱਤ-ਅੱਠ ਸਾਲ ਦੀ ਹੋਈ। ਉਸ ਵੇਲੇ ਰਿਵਾਜ ਸੀ ਕਿ ਛੋਟੀ ਉਮਰ ਦੇ ਅੰਦਰ ਲੜਕੀਆਂ ਵਿਆਹ ਦਿੰਦੇ ਸੀ। ਕਿਉਂਕਿ ਇਥੇ ਮੁਗਲਾਂ ਦਾ ਰਾਜ ਹੋਣ ਕਰਕੇ, ਇਹ ਡਰ ਰਹਿੰਦਾ ਸੀ ਕਿ ਵੱਡੀ ਲੜਕੀ ਨੂੰ ਚੁੱਕ ਕੇ ਨਾ ਲੈ ਜਾਣ। ਛੋਟੀ ਅੱਠ-ਨੌਂ ਸਾਲ 'ਚ ਹੀ ਸ਼ਾਦੀ ਕਰ ਦਿੰਦੇ ਸੀ। 14-15 ਸਾਲ ਦੇ ਅੰਦਰ-ਅੰਦਰ ਘਰ ਭੇਜ ਦਿੰਦੇ ਸੀ। ਲੇਕਿਨ ਆਪ ਨਹੀਂ ਸੀ ਜਾਇਆ ਕਰਦੇ। ਬ੍ਰਾਹਮਣ, ਨਾਈ ਵਗੈਰਾ ਜਾ ਕੇ ਇਹ ਰਿਸ਼ਤਾ ਕਰ ਆਉਂਦੇ ਸੀ। ਉਹਦੇ ਉਤੇ ਹੀ ਇਤਬਾਰ ਕਰਦੇ ਸੀ। ਕਈ ਗੱਲਾਂ ਗਲਤ ਵੀ ਹੋ ਜਾਂਦੀਆਂ ਸੀ। ਪਰ ਬਹੁਤ ਸਾਵਧਾਨੀ ਦੇ ਨਾਲ, ਰੋਜ਼ ਦਾ ਪੇਸ਼ਾ ਹੋਣ ਕਰਕੇ, ਹੁਸ਼ਿਆਰ ਸੀਗੇ ਸਾਰੇ। ਭੇਤ ਕੱਢ ਲੈਂਦੇ ਸੀ ਬੰਦਿਆਂ ਦਾ। ਅਸਲੀ ਗੱਲ ਟੋਲ੍ਹ ਲੈਂਦੇ ਸੀ। ਸੋ ਉਹਨੇ ਭੇਜ ਦਿਤੇ ਲਾਗੀ। ਕਹਿਣ ਲੱਗੇ, ਘਰ ਐਹੋ ਜਿਹਾ ਹੋਣਾ ਚਾਹੀਦਾ ਹੈ ਕਿ ਜਿਥੇ ਐਉਂ ਨਾ ਕਹਿਣ ਕਿ ਮੰਜੇ ਮੰਗ ਕੇ ਲਿਆਉਣੇ ਨੇ, ਮੇਰੇ ਨਾਲ ਸੌ ਬੰਦਾ ਵੀ ਜਾ ਸਕਦਾ ਹੈ, ਦੋ ਸੌ ਵੀ ਜਾ ਸਕਦਾ ਹੈ। ਤੇ ਮੇਰੇ ਵਰਗਾ ਹੀ ਹੋਵੇ ਤੇ ਮੇਰੇ ਤੋਂ ਵੱਡਾ ਹੀ ਹੋਵੇ ਥੋੜ੍ਹਾ। ਫਿਰਦੇ-ਫਿਰਦੇ ਜਦੋਂ ਅੰਮ੍ਰਿਤਸਰ ਸਾਹਿਬ ਉਥੇ, ਸਾਹਿਬ ਹਰਿਗੋਬਿੰਦ ਸਾਹਿਬ ਖੇਲ੍ਹ ਰਹੇ ਨੇ। ਛੋਟੀ ਉਮਰ ਹੈ, ਪੁੱਛ ਪੁਛਾਕਾ ਕਰਿਆ, ਕਿੰਨ੍ਹਾਂ ਦੇ ਲੜਕੇ ਨੇ। ਅਖੀਰ ਪਤਾ ਲੱਗਿਆ ਕਿ ਸੋਢੀ ਖੱਤਰੀ ਇਨ੍ਹਾਂ ਦੀ ਜਾਤ ਹੈ ਤੇ ਬੱਚਾ ਦੇਖਿਆ, ਕਾਰੋਬਾਰ ਦੇਖਿਆ, ਬੇਅੰਤ ਮਾਨਤਾ ਦੇਖੀ। ਚਿੱਤ ਪ੍ਰਸੰਨ ਹੋ ਗਿਆ। ਵਾਪਸ ਚਲੇ ਗਏ, ਜਾ ਕੇ ਕਹਿਣ ਲੱਗੇ ਅਸੀਂ ਬਹੁਤ ਵੱਡਾ ਘਰ ਦੇਖ ਕੇ ਆਏ, ਜਿਥੇ ਕੋਈ ਅੰਤ ਨਹੀਂ, ਹਜ਼ਾਰਾਂ ਬੰਦੇ ਪਿਛੇ ਚਲਦੇ ਨੇ ਤੇ ਰਾਜਿਆਂ ਵਰਗਾ ਕੰਮ ਹੈ।

ਰਾਜਾ ਕਹਿਣਾ ਤਾਂ ਬਹੁਤ ਛੋਟਾ ਹੁੰਦਾ ਹੈ ਸਾਧਸੰਗਤ ਜੀ!

***ਸਚਾ ਅਮਰੁ ਸਚੀ ਪਾਤਿਸਾਹੀ***
***ਸਚੇ ਸੇਤੀ ਰਾਤੇ॥*** ***ਅੰਗ - ੭੪੯***

ਕੌਣ ਨੇ? ਜਿਹੜੇ ਵਾਹਿਗੁਰੂ ਦੀ ਬੰਦਗੀ ਕਰਦੇ ਨੇ, ਉਹਨੂੰ ਤਾਂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਰਾਜਾ ਕਹਿਣਾ ਹੱਤਕ ਹੋਇਆ ਕਰਦੀ ਹੈ। ਕਿਉਂਕਿ ਰਾਜਿਆਂ ਦੇ ਉਤੇ ਤਾਂ ਹਜ਼ਾਰਾਂ ਬੋਝ ਨੇ। ਬਾਕੀ ਇਹ ਜੋ ਰਾਜੇ ਨੇ ਇਨ੍ਹਾਂ ਦਾ ਕਹਿਆ ਹੋਇਆ ਇਥੇ ਹੀ ਨਹੀਂ, ਦਰਗਾਹ ਵਿਚ ਵੀ ਚਲਦਾ ਹੈ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***
***ਅੰਗ - ੧੮੬***

ਦੁਨੀਆਂਦਾਰੀ ਦੀ ਨਿਗ੍ਹਾ ਦੇ ਨਾਲ ਗੱਲ ਕਰਕੇ ਦੱਸ ਦਿਤੀ। ਕਹਿਣ ਲੱਗਿਆ, ਕਿਥੇ ਕਰਕੇ ਆਇਆਂ ਹੈ? ਕਹਿਣ ਲੱਗੇ, ਗੁਰੂ ਅਰਜਨ ਸਾਹਿਬ ਪਾਤਸ਼ਾਹ ਜੀ ਦਾ ਸਾਹਿਬਜ਼ਾਦਾ ਹੈ। ਬੜਾ ਹੋਣਹਾਰ ਹੈ। ਸਾਰੀ ਗੱਲ ਸੁਣੀ। ਕਹਿੰਦਾ ਹੁਣ ਮੈਂ ਕਹਿ ਤਾਂ ਕੁਛ ਨਹੀਂ ਸਕਦਾ। ਜੋ ਤੁਸੀਂ ਕਰ ਆਏ ਤੇ ਕਹੇ ਹੋਏ ਨੂੰ ਹੀ ਮੰਨ ਲਿਆ ਕਰਦੇ ਸੀ। ਪਰ ਇਕ ਗੱਲ ਤੁਸੀਂ ਮਾੜੀ ਕਰੀ। ਉਹ ਮਾੜੀ ਇਹ ਕਰੀ, ਮੈਂ ਹਾਂ ਚੁਬਾਰਾ, ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿਤੀ। ਗੁਰੂ ਘਰ ਨੂੰ ਮੋਰੀ ਕਹਿ ਦਿਤਾ ਤੇ ਆਪਣੇ ਆਪ ਨੂੰ ਅਭਿਮਾਨੀ ਚੁਬਾਰਾ ਕਹਿੰਦਾ ਹੈ। ਪਰ ਤੁਸੀਂ ਕਰ ਆਏ, ਹੁਣ ਮੈਂ ਜਵਾਬ ਨਹੀਂ ਦੇ ਸਕਦਾ। ਕਿਉਂਕਿ ਇਕ ਵਾਰੀ ਕਰ ਦਿਤਾ, ਹੁਣ ਮੈਂ ਲੜਕੀ ਨੂੰ ਦੁਬਾਰਾ ਨਹੀਂ ਕਿਸੇ ਹੋਰ ਥਾਂ ਬਿਠਾਉਣਾ। ਚਿਤਵੀ ਗਈ, ਸੋ ਚਿਤਵੀ ਗਈ। ਅਭਿਮਾਨ ਦੇ ਅੱਖਰ ਬਹੁਤ ਕਹਿ ਦਿਤੇ। ਸੰਗਤ ਦੇ ਸਰੀਰ ਉਥੇ ਖੜ੍ਹੇ ਸੁਣਦੇ ਸੀ। ਸੰਗਤ ਵਿਚ ਵਿਚਾਰ ਹੋਈ। ਕਹਿਣ ਲੱਗੇ, ਬੜਾ ਮਾੜਾ ਕੰਮ ਹੋਇਆ ਇਹ ਤਾਂ। ਉਹ ਤਾਂ ਮੂਰਖ ਨਾਸਤਕ ਪੁਰਸ਼ ਹੈ। ਇਹਦਾ ਤਾਂ ਗੁਰੂ ਘਰ ਨਾਲ ਰਿਸ਼ਤਾ ਹੋਣਾ ਨਹੀਂ ਚਾਹੀਦਾ। ਉਨ੍ਹਾਂ ਨੇ ਗੁਰੂ ਮਹਾਰਾਜ ਵਲ ਚਿੱਠੀ ਲਿਖੀ -

***ਲਿਖਤੁਮ ਸਭਿ ਦਿੱਲੀ ਕੀ ਸੰਗਤਿ***
***ਸਤਿਗੁਰ ਕੇ ਸਨਮੁਖ ਅਰਦਾਸਿ॥***
***ਸ਼ਾਹਿ ਦਿਵਾਨ ਸੁਤਾ ਕੋ ਨਾਤਾ ਭੇਜਯੋ***
***ਅਰੈ ਤੁਮਾਰੇ ਪਾਸਿ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2240***

ਕਹਿੰਦਾ ਉਹ ਤੁਹਾਡੇ ਪਾਸ ਬ੍ਰਾਹਮਣਾਂ ਨੂੰ ਨਾਤਾ ਲਿਖ ਕੇ ਭੇਜ ਰਹੇ ਨੇ। ਸਮਾਨ ਵਗੈਰਾ ਇਨ੍ਹਾਂ ਨੇ ਖਰੀਦ ਲਿਆ ਹੈ ਤੇ ਬੰਦੇ ਮੰਗਣਾ ਕਰਨ ਆ ਰਹੇ ਨੇ। ਪਰ ਇਹ ਹੰਕਾਰੀ ਪੁਰਸ਼ ਹੈ। ਸੱਚੇ ਪਾਤਸ਼ਾਹ! ਇਹਨੇ ਗੁਰੂ ਘਰ ਨੂੰ ਨੀਵਾਂ ਕਿਹਾ ਹੈ, ਆਪਣੇ ਆਪ ਨੂੰ ਉਚਾ ਕਿਹਾ ਹੈ। ਸੰਗਤ ਦਾ ਦਿਲ ਦੁਖ ਗਿਆ ਇਹ ਗੱਲ ਸੁਣ ਕੇ। ਪਾਤਸ਼ਾਹ! ਐਡਾ ਅਭਿਮਾਨ ਹੈ, ਸਾਰੀ ਸ੍ਰਿਸ਼ਟੀ ਤੋਂ ਵੱਡਾ ਜਿਹੜਾ ਘਰ ਹੈ, ਉਹਨੂੰ ਨਾਲੀ ਕਹਿੰਦਾ ਹੈ, ਗੰਦੀ ਨਾਲੀ। ਤੇ ਆਪਣੇ ਆਪ ਨੂੰ ਚੁਬਾਰਾ ਕਹਿੰਦਾ ਹੈ -

***ਆਪ ਹੰਕਾਰੀ ਬਨਯੋ ਚੁਬਾਰਾ***
***ਤੁਮਹਿ ਕਹਯੋ ਮੋਰੀ ਸੰਕਾਸ।***
***ਬਿਨ ਸ਼ਰਧਾ ਤੇ ਮੂਰਖ ਬੋਲਯੋ ਇੱਤ੍ਯਾਦਿਕ***
***ਨਿੰਦਾ ਕਰਿ ਰਾਸ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2280***

ਹਾਸੇ ਕਰਦਾ ਹੈ, ਮਖੌਲ ਕਰਦਾ ਹੈ।

***ਹਮ ਕੋ ਨਹਿਂ ਸੁਖਾਇ ਤਿਸ ਕਹਿਬੋ***
***ਬਸਿ ਨਹਿਂ ਚਲਯੋ ਸੁ ਲਿਖਯੋ ਬ੍ਰਿਤੰਤ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2280***

ਸਾਡਾ ਵਸ ਨਹੀਂ ਚਲਿਆ ਕਿ ਅਸੀਂ ਉਹਨੂੰ ਜਾ ਕੇ ਕੁਛ ਕਹਿ ਸਕੀਏ। ਅਸੀਂ ਬਿਰਤਾਂਤ ਲਿਖ ਦਿਤਾ ਹੈ ਤੇ ਇਹ ਸਾਕਤ ਹੈ।

*ਸੁਤਾ ਨ ਸਾਕਤ ਕੀ ਤੁਮ ਲੀਜਹੁ*
*ਇਹ ਸੰਗਤਿ ਕੌ ਅਹੈ ਮਤੰਤ॥*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2280***

ਸੰਗਤ ਇਹ ਮਤਾ ਪਕਾ ਕੇ ਭੇਜਦੀ ਹੈ ਕਿ ਤੁਸੀਂ ਇਹ ਰਿਸ਼ਤਾ ਨਾ ਲੈਣਾ। ਮਹਾਰਾਜ ਕੋਲ ਜਦੋਂ ਰਿਸ਼ਤਾ ਲੈ ਕੇ ਆਏ। ਚਿੱਠੀ ਪਹਿਲਾਂ ਪਹੁੰਚ ਗਈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਠੀਕ ਹੈ ਰਿਸ਼ਤਾ ਆਇਆ ਹੈ ਲੜਕੀ ਦਾ। ਕੋਈ ਵੀ ਚੰਗਾ ਬੰਦਾ ਮੋੜਿਆ ਨਹੀਂ ਕਰਦਾ। ਪਰ ਤੁਹਾਡਾ ਜੋ ਮਾਲਕ ਹੈ ਜਿਸਨੇ ਤੁਹਾਨੂੰ ਭੇਜਿਆ ਹੈ, ਉਹ ਤਾਂ ਚੁਬਾਰਾ ਹੈ, ਸਾਨੂੰ ਤਾਂ ਗੰਦੀ ਨਾਲੀ ਆਖਿਆ ਹੈ ਉਹਨੇ। ਉਹਦੀ ਲੜਕੀ ਕਿਵੇਂ ਰਹੇਗੀ, ਸਾਡੇ ਕੋਲ ਆ ਕੇ। ਉਹ ਕਿਸੇ ਚੰਗੇ ਥਾਂ, ਚੁਬਾਰੇ ਤੋਂ ਡਬਲ ਚੁਬਾਰੇ ਰਿਸ਼ਤਾ ਕਰ ਦੇਵੇ। ਅਸੀਂ ਤਾਂ ਨਹੀਂ ਲੈਂਦੇ। ਬੜਾ ਉਨ੍ਹਾਂ ਨੇ ਜ਼ੋਰ ਲਾਇਆ। ਅਖੀਰ ਕਹਿਣ ਲੱਗੇ, ਮਹਾਰਾਜ! ਚੰਦੂ ਨੂੰ ਅਸੀਂ ਜਾਣਦੇ ਹਾਂ, ਬੜਾ ਜ਼ਿੱਦੀ ਪੁਰਸ਼ ਹੈ ਇਹ। ਸਰਕਾਰ ਵਿਚ ਇਹਦੀ ਅੱਜ ਚਲਦੀ ਹੈ। ਐਸਾ ਨਾ ਹੋਵੇ, ਆਪ ਦਾ ਨੁਕਸਾਨ ਕਰ ਦੇਵੇ। ਸਾਹਿਬਜ਼ਾਦੇ ਦੇ ਨੁਕਸਾਨ ਕਰ ਦੇਵੇ। ਮਹਾਰਾਜ ਕਹਿੰਦੇ ਉਹ ਤਾਂ ਪ੍ਰਮੇਸ਼ਰ ਤੇ ਛੱਡੋ, ਜੋ ਹੋਣਾ ਹੈ ਪ੍ਰਮੇਸ਼ਰ ਦੀ ਰਜ਼ਾ ਨਾਲ ਹੋਣਾ। ਸੋ ਵਾਪਸ ਮੁੜ ਗਿਆ ਰਿਸ਼ਤਾ। ਇਹਨੇ ਇਰਾਦਾ ਕਰ ਲਿਆ ਕਿ ਮੈਂ ਬਦਲਾ ਜ਼ਰੂਰ ਲਵਾਂਗਾ।

ਅਜੇ ਤੱਕ ਗੁਰੂ ਘਰ ਦੀ ਸ਼ਰਧਾ ਅਕਬਰ ਦੇ ਮਨ ਵਿਚ ਹੋਣ ਕਰਕੇ ਚਲੀ ਆਉਂਦੀ ਸੀ। ਲੇਕਿਨ ਜਹਾਂਗੀਰ ਨੂੰ ਹੌਲੀ-ਹੌਲੀ ਚੁਗਲੀਆਂ ਕਰ-ਕਰ ਕੇ ਏਸ ਨੇ ਇਸ ਨਤੀਜੇ ਤੇ ਪਹੁੰਚਾ ਦਿਤਾ ਕਿ ਉਹਦੇ ਮਨ ਵਿਚ ਇਹ ਗੱਲ ਹੋ ਗਈ ਕਿ ਮੈਂ ਗੁਰੂ ਘਰ ਦਾ ਜੋ ਸਿਲਸਿਲਾ ਚਲ ਰਿਹਾ ਹੈ, ਇਹਨੂੰ ਖਤਮ ਕਰ ਦੇਵਾਂ। ਕੁਛ ਮਨ ਵਿਚ ਖਿਆਲ ਰਖਦਾ ਸੀ, ਦੂਜਾ ਚੰਦੂ ਵਗੈਰਾ ਤਿਆਰ ਹੋ ਗਏ। ਚੰਦੂ ਨੇ ਚਿੱਠੀ ਲਿਖੀ। ਪਤਾ ਲੱਗਿਆ ਕਿ ਕੁਛ ਪ੍ਰਿਥੀਚੰਦ ਦੀ ਨਰਾਜ਼ਗੀ ਹੈ। ਚਿੱਠੀ ਲਿਖ ਕੇ ਭੇਜੀ ਕਿ ਮੈਂ ਤੁਹਾਨੂੰ ਜਾਗੀਰ ਦਿਵਾਈ ਹੋਈ ਹੈ, ਪਿੰਡ ਕੋਠਾ ਜਿਹੜਾ ਹੈ ਇਹ ਤੁਹਾਨੂੰ ਦਿਤਾ ਹੋਇਆ। ਇਹ ਅਸੀਂ ਹੁਣ ਜ਼ਬਤ ਕਰ ਲੈਣਾ ਹੈ ਤੇ ਤੂੰ ਹੁਣ ਗਰੀਬ ਬਣ ਕੇ ਤੁਰਿਆ ਫਿਰੇਂਗਾ। ਨਹੀਂ ਤਾਂ ਆਪਣੇ ਭਰਾ ਨੂੰ ਕਹਿ ਕਿ ਰਿਸ਼ਤਾ ਲੈ ਲਵੇ। ਨਹੀਂ ਤਾਂ ਮੈਂ ਉਹਨੂੰ ਵੀ ਕੈਦ ਕਰਾਵਾਂਗਾ, ਨਾਲੇ ਤੈਨੂੰ ਕਰਾਵਾਂਗਾ। ਚਿੱਠੀ ਲੈ ਕੇ ਆਇਆ ਡਰ ਗਿਆ। ਪਹਿਲਾਂ ਹੀ ਕਹਿਣ ਲੱਗ ਗਿਆ ਕਿ ਮੈਂ ਤਾਂ ਆਪ ਹੀ ਉਹਦਾ ਦੁਸ਼ਮਣ ਹਾਂ। ਕਹਿ ਦੇਣਾ ਦੀਵਾਨ ਸਾਹਿਬ ਨੂੰ ਕਿ ਮੇਰੇ ਤੋਂ ਜੋ ਮਦਦ ਚਾਹੀਦੀ ਹੈ ਮੈਂ ਪੂਰੀ ਦੇਵਾਂਗਾ। ਡਾਢਵੇ ਭੇਤ ਦੇਵਾਂਗਾ। ਉਨ੍ਹਾਂ ਨੇ ਗ੍ਰੰਥ ਸਾਹਿਬ ਬਣਾਇਆ ਹੈ ਉਹਦੇ ਵਿਚ ਆਹ ਲਿਖਿਆ, ਆਹ ਲਿਖਿਆ ਹੈ। ਭੜਕਾ ਦਿਤਾ ਉਨ੍ਹਾਂ ਨੂੰ। ਕਹਿਣ ਲੱਗਿਆ, ਮੈਨੂੰ ਜੇ ਕਹਿਣ ਮੈਂ ਉਨ੍ਹਾਂ ਨਾਲ ਹਾਜ਼ਰ ਹੋ ਕੇ ਗੱਲ ਕਰਾਂਗਾ। ਮੈਂ ਵੱਡਾ ਹੋ ਕੇ ਮੇਰੇ ਤੋਂ ਧੱਕੇ ਨਾਲ ਸਭ ਕੁਛ ਖੋਹ ਲਿਆ। ਚੋਰ ਚਕਾਰ ਆਪਣੇ ਨਾਲ ਰਖਦੇ, ਡਾਕੂ ਕੋਲ ਰਖਦੇ। ਬੜੀਆਂ ਹੀ ਲੂਤੀਆਂ ਲਾਈਆਂ। ਵਾਪਸ ਭੇਜ ਦਿਤਾ। ਜਦੋਂ ਜਾ ਕੇ ਚੰਦੂ ਨੂੰ ਦੱਸਿਆ, ਖੁਸ਼ ਹੋ ਗਿਆ। ਘਰ ਤਾਂ ਪਾਟ ਗਿਆ, ਭਰਾ ਤਾਂ ਮੇਰੇ ਨਾਲ ਹੈ। ਹੁਣ ਦੇਖਾਂਗਾ ਕੀ ਕਰਦੇ ਨੇ।

ਇਧਰਲੇ ਪਾਸੇ ਇਹਨੂੰ ਚੰਦੂ ਦਾ ਸੁਨੇਹਾ ਆ ਗਿਆ ਕਿ ਜਿਹੜਾ ਕੰਮ ਤੂੰ ਕਰੇਂਗਾ, ਤੇਰਾ ਪਰਵਾਨ ਹੀ ਪਰਵਾਨ ਸਹੀ। ਤਕੜਾ ਹੋ ਕੇ ਪਿਛੇ ਲਗ ਉਨ੍ਹਾਂ ਦੇ। ਇਹਦਾ ਇਕ ਮਿੱਤਰ ਸੀ ਜਿਹਦਾ ਨਾਮ ਸੁਲਹੀਖਾਨ ਸੀ। ਸੁਲਹੀਖਾਨ ਦਾ ਭਤੀਜਾ ਸੀ, ਉਹਦਾ ਨਾਉਂ ਸੀ ਸੁਲਭੀਖਾਨ। ਮਤਾ ਇਹ ਪਕਾਇਆ ਕਿ ਸੁਲਭੀਖਾਨ ਮਾਮਲਾ ਉਗਰਾਹੁਣ ਦੇ ਬਹਾਨੇ ਅੰਮ੍ਰਿਤਸਰ ਚਲਿਆ ਜਾਵੇ। ਉਥੇ ਜਾ ਕੇ ਗੁਰੂ ਅਰਜਨ ਸਾਹਿਬ ਨੂੰ ਇਕ ਵਾਰੀ ਕੈਦ ਕਰ ਲਿਆਵੇ। ਉਸ ਤੋਂ ਬਾਅਦ ਅਸੀਂ ਜਾਣੀਏ ਸਾਡਾ ਕੰਮ। ਅਸੀਂ ਆਪੇ ਕਰ ਲਵਾਂਗੇ, ਸਾਰਾ ਕੁਛ। ਸੋ ਮਹਾਰਾਜ ਜੀ ਨੂੰ ਖਬਰ ਪਹੁੰਚੀ ਪਾਤਸ਼ਾਹ! ਗੋਂਦ ਗੁੰਦੀ ਗਈ ਹੈ ਸੁਲਭੀਖਾਨ ਆ ਰਿਹਾ ਹੈ ਆਪ ਦੇ ਪਾਸ। ਕ੍ਰਿਪਾ ਕਰੋ, ਕੁਛ ਬੰਦੋਬਸਤ ਕਰੋ। ਮਹਾਰਾਜ ਜੀ ਨੂੰ ਜਾ ਕੇ ਚੰਗੇ-ਚੰਗੇ ਗੁਰਸਿੱਖਾਂ ਨੇ ਦੱਸਿਆ। ਤਾਂ ਉਸ ਵੇਲੇ ਮਹਾਰਾਜ ਨੇ ਕਿਹਾ ਕਿ ਦੇਖੋ, ਪ੍ਰੇਮੀਓ! ਸਾਡੇ ਕੋਲ ਤਾਂ ਨਿਮਰਤਾ ਦੀ ਗਦਾ ਹੈ, ਹਥਿਆਰ ਹੈ। ਇਹ ਜਿਹੜਾ ਨਿਮਰਤਾ ਦਾ ਹਥਿਆਰ ਹੈ, ਇਹਦੇ ਅੱਗੇ ਜਿਹੜੇ ਵਿਕਾਰੀ ਤੇ ਦੁਸ਼ਟ ਹੁੰਦੇ ਨੇ ਟਿਕਿਆ ਨਹੀਂ ਕਰਦੇ।

ਘਬਰਾਓ ਨਾ ਸਾਧਸੰਗਤ ਜੀ।

*ਗਰੀਬੀ ਗਦਾ ਹਮਾਰੀ॥*
*ਖੰਨਾ ਸਗਲ ਰੇਨੁ ਛਾਰੀ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ॥*
***ਗੁਰ ਪੂਰੇ ਏਹ ਗਲ ਸਾਰੀ॥ ਅੰਗ - ੬੨੮***

ਪੂਰੇ ਸਤਿਗੁਰਾਂ ਦਾ ਬਚਨ ਹੈ ਕਿ ਨਿਮਰਤਾ ਦੇ ਅੱਗੇ ਵਿਕਾਰੀ ਪੁਰਸ਼ ਨਹੀਂ ਠਹਿਰਿਆ ਕਰਦੇ। ਕਿਉਂਕਿ ਉਹਦੇ ਹਿਰਦੇ ਵਿਚ ਨਾਮ ਚਲਦਾ ਹੈ।

*ਹਰਿ ਹਰਿ ਨਾਮੁ ਸੰਤਨ ਕੀ ਓਟਾ॥*
*ਜੋ ਸਿਮਰੈ ਤਿਸ ਕੀ ਗਤਿ ਹੋਵੈ*
***ਉਧਰਹਿ ਸਗਲੇ ਕੋਟਾ॥ ਅੰਗ - ੬੨੮***

ਸੋ ਇਸ ਤਰ੍ਹਾਂ ਦੇ ਨਾਲ ਰਾਹ ਵਿਚ ਤੁਰਿਆ ਆਉਂਦਾ ਹੈ। ਉਥੇ ਇਕ ਉਹਦਾ ਕੋਈ ਸਿਪਾਹੀ ਸੀਗਾ, ਉਹ ਮਿਲ ਗਿਆ। ਉਹ ਕਹਿੰਦਾ ਤੂੰ ਮੇਰੀ ਦੋ ਸਾਲ ਦੀ ਤਨਖਾਹ ਨਹੀਂ ਦਿਤੀ। ਮੇਰੀ ਤਨਖਾਹ ਦੇਹ। ਉਥੇ ਖਹਿਬੜ-ਖਹਿਬਾੜੀ ਹੋਈ। ਤਲਵਾਰ ਪਹਿਨੀ ਹੋਈ ਸੀ, ਉਹਨੇ ਗਲ ਕੱਟ ਕੇ ਔਹ ਮਾਰਿਆ। ਮਹਾਰਾਜ ਨੂੰ ਖਬਰ ਪਹੁੰਚ ਗਈ। ਕਹਿੰਦੇ ਮਹਾਰਾਜ ਉਹ ਤਾਂ ਮਾਰਿਆ ਗਿਆ। ਕਹਿੰਦੇ ਜੋ ਸਾਧੂ ਨੂੰ ਤੰਗ ਕਰਦਾ ਹੈ ਉਹਦਾ ਹਾਲ ਇਹੀ ਹੋਇਆ ਕਰਦਾ ਹੈ।

*ਜਿਸ ਕੇ ਸਿਰ ਊਪਰਿ ਤੂੰ ਸੁਆਮੀ*
*ਸੋ ਦੁਖੁ ਕੈਸਾ ਪਾਵੈ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
***ਮਰਣਾ ਚੀਤਿ ਨ ਆਵੈ॥ ਅੰਗ - ੭੪੯***

ਖਾਤਮਾ ਹੋ ਗਿਆ। ਰਾਹ 'ਚ ਹੀ ਮਾਰਿਆ ਗਿਆ। ਖਬਰ ਪਹੁੰਚ ਗਈ ਪ੍ਰਿਥੀ ਚੰਦ ਨੂੰ। ਦੌੜਿਆ-ਦੌੜਿਆ ਗਿਆ ਉਹਦੇ

ਚਾਚੇ ਦੇ ਪਾਸ। ਇਹਦਾ ਮਿਤਰ ਸੀ, ਕਹਿਣ ਲੱਗਿਆ, ਦੇਖਿਆ ਜਾਦੂ ਵਰਤ ਕੇ ਮਾਰ ਦਿਤਾ। ਜਾਂ ਮੈਨੂੰ ਲਗਦਾ ਹੈ ਕਿ ਪੈਸੇ ਦੇ ਕੇ ਬੰਦਾ ਭੇਜਿਆ ਹੈ ਉਹਨੇ। ਬੜਾ ਮਾੜਾ ਕੰਮ ਕਰਿਆ ਹੈ ਮੇਰੇ ਭਰਾ ਨੇ। ਆਫੀਸਰ ਬੰਦਾ ਮਾਰ ਦਿਤਾ। ਜਿੰਨਾ ਕਹਿਆ ਗਿਆ ਕਹਿ ਦਿਤਾ। ਕਹਿਣ ਲੱਗੇ, ਹੁਣ ਤੁਸੀਂ ਆਪ ਕੋਸ਼ਿਸ਼ ਕਰੋ। ਸੁਲਹੀਖਾਨ ਕਹਿਣ ਲੱਗਿਆ, ਇਨ੍ਹਾਂ ਤੋਂ ਤਾਂ ਬਚ ਗਿਆ ਤੇ ਮੈਂ ਨਹੀਂ ਹੁਣ ਛੱਡਣਾ ਕਿਸੇ ਤਰੀਕੇ ਨਾਲ ਵੀ। ਉਸ ਵੇਲੇ ਚੜ੍ਹਾਈ ਕਰ ਦਿਤੀ। ਬੜਾ ਜ਼ਾਲਮ ਆਫੀਸਰ ਸੀ। ਮਹਾਰਾਜ ਕੋਲ ਖਬਰ ਪਹੁੰਚ ਗਈ ਪਾਤਸ਼ਾਹ! ਭਤੀਜੇ ਦਾ ਬਦਲਾ ਲੈਣ ਵਾਸਤੇ ਆ ਰਿਹਾ ਹੈ ਤੁਹਾਡੇ ਕੋਲ। ਗੁਰਸਿੱਖ ਇਕੱਠੇ ਹੋ ਗਏ, ਪਾਤਸ਼ਾਹ ਬੜਾ ਜ਼ਾਲਮ ਹੈ। ਅਸੀਂ ਇਹ ਵਿਚਾਰ ਕਰਦੇ ਹਾਂ ਕਿ ਕੋਈ ਪੱਤਰ ਲਿਖ ਕੇ ਆਪਣੀ ਪੋਜੀਸ਼ਨ ਸਾਫ ਕਰੀਏ ਜਾਂ ਸੱਚੇ ਪਾਤਸ਼ਾਹ! ਕੋਈ ਸ੍ਰੇਸ਼ਟ ਪੁਰਸ਼, ਇਲਾਕੇ ਦੇ ਮੁਖੀ ਭੇਜ ਦੇਈਏ ਜਾਂ ਫੇਰ ਹੁਕਮ ਦਿਓ ਅਸੀਂ ਵੀ ਕੋਈ ਹਥਿਆਰ ਚੁੱਕੀਏ। ਐਉਂ ਤਾਂ ਮਰਨਾ ਫੇਰ ਔਖਾ ਹੈ। ਮਹਾਰਾਜ ਕਹਿੰਦੇ, ਤੁਸੀਂ ਪ੍ਰੇਮੀਓ! ਭਰੋਸਾ ਰੱਖੋ ਵਾਹਿਗੁਰੂ 'ਤੇ। ਕਹਿੰਦੇ ਆਪਾਂ ਵਾਹਿਗੁਰੂ-ਵਾਹਿਗੁਰੂ ਕਰੋ, ਆਪੇ ਹੀ ਉਹ ਮਾਲਕ ਹੈ। ਚਲਿਆ ਆਉਂਦਾ ਹੈ, ਆ ਕੇ ਪ੍ਰਿਥੀ ਚੰਦ ਦੇ ਕੋਲ ਆ ਗਿਆ। ਉਹਨੇ ਨਵੇਂ ਆਵੇ ਪਾਏ ਸੀ। ਕਿਉਂਕਿ ਉਹਨੇ ਰੀਸ ਕਰੀ ਕਿ ਹਰਿਮੰਦਰ ਸਾਹਿਬ ਵਰਗਾ ਮੈਂ ਬਣਾ ਲੈਂਦਾ ਹਾਂ, ਆਪੇ ਹੀ ਲੋਕ ਇਥੇ ਆਉਣਗੇ। ਉਹੋ ਜਿਹਾ ਹੀ ਮੰਦਰ ਰਚਣਾ ਸ਼ੁਰੂ ਕਰ ਦਿਤਾ। ਆਵੇ ਪਕਾਉਣ ਲੱਗਿਆ ਹੋਇਆ ਹੈ। ਉਥੇ ਆਪਣੀ ਜ਼ਮੀਨ ਦਿਖਾਉਂਦਾ-ਦਿਖਾਉਂਦਾ, ਹੋਰ ਕਾਰੋਬਾਰ ਦਿਖਾਉਂਦਾ-ਦਿਖਾਉਂਦਾ, ਜਦੋਂ ਆਵਿਆਂ ਦੇ ਕੋਲ ਗਿਆ, ਐਸਾ ਘੋੜਾ ਡਰਿਆ ਕਿ ਉਤੋਂ ਇਕ ਪੰਛੀ ਅਚਾਨਕ ਉਡ ਪਿਆ, ਘੋੜਾ ਅਲਫ ਹੋ ਗਿਆ, ਦੌੜ ਕੇ ਜਾ ਕੇ ਅੱਗ 'ਚ ਚਾਲ ਮਾਰ ਦਿਤੀ। ਘੋੜਾ ਵੀ ਗਿਰ ਗਿਆ ਤੇ ਨਾਲ ਹੀ ਇਹ ਗਿਰ ਗਿਆ। ਮਹਾਰਾਜ ਜੀ ਦੇ ਕੋਲ ਖਬਰ ਆਈ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਪ੍ਰਭੂ ਦਾ ਧਿਆਨ ਕਰੋ। ਉਹ ਰਾਖਾ ਬਣ ਜਾਇਆ ਕਰਦਾ ਹੈ।

***ਸੁਲਹੀ ਕਾ ਹਾਥੁ ਕਹੀ ਨ ਪਹੁਚੈ***
***ਸੁਲਹੀ ਹੋਇ ਮੂਆ ਨਾਪਾਕੁ ॥***
***ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ***
***ਖਿਨ ਮਹਿ ਹੋਇ ਗਇਆ ਹੈ ਖਾਕੁ ॥***
***ਮੰਦਾ ਚਿਤਵਤ ਚਿਤਵਤ ਪਚਿਆ***
***ਜਿਨਿ ਰਚਿਆ ਤਿਨਿ ਦੀਨਾ ਧਾਕੁ ॥***
***ਪੁਤ੍ਰ ਮੀਤ ਧਨੁ ਕਿਛੂ ਨ ਰਹਿਓ***
***ਸੁ ਛੋਡਿ ਗਇਆ ਸਭ ਭਾਈ ਸਾਕੁ ॥***
***ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ***
***ਜਿਨਿ ਜਨ ਕਾ ਕੀਆ ਪੂਰਨ ਵਾਕੁ ॥***

***ਅੰਗ - ੮੨੫***

ਮਹਾਰਾਜ ਕਹਿੰਦੇ ਆ ਨਹੀਂ ਸਕਦਾ ਪ੍ਰੇਮੀਓ! ਸੋ ਇਸ ਤਰ੍ਹਾਂ ਬੜੀਆਂ ਗੋਂਦਾਂ, ਗੁੰਦੀਆਂ ਗਈਆਂ। ਅਖੀਰ ਕਿੰਨੇ ਦੁਸ਼ਮਣ ਹੋ ਗਏ। ਸਰਕਾਰ ਦੇ ਅੰਦਰ, ਜਹਾਂਗੀਰ ਵੀ ਦੁਸ਼ਮਣ ਹੋ ਗਿਆ। ਐਸਾ ਧਰਮ ਚਲ ਪਿਆ ਕਿ ਮੁਸਲਮਾਨ ਵੀ ਜਾ-ਜਾ ਕੇ ਸਿੱਖ ਬਣੀ ਜਾਂਦੇ ਨੇ। ਹਿੰਦੂ ਵੀ ਬਣੀ ਜਾਂਦੇ ਨੇ। ਬੇਅੰਤ ਦੁਨੀਆਂ ਇਨ੍ਹਾਂ ਦੇ ਪਿਛੇ ਲਗ ਗਈ। ਕਹਾ ਦਿਤਾ ਗਿਆ ਕਿ ਬਾਦਸ਼ਾਹ ਸਲਾਮਤ! ਜੇ ਹੁਣ ਕੋਈ ਬੰਦੋਬਸਤ ਨਾ ਕੀਤਾ ਗਿਆ ਤਾਂ ਸਾਰਾ ਦੇਸ਼ ਇਹਦੇ ਪਿਛੇ ਲਗ ਜਾਏਗਾ। ਰਾਜ ਲੈ ਲਏਗਾ। ਕੰਨਾਂ ਦਾ ਕੱਚਾ ਸੀ ਰਾਜਾ। ਮੁਲਾਣਿਆਂ ਨੇ ਭੜਕਾਇਆ, ਬ੍ਰਾਹਮਣਾਂ ਨੇ ਭੜਕਾਇਆ, ਚੰਦੂ ਨੇ ਭੜਕਾਇਆ। ਅਖੀਰ ਜਹਾਂਗੀਰ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ। ਪਿਛੇ-ਪਿਛੇ ਜਹਾਂਗੀਰ ਹੋ ਗਿਆ, ਹੁਕਮ ਦੇ ਦਿਤਾ ਕਿ ਇਹਦੀ ਕੋਈ ਮਦਦ ਨਾ ਕਰਿਓ। ਜੋ ਕਰੇਗਾ ਸਖਤ ਸਜ਼ਾਵਾਂ ਦਿਤੀਆਂ ਜਾਣਗੀਆਂ। ਇਹ ਬਿਆਸਾ ਦੇ ਪੱਤਣ ਤੇ ਆ ਗਿਆ, ਉਸ ਵੇਲੇ ਗੁਰੂ ਮਹਾਰਾਜ ਗੋਇੰਦਵਾਲ ਸਾਹਿਬ ਠਹਿਰੇ ਹੋਏ ਕਹੇ ਜਾਂਦੇ ਨੇ। ਲੇਕਿਨ ਆਪ ਉਥੇ ਨਹੀਂ ਸੀਗੇ। ਗੱਲ ਬਣਾਈ ਗਈ ਸਾਰੀ ਕਿ ਗੁਰੂ ਮਹਾਰਾਜ ਉਥੇ ਨੇ। ਲੰਗਰ 'ਚੋਂ ਪ੍ਰਸ਼ਾਦਾ ਛਕਾਇਆ। ਉਹਦੀ ਮਦਦ ਕਰੀ। ਪੰਜ ਹਜ਼ਾਰ ਰੁਪਈਆ ਦਿਤਾ ਤੇ ਮੱਥੇ ਤੇ ਟਿਕਾ ਲਾਇਆ। ਪਹਿਲਾਂ ਤਾਂ ਗੁਰੂ ਕਿਸੇ ਦੇ ਮੱਥੇ ਤੇ ਟਿੱਕਾ ਲਾਉਂਦੇ ਹੀ ਨਹੀਂ ਸੀਗੇ, ਕਿੱਡਾ ਵੱਡਾ ਕਿਉਂ ਨਾ ਆ ਜਾਵੇ। ਅਕਬਰ ਦੇ ਨਹੀਂ ਲਾਇਆ। ਹਮਾਯੂੰ ਆਇਆ, ਬਾਬਰ ਆਇਆ ਕਿਸੇ ਦੇ ਨਹੀਂ ਲਾਇਆ। ਸੋ ਇਹ ਗੱਲਾਂ ਬਣਾ ਕੇ ਭੜਕਾ ਦਿਤਾ ਗਿਆ। ਚੰਦੂ ਨਾਲ ਚਲਿਆ ਆ ਰਿਹਾ ਹੈ। ਮਹਾਰਾਜ ਬਾਦਸ਼ਾਹ ਸਲਾਮਤ! ਐਸ ਵੇਲੇ ਜੇ ਖਤਰਾ ਆਪ ਦੇ ਰਾਜ ਨੂੰ ਹੈ, ਤਾਂ ਕੇਵਲ ਅਰਜਨ ਦੇਵ ਜੀ ਤੋਂ ਹੈ। ਜੋ ਗੁਰੂ ਕਹਾਉਂਦੇ ਨੇ ਆਪਣੇ ਆਪ ਨੂੰ, ਉਨ੍ਹਾਂ ਦਾ ਭਰਾ ਵਿਲਕਦਾ ਫਿਰਦਾ ਹੈ। ਉਹ ਮੇਰੇ ਕੋਲ ਕਿੰਨੀ ਵਾਰ ਆਇਆ ਹੈ ਕਿ ਆਪ ਦੇ ਪੇਸ਼ ਕਰਾਂ। ਲੇਕਿਨ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਿਆ ਪ੍ਰਿਥੀ ਚੰਦ।

ਬੀਬੀ ਕਰਮੋ ਨੇ ਆਪਣੇ ਪੁੱਤਰ ਮਿਹਰਵਾਨ ਨੂੰ ਬੁਲਾਇਆ ਕਹਿੰਦੀ ਮਿਹਰਵਾਨ! ਹੁਣ ਤੂੰ ਚੁੱਪ ਕਰਕੇ ਬਹਿ ਜਾ। ਦੇਖਿਆ, ਨਹੀਂ ਕਿੰਨੀ ਸ਼ਕਤੀ ਹੈ ਉਨ੍ਹਾਂ 'ਚ। ਕਿੰਨੇ ਵਾਰ ਤੇਰੇ ਪਿਤਾ ਜੀ ਨੇ ਕਰੇ, ਸਪੇਰਾ ਮਰਿਆ, ਦਾਈ ਮਰੀ, ਬ੍ਰਾਹਮਣ ਮਰਿਆ, ਸੁਲਹੀ ਖਾਂ ਮਰਿਆ, ਸੁਲਭੀ ਖਾਂ ਮਰਿਆ। ਹੋਰ ਵੀ ਜਿਹੜਾ ਗਿਆ, ਮਰਿਆ ਹੀ ਹੈ। ਤੇਰਾ ਪਿਤਾ ਕਹਿੰਦਾ ਰੋਜ਼ ਚਿਤਵੀ ਜਾਂਦਾ ਸੀ, ਬੁਰਿਆਈ, ਉਹ ਵੀ ਜਹਾਂਗੀਰ ਤੱਕ ਜਾ ਨਹੀਂ ਸਕਿਆ, ਰਾਹ 'ਚ ਮਰ ਗਿਆ। ਹੁਣ ਬੇਟਾ, ਜੋ ਕੁਛ ਆਪਣੇ ਕੋਲ ਹੈ ਇਸ ਤੇ ਸਬਰ ਕਰ। ਲੇਕਿਨ ਇਹ ਚੰਦੂ ਨੂੰ ਅੱਗ ਲੱਗੀ ਹੋਈ ਸੀ ਕਿ ਮੇਰੀ ਲੜਕੀ ਦਾ ਸਾਕ ਨਹੀਂ ਲਿਆ, ਮੇਰੀ ਲੜਕੀ ਕੁਆਰੀ ਰਹਿ ਜਾਏਗੀ। ਸੋ ਜਦੋਂ ਜਹਾਂਗੀਰ ਆ ਗਿਆ ਲਾਹੌਰ, ਖੁਸਰੋ ਵੀ ਫੜਿਆ ਗਿਆ, ਉਹਦੇ ਸਾਥੀ ਫੜੇ ਗਏ। ਸਾਥੀ ਜਿਹੜੇ ਜਰਨੈਲ ਸੀ ਉਨ੍ਹਾਂ ਨੂੰ ਗਊ ਦੀ ਖੱਲ੍ਹ ਵਿਚ ਮੜ੍ਹਾ ਕੇ ਧੁੱਪੇ ਰੱਖ ਦਿਤਾ, ਸੁੱਕ ਗਈਆਂ ਖੱਲ੍ਹਾਂ, ਵਿਚ ਹੀ ਮਰ ਗਏ। ਇਹਨੂੰ ਵੀ ਕਤਲ ਕਰ ਦਿਤਾ ਗਿਆ। 700 ਬੰਦੇ ਨੂੰ ਸੂਲੀ ਚਾੜ੍ਹ ਦਿਤਾ ਗਿਆ। ਜਦੋਂ ਇਹ ਚੀਕਾਂ ਮਾਰਦੇ ਸੀ, ਜਹਾਂਗੀਰ ਖੜ੍ਹਾ ਦੇਖਦਾ ਸੀ। ਕਹਿੰਦਾ, ਹੁਣ ਬੁਲਾਓ ਆਪਣੇ ਹਮਾਇਤੀ ਨੂੰ। ਮੇਖਾਂ ਗੱਡਦੇ

ਸੀ, ਹੱਥਾਂ ਪੈਰਾਂ 'ਚ। ਸੋ ਇਸ ਤਰ੍ਹਾਂ ਦੀਆਂ ਭਿਆਨਕ ਸਜਾਵਾਂ ਦੇ ਕੇ, 13 ਦਿਨ ਰਹਿ ਗਏ। ਇਨ੍ਹਾਂ ਨੇ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਮਹਾਰਾਜ ਦਾ ਤਾਂ ਨਾਮ ਹੀ ਨਹੀਂ ਲਿਆ। ਐਨੀਆਂ ਗੱਲਾਂ ਕਰੀਆਂ। ਅਖੀਰ ਕਹਿਣ ਲੱਗੇ, ਬਾਦਸ਼ਾਹ ਸਲਾਮਤ! ਅਸਲੀ ਬੰਦਾ ਤਾਂ ਰਹਿ ਹੀ ਗਿਆ। ਉਹ ਹੈ ਅੰਮ੍ਰਿਤਸਰ ਦੇ ਅੰਦਰ, ਰਾਮਦਾਸਪੁਰੇ ਦੇ ਅੰਦਰ। ਅਰਜਨ ਮੱਲ ਉਸ ਨੂੰ ਆਖਦੇ ਨੇ। ਸਿੱਖਾਂ ਦਾ ਗੁਰੂ ਬਣਿਆ ਬੈਠਾ ਹੈ। ਸੋ ਬੜੀਆਂ ਲੂਤੀਆਂ ਲਾਈਆਂ।

ਅਖੀਰ ਉਸ ਨੇ ਭੇਜ ਦਿਤੇ ਸਿਪਾਹੀ ਕਿ ਜਾ ਕੇ ਲੈ ਕੇ ਆਓ। ਮਹਾਰਾਜ ਜੀ ਪਾਸ ਪਹੁੰਚ ਜਾਂਦੇ ਨੇ। ਮਹਾਰਾਜ ਜੀ ਨੇ ਦੇਖ ਲਿਆ, ਆਪਣਾ ਸਮਾਂ ਵਿਚਾਰ ਲਿਆ। ਉਸ ਵੇਲੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਬੁਲਾਇਆ। ਕਹਿਣ ਲੱਗੇ, ਅਸੀਂ ਤਾਂ ਹੁਣ ਲਾਹੌਰ ਜਾਣ ਦੀ ਤਿਆਰੀ ਕਰਨੀ ਹੈ। ਤੁਸੀਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਲੈ ਆਇਓ, ਮੈਂ ਉਨ੍ਹਾਂ ਨੂੰ ਤਿਲਕ ਦੇ ਦੇਵਾਂ, ਗੁਰਿਆਈ ਅਸੀਂ ਉਨ੍ਹਾਂ ਨੂੰ ਸੌਂਪਦੇ ਹਾਂ। ਹੁਣ ਤੁਹਾਡੇ ਤੱਕ ਗੱਲ ਹੈ, ਅਕਾਲ ਪੁਰਖ ਨੂੰ ਭਾਉਂਦਾ ਨਹੀਂ ਕਿ ਅਸੀਂ ਫੇਰ ਵਾਪਸ ਆਈਏ।

ਸੋ ਸੰਗਤ ਬੇਅੰਤ ਇਕੱਠੀ ਹੋ ਗਈ ਗੱਲ ਸੁਣ ਕੇ। ਜਾਣ ਨਹੀਂ ਦੇਣਾ ਚਾਹੁੰਦੇ। ਸੋ ਮਹਾਰਾਜ ਬਚਨ ਕਰਦੇ ਨੇ ਪ੍ਰੇਮੀਓ! ਦੇਖੋ ਗੁਰੂ ਦੇ ਭਾਣੇ ਵਿਚ ਰਹੀਦਾ ਹੁੰਦਾ ਹੈ –

***ਸੋ ਸਿਖੁ ਸਖਾ ਬੰਧਪੁ ਹੈ ਭਾਈ***
***ਜਿ ਗੁਰ ਕੇ ਭਾਣੇ ਵਿਚਿ ਆਵੈ॥***
***ਆਪਣੈ ਭਾਣੈ ਜੋ ਚਲੈ ਭਾਈ***
***ਵਿਛੁੜਿ ਚੋਟਾ ਖਾਵੈ॥ ਅੰਗ – ੬੦੧***

ਭਾਣਾ ਮੰਨੋ ਪਿਆਰਿਓ! ਜਿਵੇਂ ਮੇਰੇ ਵਾਹਿਗੁਰੂ ਨੂੰ ਭਾਉਂਦਾ ਹੈ। ਸੋ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਸਾਰੀਆਂ ਸਿੱਖ ਸੰਗਤਾਂ ਨੂੰ ਉਪਦੇਸ਼ ਦਿਤਾ, ਦਿਲਾਸਾ ਦਿਤਾ। ਤੁਸੀਂ ਫਿਕਰ ਨਾ ਕਰੋ। ਦੂਸਰੇ ਦਿਨ ਪਿੱਪਲੀ ਸਾਹਿਬ ਤੱਕ ਸਾਰੀ ਸੰਗਤ ਛੱਡਣ ਆਉਂਦੀ ਹੈ। ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਵੀ ਨੇ। ਆਪ ਨੇ ਆ ਕੇ ਚਰਨਾਂ ਤੇ ਨਮਸਕਾਰ ਕਰੀ। ਬਾਬਾ ਬੁੱਢਾ ਜੀ ਨੇ ਕਰੀ। ਭਾਈ ਗੁਰਦਾਸ ਜੀ ਨੇ ਕਰੀ। ਮਹਾਰਾਜ ਕਹਿਣ ਲੱਗੇ, ਹਰਿਗੋਬਿੰਦ! ਐਹ ਬਾਬਾ ਜੀ ਦਾ ਸਤਿਕਾਰ ਰੱਖਿਓ। ਨੇਤਰਾਂ 'ਚ ਜਲ ਆ ਗਿਆ ਕਿ ਪਿਤਾ ਜੀ, ਜਾ ਰਹੇ ਨੇ। ਹੁਣ ਕਿਵੇਂ ਹੋਏਗਾ?

***ਨਦੀਆ ਵਾਹ ਵਿਛੰਨਿਆ ਮੇਲਾ ਸੰਜੋਗੀ ਰਾਮ॥***
***ਜੁਗੁ ਜੁਗੁ ਮੀਠਾ ਵਿਸੁ ਭਰੇ***
***ਕੋ ਜਾਣੈ ਜੋਗੀ ਰਾਮ॥***
***ਕੋਈ ਸਹਜਿ ਜਾਣੈ ਹਰਿ ਪਛਾਣੈ***
***ਸਤਿਗੁਰੂ ਜਿਨਿ ਚੇਤਿਆ॥***
***ਬਿਨੁ ਨਾਮ ਹਰਿ ਕੇ ਭਰਮਿ ਭੂਲੇ***
***ਪਚਹਿ ਮੁਗਧ ਅਚੇਤਿਆ॥***
***ਹਰਿ ਨਾਮੁ ਭਗਤਿ ਨ ਰਿਦੈ ਸਾਚਾ***
***ਸੇ ਅੰਤਿ ਧਾਹੀ ਰੁੰਨਿਆ॥***
***ਸਚੁ ਕਹੈ ਨਾਨਕੁ ਸਬਦਿ***
***ਸਾਚੈ ਮੇਲਿ ਚਿਰੀ ਵਿਛੁੰਨਿਆ॥ ਅੰਗ – ੪੩੯***

ਬੜੀ ਦੂਰ ਜਾ ਕੇ ਆਪ ਨੇ ਫੇਰ ਪਿਛੇ ਮੁੜ ਕੇ ਦੇਖਿਆ। ਪੰਜ ਸਿੰਘ ਨਾਲ ਲੈ ਲਏ। ਭਾਈ ਪ੍ਰਾਣਾ ਹੈ, ਭਾਈ ਜੇਠਾ ਹੈ, ਭਾਈ ਬਿਧੀ ਚੰਦ ਹੈ, ਦੋ ਹੋਰ ਗੁਰਸਿੱਖ। ਸੋ ਆਪ ਲਾਹੌਰ ਦੇ ਰਸਤੇ ਪੈ ਗਏ। ਗੁਰਸਿੱਖ ਮੁੜ-ਮੁੜ ਦੇਖਦੇ ਜਾਂਦੇ ਨੇ। ਬੜਾ ਕੁਛ ਹੈ ਮਨ ਦੇ ਅੰਦਰ ਕਿ ਮਹਾਰਾਜ ਨੇ ਐਸੇ ਬਚਨ ਕਿਉਂ ਕਰ ਦਿਤੇ। ਅੱਗੇ ਵੀ ਜਾਂਦੇ ਨੇ, ਕਦੇ ਐਸਾ ਬਚਨ ਤਾਂ ਕਰਿਆ ਨਹੀਂ। ਸੋ ਅੱਜ ਧਰਮਸਾਲਾ ਨਹੀਂ ਗਏ। ਸਿੱਧੇ ਅਰਥਮੱਲ ਦੇ ਚਲੇ ਗਏ। ਉਥੇ ਜਾ ਕੇ ਉਹ ਇੰਤਜ਼ਾਰ ਕਰਦਾ ਹੈ, ਤੁਸੀਂ ਤਾਂ ਅੰਤਰਜਾਮੀ ਹੋ, ਘਟ-ਘਟ ਦੇ ਜਾਨਣਹਾਰ ਹੋ। ਮੈਂ ਤਾਂ ਕਈ ਦਿਨਾਂ ਤੋਂ ਦਿਨ ਰਾਤ ਆਪ ਦੀ ਯਾਦ ਵਿਚ ਮੱਛੀ ਵਾਂਗੂੰ ਤੜਫਦਾ ਸੀ। ਮਹਾਰਾਜ ਜੀ ਰਾਤ ਰਹੇ, ਕਹਿਣ ਲੱਗੇ, ਅਰਥਮੱਲ! ਅਸੀਂ ਹੁਣ ਸਰੀਰ ਇਥੇ ਛੱਡ ਦੇਣਾ ਹੈ। ਕਹਿੰਦਾ ਸੱਚੇ ਪਾਤਸ਼ਾਹ! ਐਸਾ ਭਾਣਾ ਵਰਤਾਉਣ ਆਏ ਓਂ। ਕਹਿੰਦੇ ਹਾਂ, ਅਗੰਮ ਵਾਚ ਲਿਆ ਅਸੀਂ। ਸਾਨੂੰ ਸਰੀਰ ਇਥੇ ਛੱਡਣਾ ਪੈਣਾ ਹੈ। ਸੋ ਉਸ ਵੇਲੇ ਉਸ ਨੇ ਬੜਾ ਵੈਰਾਗ ਕਰਿਆ।

***ਜਿਸੁ ਪਿਆਰੇ ਸਿਉ ਨੇਹੁ***
***ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***
***ਅੰਗ – ੮੩***

ਪਾਤਸ਼ਾਹ! ਕਿਵੇਂ ਜੀਵਾਂਗਾ ਮੈਂ। ਮੈਂ ਨਹੀਂ ਜੀਉਂ ਸਕਦਾ। ਮਹਾਰਾਜ ਕਹਿੰਦੇ ਕੋਈ ਨਾ, ਅੱਜ ਤੋਂ 40ਵੇਂ ਦਿਨ ਤੂੰ ਸਾਡੇ ਕੋਲ ਹੀ ਆ ਜਾਣਾ ਹੈ। 40 ਦਿਨ ਇੰਤਜ਼ਾਰ ਕਰ ਲਈਂ। ਅਸੀਂ ਵੀ ਇਥੇ ਚਾਰ-ਪੰਜ ਦਿਨ ਰਹਿਣਾ ਹੈ। ਫੇਰ ਤਾਂ ਮਗਰੋਂ ਸਾਡੇ ਥੋੜ੍ਹੇ ਹੀ ਦਿਨ ਰਹਿ ਗਏ, 35 ਦਿਨ ਰਹਿ ਗਏ। ਐਉਂ ਨਾ ਕਰੀਂ, ਕਾਹਲੀ ਨਹੀਂ ਕਰੀਦੀ ਹੁੰਦੀ, ਸਮੇਂ ਸਿਰ ਜਿਹੜਾ ਫਲ ਪੱਕਦਾ ਹੈ, ਉਹ ਮਿੱਠਾ ਹੁੰਦਾ ਹੈ। ਕੱਚਾ ਫਲ ਨਹੀਂ ਤੋੜੀਦਾ। ਭਾਣਾ ਮੰਨ ਪ੍ਰੇਮੀਆ।

ਸੋ ਉਸ ਵੇਲੇ ਦੂਸਰੇ ਦਿਨ ਮਹਾਰਾਜ ਜੀ ਦਰਬਾਰ 'ਚ ਬੁਲਾਏ ਜਾਂਦੇ ਨੇ। ਜਹਾਂਗੀਰ ਨੇ ਤਿੰਨ ਚਾਰ ਸਵਾਲ ਕਰੇ। ਕਹਿਣ ਲੱਗਿਆ, ਇਕ ਤਾਂ ਤੁਸੀਂ ਗ੍ਰੰਥ ਰਚਿਆ ਹੈ। ਉਹਦੇ ਵਿਚ ਤੁਸੀਂ ਹਿੰਦੂਆਂ ਦੀ, ਮੁਸਲਮਾਨਾਂ ਦੀ, ਪੈਗੰਬਰਾਂ ਦੀ ਨਖੇਧੀ ਕਰੀ ਹੈ। ਦੂਸਰੀ ਇਹ ਹੈ ਕਿ ਤੁਸੀਂ ਚੋਰ ਚਕਾਰ ਬਹੁਤ ਰਖਦੇ ਓਂ। ਤੀਸਰਾ ਇਹ ਹੈ ਕਿ ਤੁਸੀਂ ਬਾਗੀ ਨੂੰ ਮਦਦ ਦਿਤੀ। ਟਿੱਕਾ ਲਾਇਆ ਹੈ, ਉਹਨੂੰ ਰੋਟੀ ਦਿਤੀ ਹੈ ਤੇ ਦੋ ਦਿਨ ਆਪਣੇ ਕੋਲ ਠਹਿਰਾਇਆ ਹੈ। ਚੌਥੀ ਗੱਲ ਇਹ ਹੈ ਕਿ ਤੁਸੀਂ ਹਿੰਦੂ ਦੇ ਵੀ ਵੈਰੀ ਤੇ ਮੁਸਲਮਾਨ ਦੇ ਵੈਰੀ। ਮਹਾਰਾਜ ਕਹਿੰਦੇ, ਜਹਾਂਗੀਰ ਬਾਦਸ਼ਾਹ! ਗੁਰੂ ਨਾਨਕ ਦਾ ਘਰ ਨਾ ਕਿਸੇ ਦਾ ਦੋਖੀ ਹੈ, ਸਭ ਦਾ ਮਿੱਤਰ ਹੈ।

***ਅਵਲਿ ਅਲਹ ਨੂਰੁ ਉਪਾਇਆ***

*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਈ॥ ਅੰਗ - ੧੩੫੦*

ਸਾਡਾ ਤਾਂ ਨਿਹਚਾ ਇਹ ਹੈ ਕਿ ਬਨੀ-ਨੋ ਇਨਸਾਨ ਜਿਹੜਾ ਹੈ ਉਹ ਸਭ ਇਕ ਹੈ ਦੋ ਨਹੀਂ ਹਨ। ਨੇਕ ਅਮਲਾਂ ਵਾਲਾ ਜੋ ਹੈ ਉਹ ਪਾਰ ਹੋ ਜਾਂਦਾ ਹੈ, ਜਿਹੜਾ ਬਦਅਮਲ ਕਰਦਾ ਹੈ ਉਹ ਕੁਫਰ ਕਰਦਾ ਹੈ ਤੇ ਉਹਨੂੰ ਦੋਜ਼ਕ ਵਿਚ ਜਾਣਾ ਪੈਂਦਾ ਹੈ। ਅੱਲਾਹ ਤਾਲਾ ਦੀ ਅਸੀਂ ਭਗਤੀ ਸਿਖਾਉਂਦੇ ਹਾਂ, ਪਿਆਰ ਸਿਖਾਉਂਦੇ ਹਾਂ, ਸਾਰੀ ਖਲਕਤ ਦੇ ਨਾਲ ਅਸੀਂ ਪਿਆਰ ਕਰਦੇ ਹਾਂ। ਅਸੀਂ ਹਿਰਦੇ ਤੋਂ ਕਹਿੰਦੇ ਹਾਂ ਕਿ ਇਹ ਜਿੰਨੀ ਖਲਕਤ ਨਜ਼ਰ ਆਉਂਦੀ ਹੈ, ਜਿੰਨੀ ਦੁਨੀਆਂ ਨਜ਼ਰ ਆਉਂਦੀ ਹੈ ਇਹ ਸਾਰੀ ਪ੍ਰਮੇਸ਼ਰ ਦਾ ਨੂਰ ਹੈ।

ਬਾਦਸ਼ਾਹ! ਗੁਰੂ ਨਾਨਕ ਦਾ ਇਹ ਮਤ ਹੈ ਕਿ ਸਾਰੀ ਸ੍ਰਿਸ਼ਟੀ ਅੱਲਾਹ ਦਾ ਨੂਰ ਹੈ। ਅਸੀਂ ਕਿਸੇ ਦੀ ਵਿਰੋਧਤਾ ਨਹੀਂ ਕਰਦੇ। ਜੇ ਅਸੀਂ ਕਰਦੇ ਹਾਂ ਨਮਾਜ਼ ਪੜ੍ਹਨ ਵਾਲੇ ਨੂੰ ਇਹ ਨਹੀਂ ਕਹਿੰਦੇ ਕਿ ਨਮਾਜ਼ ਨਾ ਪੜ੍ਹੇ। ਅਸੀਂ ਕਹਿੰਦੇ ਹਾਂ -

*ਪੰਜਿ ਨਿਵਾਜਾ ਵਖਤ ਪੰਜਿ*
*ਪੰਜਾ ਪੰਜੇ ਨਾਉ॥*
*ਪਹਿਲਾ ਸਚੁ ਹਲਾਲ ਦੁਇ*
*ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ*
*ਮਨੁ ਪੰਜਵੀ ਸਿਫਤਿ ਸਨਾਇ॥ ਅੰਗ - ੧੪੧*

ਅਸੀਂ ਤਾਂ ਇਹ ਦਸਦੇ ਹਾਂ ਕਿ ਐਉਂ ਮਨ ਨੂੰ ਇਕਾਗਰ ਕਰਕੇ ਨਮਾਜ਼ ਪੜ੍ਹ। ਇਸੇ ਤਰ੍ਹਾਂ ਹਿੰਦੂ ਨੂੰ ਕਹਿੰਦੇ ਹਾਂ ਕਿ ਜੇ ਤੀਰਥ ਜਾਂਦਾ ਹੈ -

*ਤੀਰਥਿ ਨਾਵਾ ਜੇ ਤਿਸੁ ਭਾਵਾ*
*ਵਿਣੁ ਭਾਣੇ ਕਿ ਨਾਇ ਕਰੀ॥ ਅੰਗ - ੬*

ਪ੍ਰਮੇਸ਼ਰ ਨੂੰ ਭਾਅ ਕੇ ਤੀਰਥਾਂ ਦਾ ਇਸ਼ਨਾਨ ਕਰੋ। ਸੋ ਅਸੀਂ ਕਿਸੇ ਦੀ ਵਿਰੋਧਤਾ ਨਹੀਂ ਕਰਦੇ। ਤੁਹਾਨੂੰ ਕਿਸੇ ਨੇ ਐਵੇਂ ਗੱਲਾਂ-ਬਾਤਾਂ ਲਾਈਆਂ ਨੇ। ਬਹੁਤ ਵਾਰੀ ਪਹਿਲਾਂ ਵੀ ਪੁੱਛ-ਪੜ੍ਹਾਕਾ ਹੋ ਚੁੱਕਿਆ ਹੈ। ਰਿਪੋਰਟਾਂ ਤੁਹਾਡੇ ਦਫਤਰਾਂ 'ਚ ਨੇ। ਬਾਕੀ ਜਿਹੜਾ ਤੁਸੀਂ ਗ੍ਰੰਥ ਨੂੰ ਕਹਿੰਦੇ ਓਂ, ਉਹ ਤਾਂ ਆਪ ਜੀ ਦੇ ਪਿਤਾ ਨੇ ਚੰਗੀ ਤਰ੍ਹਾਂ ਗੁਰਦਾਸਪੁਰ ਇਥੇ, ਬਟਾਲੇ ਦੇ ਪਾਸ, ਉਨ੍ਹਾਂ ਨੇ ਸਾਰਾ ਚੰਗੀ ਤਰ੍ਹਾਂ ਹੱਥ ਰੱਖ-ਰੱਖ ਕੇ ਸੁਣਿਆ ਹੈ। ਅਖੀਰ ਉਨ੍ਹਾਂ ਨੇ ਨਮਸਕਾਰ ਕਰੀ। ਸਿਰੋਪਾਓ ਭੇਟ ਕਰਿਆ, ਮੋਹਰਾਂ ਭੇਟ ਕਰੀਆਂ। ਉਨ੍ਹਾਂ ਵਿਚ ਤਾਂ ਕਿਸੇ ਬਾਰੇ ਬੁਰਾ ਲਿਖਿਆ ਨਹੀਂ। ਕਹਿਣ ਲੱਗਿਆ, ਜੇ ਬੁਰਾ ਨਹੀਂ ਲਿਖਿਆ ਤਾਂ ਮੁਹੰਮਦ ਸਾਹਿਬ ਦੀ ਵਡਿਆਈ ਲਿਖ ਦਿਓ। ਉਹ ਕਹਿਣ ਲੱਗੇ, ਇਹ ਕਿਸੇ ਦਾ ਆਪਣਾ ਨਹੀਂ। ਇਹ ਤਾਂ ਧੁਰ ਦਰਗਾਹ ਦਾ ਅਲਹਾਮ ਹੈ, ਜੈਸਾ ਅਲਹਾਮ ਆਇਆ ਉਹ ਲਿਖ ਦਿਤਾ। ਤੀਸਰਾ ਆਪ ਦੇ ਸਾਹਿਬਜ਼ਾਦੇ ਨੂੰ ਮਦਦ ਦੇਣ ਦਾ ਸਵਾਲ, ਅਸੀਂ ਤਾਂ ਉਥੇ ਹੈ ਹੀ ਨਹੀਂ ਸੀ। ਇਹ ਤਾਂ ਤੁਹਾਨੂੰ ਐਵੇਂ ਐਨੀ ਦੇਰ ਤੋਂ ਬਾਅਦ ਇਹ ਗੱਲ ਕਹਿ ਦਿਤੀ ਹੈ। ਬਾਕੀ ਕਿਸੇ ਡਾਕੂ ਨੂੰ ਨਹੀਂ ਰਖਦੇ, ਸਾਡੇ ਕੋਲ ਤਾਂ ਸਾਰੇ ਸਾਧੂ ਨੇ, ਬੰਦਗੀ ਕਰਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ। ਕਿਸੇ ਦਾ ਬੁਰਾ ਨਹੀਂ ਕਰਦੇ, ਸੰਸਾਰ ਦਾ ਭਲਾ ਕਰਦੇ ਨੇ। ਜਦੋਂ ਲਾਹੌਰ ਦੇ ਅੰਦਰ ਕਾਲ ਪਿਆ, ਇਹ ਲੋਥਾਂ ਨਾਲ ਭਰ ਗਿਆ ਸੀ। ਉਹ ਸਾਡੇ ਹੀ ਗੁਰਸਿੱਖ ਸੀ, ਜਿਹੜੇ ਲੋਥਾਂ ਨੂੰ ਚੁੱਕ-ਚੁੱਕ ਕੇ ਸਸਕਾਰ ਕਰਨ ਵਾਲੇ ਦਾ ਸਸਕਾਰ ਕਰਦੇ ਸੀ, ਦਬਾਉਣ ਵਾਲੇ ਨੂੰ ਦਬਦੇ ਸੀ। ਜਦੋਂ ਕਾਲ ਪਿਆ, ਉਸ ਵੇਲੇ ਸਾਡੇ ਹੀ ਗੁਰਸਿੱਖ ਸੀ ਜਿਹੜੇ ਪਿੰਡਾਂ ਵਿਚ ਜਾ ਕੇ ਤਕੜੇ ਗੁਰਸਿੱਖ ਨੂੰ ਕਹਿੰਦੇ ਸੀ ਦਾਣੇ ਦੇ ਦਿਓ। ਮਾੜਿਆਂ ਨੂੰ ਕਹਿੰਦੇ ਸੀ ਦੇ ਦਿਓ, ਵੰਡ ਕੇ ਖਾ ਲਓ। ਮਰਨ ਤੋਂ ਬਚਾਏ, ਇਹਦੇ ਵਿਚ ਲਿਹਾਜ਼ ਨਹੀਂ ਕਰਿਆ, ਨਾ ਹਿੰਦੂ ਦਾ, ਮੁਸਲਮਾਨ ਦਾ, ਨਾ ਸਿੱਖ ਦਾ। ਸਾਰੀ ਜਨਤਾ ਨੂੰ ਅਸੀਂ ਇਕ ਨਜ਼ਰ ਨਾਲ ਦੇਖਦੇ ਸੀ।

ਕਿਉਂਕਿ ਜਹਾਂਗੀਰ ਨੂੰ ਭਖਾਇਆ ਹੋਇਆ ਸੀ। ਆਪਣੇ ਹੱਥ ਨਾਲ ਤਾਉਜ਼ਕ-ਏ-ਜਹਾਂਗੀਰੀ 'ਚ ਲਿਖ ਦਿਤਾ ਸੀ ਇਹਨੇ। ਅਖੀਰ ਇਹ ਕਹਿਣ ਲੱਗਿਆ ਕਿ ਮੈਂ ਨਹੀਂ ਜਾਣ ਦੇਣਾ। ਮੇਰੇ ਕੋਲ ਸਮਾਂ ਨਹੀਂ ਹੈ ਹੁਣ ਤੈਕੀਕਾਤ ਕਰਨ ਦਾ। ਢਾਈ ਲੱਖ ਆਪ ਨੂੰ ਜੁਰਮਾਨਾ। ਇਹ ਭਰੋ। ਨਹੀਂ ਸਜ਼ਾਇ ਮੌਤ ਹੋਏਗੀ। ਨਹੀਂ ਦੀਨ-ਏ-ਇਸਲਾਮ ਕਬੂਲ ਕਰ ਲਓ। ਮਹਾਰਾਜ ਕਹਿੰਦੇ ਠੀਕ ਹੈ, ਮਾਰਨ ਜੀਵਾਲਣ ਵਾਲਾ ਤਾਂ ਪ੍ਰਭੂ ਹੈ। ਜੇ ਉਹਨੂੰ ਭਾਉਂਦਾ ਹੈ ਤਾਂ ਮਾਰੇਗਾ। ਜੇ ਉਹਨੂੰ ਨਹੀਂ ਭਾਉਂਦਾ ਤਾਂ ਨਹੀਂ ਮਾਰੇਗਾ। ਐਨਾ ਕਹਿ ਕੇ ਚਲੇ ਗਏ। ਚੰਦੂ ਕੋਲ ਸੀ ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਜੇ ਆਗਿਆ ਹੋਵੇ ਤਾਂ ਮੈਂ ਦੋ ਚਾਰ ਦਿਨ ਠਹਿਰ ਜਾਵਾਂ। ਮੈਂ ਤੁਹਾਨੂੰ ਛੇਤੀ ਮਿਲਾਂਗਾ। ਮੈਂ ਇਸ ਤੋਂ ਜੁਰਮਾਨਾ ਲਵਾਂਗਾ, ਐਸ ਤਰ੍ਹਾਂ ਨਹੀਂ ਇਹਨੇ ਦੇਣਾ, ਮੈਂ ਜਾਣਦਾ ਹਾਂ। ਸਾਡੇ ਖਤਰੀ ਭਰਾ ਨੇ, ਅਸੀਂ ਜਾਣਦੇ ਹਾਂ ਕਿ ਪੈਸਾ ਕਿਵੇਂ ਕੱਢੀਦਾ ਹੁੰਦਾ ਹੈ। ਤੁਸੀਂ ਮੇਰੇ ਹਵਾਲੇ ਕਰ ਦਿਓ ਤੇ ਮੈਂ ਪੰਜ ਚਾਰ ਦਿਨ 'ਚ ਆਇਆ ਸਮਝੋ।

ਛੁੱਟੀ ਮਿਲ ਗਈ। ਲਾਲ ਹਵੇਲੀ ਸੀ ਜਿਥੇ ਜਾ ਕੇ ਮਹਾਰਾਜ ਜੀ ਨੂੰ ਕੈਦ ਕੀਤਾ, ਪੰਜਾਂ ਸਿੰਘਾਂ ਸਮੇਤ। ਪੰਜ ਸਿੰਘ ਪਹਿਲੇ ਕਮਰੇ 'ਚ ਬੰਦ ਕਰ ਦਿਤੇ। ਅੱਗੇ ਮਹਾਰਾਜ ਜੀ ਨੂੰ ਜਾ ਕੇ ਥੱਲੇ ਬਿਠਾ ਦਿਤਾ। ਪ੍ਰਸੰਨ ਚਿੱਤ ਨੇ, ਕੋਈ ਦਿਲ ਦੇ ਅੰਦਰ ਸ਼ਿਕਵਾ ਨਹੀਂ ਹੈ। ਅਕਾਲ ਪੁਰਖ ਦਾ ਧੰਨਵਾਦ ਕਰਦੇ ਨੇ। ਪਾਤਸ਼ਾਹ! ਜਿਥੇ ਬਿਠਾਉਂਦਾ ਹੈਂ ਉਹੀ ਸਵਰਗ ਹੈ -

*ਜਹ ਬੈਸਾਲਹਿ ਤਹ ਬੈਸਾ ਸੁਆਮੀ*
*ਜਹ ਭੇਜਹਿ ਤਹ ਜਾਵਾ॥*
*ਸਭ ਨਗਰੀ ਮਹਿ ਏਕੋ ਰਾਜਾ*
*ਸਭੇ ਪਵਿਤੁ ਹਰਿ ਥਾਵਾ॥ ਅੰਗ - ੯੯੩*

ਤੇਰੀਆਂ ਥਾਵਾਂ ਸਾਰੀਆਂ ਪਵਿੱਤਰ ਨੇ। ਸੋ ਉਸ ਵੇਲੇ

ਚੰਦੂ ਆ ਜਾਂਦਾ ਹੈ ਤੇ ਕਹਿੰਦਾ ਆ ਕੇ ਮਹਾਰਾਜ ਜੀ ਨੂੰ ਕਿ ਹੁਣ ਤੈਨੂੰ ਪਤਾ ਹੈ ਕਿ ਤੂੰ ਕੀਹਦੇ ਹੱਥ ਵਿਚ ਹੈਂ। ਅੱਜ ਤੱਕ ਤਾਂ ਬਚੀ ਗਿਆ, ਹੁਣ ਨਹੀਂ ਮੈਂ ਜਾਣ ਦੇਣਾ। ਹੁਣ ਤਾਂ ਜੇ ਛੁਟਣਾ ਹੈ ਤਾਂ ਮੇਰੀ ਲੜਕੀ ਦਾ ਰਿਸ਼ਤਾ ਕਬੂਲ ਕਰ ਲੈ।

ਮਹਾਰਾਜ ਕਹਿੰਦੇ ਕਿਉਂ ਇਸ ਤਰ੍ਹਾਂ ਦੇ ਡਰਾਵੇ ਦਿੰਦਾ ਹੈਂ। ਇਹ ਜਿਹੜੀ ਮੌਤ ਦਾ ਤੂੰ ਡਰਾਵਾ ਦਿੰਦਾ ਹੈਂ, ਇਹ ਸੰਤਾਂ ਲਈ ਕੋਈ ਮਾਇਨੇ ਨਹੀਂ ਰੱਖਦੀ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਅੰਗ - ੧੩੬੫***

ਕਹਿਣ ਲੱਗੇ, ਮੌਤ ਦੀ ਧਮਕੀ ਦੇ ਨਾਲ ਡਰਾਉਣਾ ਚਾਹੁੰਦੈ? ਮੌਤ ਹਿਯਾਤ ਹੈ, ਤੂੰ ਜੋ ਕੁਛ ਕਰਨਾ ਹੈ ਕਰ ਲੈ। ਠੀਕ ਹੈ ਇਹ ਤੇਰੀ ਗੱਲ ਸਾਨੂੰ ਕੋਈ ਵੀ ਪਰਵਾਨ ਨਹੀਂ, ਨਾ ਰਿਸ਼ਤਾ ਲੈਣਾ ਹੈ, ਤੂੰ ਉਚਾ ਬਣਿਆ ਸੀ। ਕਹਿੰਦਾ ਤੁਸੀਂ ਮੈਨੂੰ ਕੁੱਤਾ ਕਿਹਾ ਸੀ, ਆਪੇ ਹੀ ਕਹਿਣ ਲਗ ਗਿਆ। ਮਹਾਰਾਜ ਕਹਿੰਦੇ, ਅਸੀਂ ਤਾਂ ਨਹੀਂ ਕਿਹਾ ਹੈ, ਐਹੋ ਜਿਹੇ ਫਿੱਕੇ ਬੋਲ ਅਸੀਂ ਨਹੀਂ ਬੋਲਦੇ। ਹਾਂ ਜੇ ਕਿਸੇ ਗੁਰਸਿੱਖ ਨੇ ਕਹਿ ਦਿਤਾ ਹੋਵੇ। ਜੇ ਸਿੱਖ ਨੇ ਕਿਹਾ ਹੈ ਤਾਂ ਸਿੱਖ ਦਾ ਤੇ ਗੁਰੂ ਦਾ ਕੋਈ ਭੇਤ ਨਹੀਂ ਹੁੰਦਾ। ਫੇਰ ਸਮਝ ਲੈ ਕਿ ਅਸੀਂ ਹੀ ਕਿਹਾ ਹੈ। ਤੇਰੇ ਕੰਮ ਵੀ ਇਹੋ ਜਿਹੇ ਹੀ ਨੇ। ਤਲਮਿਲਾ ਗਿਆ। ਕਹਿਣ ਲੱਗਿਆ, ਅਜੇ ਮੌਕਾ ਹੈ, ਪਤਾ ਨਹੀਂ ਤੁਹਾਨੂੰ ਮੈਂ ਕੀ ਕਰਨਾ ਹੈ।

ਉਸ ਵੇਲੇ ਹੁਕਮ ਕਰ ਦਿਤਾ ਕਿ ਨਾ ਇਨ੍ਹਾਂ ਨੂੰ ਪਾਣੀ ਦੇਣਾ ਹੈ, ਨਾ ਰੋਟੀ ਦੇਣੀ ਹੈ, ਨਾ ਬੈਠਣ ਦੇਣਾ ਹੈ, ਖੜ੍ਹੇ ਰੱਖਣਾ ਹੈ। ਜੇ ਕਹੇ ਕਿ ਪਾਣੀ ਲੈਣਾ ਹੈ ਤਾਂ ਇਕ ਲੱਖ ਰੁਪਏ ਦਾ ਪਾਣੀ ਦਾ ਗਿਲਾਸ ਦੇਣਾ ਹੈ। ਜੇ ਇਹ ਕਹਿਣ ਕਿ ਮੈਨੂੰ ਭੁੱਖ ਲੱਗੀ ਹੋਈ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਰੋਟੀ ਦਿਓ। ਜੇ ਕਹਿਣ ਕਿ ਮੈਂ ਲੇਟਣਾ ਹੈ ਤਾਂ ਇਕ ਲੱਖ ਰੁਪਿਆ ਲੇਟਣ ਦਾ। ਪੰਜੋ ਗੁਰਸਿੱਖ ਦੇਖਦੇ ਨੇ। ਸਾਰੀ ਰਾਤ ਮਹਾਰਾਜ ਨੇ ਤਕਲੀਫ ਦੀ ਕੱਟੀ।

ਦੂਸਰੇ ਦਿਨ ਫੇਰ ਆ ਗਿਆ। ਫੇਰ ਆ ਕੇ ਕਹਿਣ ਲੱਗਿਆ ਕਿ ਕੁਛ ਸੋਚਿਆ? ਮਹਾਰਾਜ ਕਹਿੰਦੇ, ਕੀ ਸੋਚਣਾ ਸੀ, ਸੋਚੀ ਹੋਈ ਹੈ ਜਿਹੜੀ ਗੱਲ ਅਸੀਂ ਸੋਚਣੀ ਸੀ। ਤੈਨੂੰ ਇਕ ਵਾਰ ਕਹਿ ਦਿਤਾ, ਬਾਰ-ਬਾਰ ਤੂੰ ਕਿਉਂ ਕਰੀ ਜਾਂਦਾ ਹੈਂ ਗੱਲਾਂ। ਡਰਦੇ ਨਹੀਂ -

***ਸੋ ਡਰੈ ਜਿ ਪਾਪ ਕਮਾਵਦਾ॥ ਅੰਗ - ੮੪***

ਡਰਦਾ ਸੰਸਾਰ ਹੁੰਦਾ ਹੈ, ਸਤਿਪੁਰਸ਼ਾਂ ਨੂੰ ਕਿਸੇ ਦਾ ਡਰ ਨਹੀਂ ਹੁੰਦਾ, ਕਿਉਂਕਿ ਨਿਰਭਉ ਦੀ ਪੂਜਾ ਕਰਕੇ ਨਿਰਭਉ ਹੋ ਗਏ ਹੁੰਦੇ ਨੇ। ਮੌਤ ਉਨ੍ਹਾਂ ਵਾਸਤੇ ਕੋਈ ਚੀਜ਼ ਨਹੀਂ ਹੁੰਦੀ, ਮਰਦਾ ਸੰਸਾਰ ਹੈ। ਸਤਿਪੁਰਸ਼ ਨਹੀਂ ਮਰਿਆ ਕਰਦੇ। ਉਹ ਤਾਂ ਸਦਾ-ਸਦਾ ਜੀਵਨ ਪ੍ਰਾਪਤ ਕਰਕੇ ਜੀਉਂਦੇ ਰਹਿੰਦੇ ਹਨ।

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥***
***ਅੰਗ - ੨੭੩***

ਮੌਤ ਦਾ ਡਰ ਕਿਸੇ ਹੋਰ ਨੂੰ ਦੇਈਂ। ਤੂੰ ਜਿਹੜਾ ਤੇਰੇ ਚਿੱਤ ਵਿਚ ਆਉਂਦਾ ਹੈ ਕਰ ਲੈ।

ਕਹਿਣ ਲੱਗਿਆ, ਠੀਕ ਹੈ। ਉਸ ਵੇਲੇ ਦੇਗਾ ਮੰਗਾ ਲਿਆ ਵੱਡਾ, ਪਾਣੀ ਉਬਾਲਣਾ ਸ਼ੁਰੂ ਕਰ ਦਿਤਾ। ਪਾਣੀ ਜਦੋਂ ਤੇਜ਼ ਉਬਲ ਗਿਆ ਤਾਂ ਕਹਿੰਦਾ ਦੇਖ ਲਓ ਇਹਦੇ ਵਿਚ ਉਬਾਲਾਂਗਾ, ਅਜੇ ਵੀ ਮੰਨ ਜਾਓ।

ਮਹਾਰਾਜ ਕਹਿੰਦੇ, ਜੋ ਕੁਛ ਕਰਨਾ ਹੈ ਕਰ ਲੈ।

ਅਖੀਰ ਕਹਿਣ ਲੱਗਿਆ ਕਿ ਇਹਦੇ ਵਿਚ ਬਹਿ ਜਾਓ। ਮਹਾਰਾਜ ਜੀ ਸਤਿਨਾਮ-ਵਾਹਿਗੁਰੂ ਕਹਿ ਕੇ ਬੈਠ ਗਏ। ਮੂਲਮੰਤ੍ਰ ਦਾ ਪਾਠ ਕਰਿਆ -

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਜਪੁ। ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਐਨਾ ਕਹਿ ਕੇ ਐਉਂ ਬੈਠ ਗਏ ਜਿਵੇਂ ਸੀਤਲ ਜਲ 'ਚ ਬੈਠ ਜਾਈਦੈ। ਅਸਮਾਨ ਕੰਬ ਗਿਆ ਸਾਰਾ ਸਾਧਸੰਗਤ ਜੀ। ਦੇਵੀ ਦੇਵਤੇ ਹਾਜ਼ਰ ਹੋ ਗਏ, ਪਾਤਸ਼ਾਹ! ਐਡੇ ਸਮਰੱਥ ਹੋ ਕੇ, ਸਾਰੀ ਸ੍ਰਿਸ਼ਟੀ ਨੂੰ ਇਕ ਨਿਗ੍ਹਾ ਦੇ ਨਾਲ ਖਤਮ ਕਰ ਦੇਵੋ। ਤੁਸੀਂ ਆਪ ਐਨੀਆਂ ਤਕਲੀਫਾਂ ਸਹਿ ਰਹੇ ਓਂ। ਕ੍ਰਿਪਾ ਕਰੋ। ਸੋ ਇਹ ਸਬਰ ਹੁੰਦਾ ਹੈ ਸਾਧਸੰਗਤ ਜੀ, ਜਿਸ ਨੂੰ ਇਸ ਫ਼ੁਰਮਾਨ ਕਰਦੇ ਨੇ -

***ਫਰੀਦਾ ਸਾਹਿਬ ਦੀ ਕਰਿ ਚਾਕਰੀ***
***ਦਿਲ ਦੀ ਲਾਹਿ ਭਰਾਂਦਿ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥***
***ਅੰਗ - ੧੩੮੧***

ਕੋਈ ਟਾਹਣੇ ਭੰਨੀ ਜਾਂਦਾ ਹੈ, ਕੋਈ ਇੱਟਾਂ ਮਾਰੀ ਜਾਂਦਾ ਹੈ, ਪਰ ਰੁੱਖ ਫੇਰ ਵੀ ਫਲ ਸਿੱਟ ਦਿੰਦੇ ਨੇ। ਐਹੋ ਜਿਹਾ ਜਿਗਰਾ ਕਹਿੰਦੇ ਦਰਵੇਸ਼ ਨੂੰ ਚਾਹੀਦਾ ਹੈ। ਕਿਉਂਕਿ ਸਬਰ ਤੋਂ ਬਿਨਾਂ ਦਰਵੇਸ਼ ਦਾ ਕੰਮ ਨਹੀਂ ਚੱਲਿਆ ਕਰਦਾ।

ਸੋ ਓਧਰਲੇ ਪਾਸੇ ਭਾਈ ਪ੍ਰਾਣਾ ਦੇਖ ਰਿਹਾ ਹੈ, ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਹੁਕਮ ਦਿਓ। ਦੋਹਾਂ ਬਾਹਾਂ ਚੁੱਕ ਲਈਆਂ, ਕਹਿਣ ਲੱਗਿਆ, ਇਕ ਵਾਰੀ 'ਚ ਹੀ ਲਾਹੌਰ ਤੇ ਦਿੱਲੀ ਗਰਕ ਹੋ ਜਾਏਗੀ। ਮਹਾਰਾਜ ਕਹਿੰਦੇ ਭਾਈ ਪ੍ਰਾਣਾ ਇਹ ਸ਼ਕਤੀ ਨੂੰ ਜਰ। ਕਿਥੋਂ ਮਿਲੀ ਹੈ ਤੈਨੂੰ? ਸਾਧਸੰਗਤ ਦੀ ਸੇਵਾ 'ਚੋਂ ਮਿਲੀ ਹੈ, ਗੁਰੂਆਂ ਦੀ ਸੇਵਾ 'ਚੋਂ ਮਿਲੀ ਹੈ, ਜਿਹਨੂੰ ਤੂੰ ਕਹਿ ਰਿਹਾ ਹੈਂ ਉਹਦੇ ਵਿਚ ਕਿੰਨੀ ਸ਼ਕਤੀ ਹੋਏਗੀ? ਜਰ, ਜਰਨਾ ਹੀ ਵੱਡੀ ਸ਼ਕਤੀ ਹੈ।

ਕਹਿਣ ਲੱਗਿਆ, ਪਾਤਸ਼ਾਹ! ਮੈਂ ਸਹਿ ਨਹੀਂ ਸਕਦਾ। ਮੇਰੇ ਤੋਂ ਦੇਖ ਨਹੀਂ ਹੁੰਦਾ। ਤੁਸੀਂ ਐਸਾ ਭਾਣਾ ਕਿਉਂ ਵਰਤਾਅ ਰਹੇ

ਹੋਂ।

ਕਹਿਣ ਲੱਗੇ, ਭਾਈ ਪ੍ਰਾਣਾ! ਬਚਨ ਹੋਏ ਹੋਏ ਨੇ। ਅਸੀਂ ਉਹ ਪੂਰੇ ਕਰ ਰਹੇ ਹਾਂ। ਜਦੋਂ ਗੁਰਿਆਈ ਮੰਗੀ ਸੀ, ਮਾਤਾ ਜੀ ਨੇ ਕਿਹਾ ਸੀ ਘਰ 'ਚ ਰਹੇ। ਉਸ ਵੇਲੇ ਦਾਦਾ ਗੁਰੂ, ਗੁਰੂ ਅਮਰਦਾਸ ਜੀ ਨੇ ਕਿਹਾ ਕਿ ਚਲਦੀ ਰੌ ਜਿਹੜੀ ਹੈ ਤੁਸੀਂ ਰੋਕ ਲਈ ਤੇ ਘਰ ਵਿਚ ਹੀ ਸਾਰਾ ਕਸ਼ਟ ਆਏਗਾ। ਸਾਰੀਆਂ ਕੁਰਬਾਨੀਆਂ ਪਰਿਵਾਰ ਵਿਚ ਹੀ ਹੋਣੀਆਂ ਨੇ।

ਬਾਬਾ ਸ੍ਰੀ ਚੰਦ ਜੀ ਨੇ ਜਦੋਂ ਭਾਈ ਕਮਲੀਏ ਨੂੰ ਭੇਜਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਕਹਿ ਕੇ ਅਸੀਂ ਹੁਣ ਪੰਜ ਸੌ ਰੁਪਿਆ ਨਹੀਂ ਲਿਆ ਕਰਨਾ। ਹਜ਼ਾਰ ਲਿਆ ਕਰਾਂਗੇ, ਨਾਲ ਘੋੜਾ ਲਿਆ ਕਰਾਂਗੇ। ਉਸ ਨੇ ਮਹਾਰਾਜ ਕੋਲ ਆ ਕੇ ਕਿਹਾ ਕਿ ਪੰਜ ਸੌ ਰੁਪਿਆ ਨਹੀਂ ਹੁਣ ਹਜ਼ਾਰ ਭੇਜਿਆ ਕਰੋ। ਖਰਚੇ ਵਧ ਗਏ ਨੇ, ਨਾਲ ਇਕ ਘੋੜਾ ਦੇ ਦਿਓ। ਮਹਾਰਾਜ ਕਹਿੰਦੇ ਕੋਈ ਗੱਲ ਨਹੀਂ। ਹਜ਼ਾਰ ਰੁਪਿਆ ਵੀ ਤੇ ਘੋੜਾ ਵੀ ਮਿਲ ਜਾਏਗਾ। ਜਾ ਕੇ ਤੁਸੀਂ ਪ੍ਰਸ਼ਾਦਾ ਛਕੋ। ਬੈਠੋ ਕਹਿੰਦੇ ਮੈਨੂੰ ਬੈਠਣ ਦਾ ਹੁਕਮ ਨਹੀਂ, ਕਹਿੰਦੇ ਖੜ੍ਹ ਕੇ ਲੈ ਕੇ ਹੀ ਆਉਣਾ ਹੈ। ਮਹਾਰਾਜ ਕਹਿੰਦੇ ਕੋਈ ਨੀਂ।

ਲੰਗਰ 'ਚ ਚਲੇ ਗਏ। ਉਥੇ ਮਾਤਾ ਗੰਗਾ ਜੀ ਲੰਗਰ ਵਰਤਾਅ ਰਹੇ ਸੀ। ਭੀੜ ਹੈ ਥੋੜ੍ਹੀ, ਭਾਈ ਕਮਲੀਏ ਨੇ ਕਿਹਾ ਕਿ ਮਾਤਾ ਜੀ! ਮੈਨੂੰ ਪ੍ਰਸ਼ਾਦਾ ਦਿਓ। ਕਹਿੰਦੇ ਤੂੰ ਬੈਠ ਜਾ। ਕਹਿੰਦਾ ਬੈਠਣ ਦਾ ਹੁਕਮ ਨਹੀਂ। ਕੋਲ ਦੀ ਲੰਘ ਗਏ।

ਦੂਜੀ ਵਾਰੀ ਫੇਰ ਆਏ ਕੋਲ ਦੀ। ਕਹਿੰਦੇ ਮਹਾਰਾਜ! ਮੈਨੂੰ ਪ੍ਰਸ਼ਾਦਾ ਦੇ ਦਿਓ ਤੇ ਮੈਨੂੰ ਬੈਠਣ ਦਾ ਹੁਕਮ ਨਹੀਂ।

ਮਾਤਾ ਜੀ ਨੇ ਕਿਹਾ ਕਿ ਐਉਂ ਕਰਦਾ ਹੈ ਜਿਵੇਂ ਅਹਦੀਏ ਕਰਦੇ ਹੁੰਦੇ ਨੇ। ਵਰੰਟ ਲਿਆਉਣ ਵਾਲੇ ਕਰਦੇ ਨੇ, ਐਉਂ ਕਰਦਾ ਹੈ। ਨਾਲੇ ਪ੍ਰਸ਼ਾਦੇ ਦੇ ਦਿਤੇ, ਹਜ਼ਾਰ ਰੁਪਿਆ ਤੇ ਘੋੜਾ ਦੇ ਕੇ ਮਹਾਰਾਜ ਨੇ ਸੇਵਾਦਾਰ ਨਾਲ ਭੇਜ ਦਿਤਾ। ਬਾਬਾ ਸ੍ਰੀ ਚੰਦ ਜੀ ਬਾਠੀਂ ਰਹਿੰਦੇ ਸੀ। ਉਥੇ ਜਾ ਕੇ ਕਹਿੰਦੇ ਭਾਈ ਰੁਪਈਆ ਗਿਣ ਲਓ। ਰੁਪਈਆ ਗਿਣ ਲਿਆ।

ਸ੍ਰੀ ਚੰਦ ਜੀ ਨੇ ਕਿਹਾ ਭਾਈ ਕਮਲੀਆ! ਗੁਰੂ ਅਰਜਨ ਦੇ ਮੁਖ ਤੇ ਕੋਈ ਮਲਾਲ ਤਾਂ ਨਹੀਂ ਆਇਆ, ਜਦੋਂ ਤੂੰ ਕਿਹਾ। ਕਹਿੰਦੇ ਨਾ ਮਹਾਰਾਜ, ਉਹ ਤਾਂ ਖਿੜੇ ਰਹੇ। ਫੇਰ ਕਹਿੰਦੇ ਤੂੰ ਬੈਠਿਆ ਤਾਂ ਨਹੀਂ ਨਾ ਹੈਂ। ਕਹਿੰਦਾ ਮਹਾਰਾਜ ਮੈਂ ਤਾਂ ਪ੍ਰਸ਼ਾਦਾ ਛਕਣ ਵੀ ਨਹੀਂ ਬੈਠਿਆ। ਕਹਿੰਦੇ ਮਾਤਾ ਜੀ ਨੇ ਮੈਨੂੰ ਕਿਹਾ ਕਿ ਤੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਕਿਉਂ ਨਹੀਂ ਛਕਦਾ? ਪ੍ਰਸ਼ਾਦਾ ਵੀ ਦੇ ਦਿਤਾ ਉਨ੍ਹਾਂ ਨੇ ਦੋ ਤਿੰਨ ਵਾਰੀ ਤੋਂ ਬਾਅਦ ਤੇ ਨਾਲ ਕਹਿ ਦਿਤਾ ਕਿ ਐਉਂ ਪ੍ਰਸ਼ਾਦਾ ਮੰਗਦਾ ਹੈ ਜਿਵੇਂ ਅਹਦੀਏ ਮੰਗਦੇ ਹੁੰਦੇ ਨੇ। ਕਹਿੰਦੇ, ਇਹ ਤਾਂ ਉਨ੍ਹਾਂ ਨੂੰ ਪਤਾ ਨਹੀਂ, ਹੁਣ ਗੁਰੂ ਘਰ 'ਚ ਵਰੰਟ ਹੀ ਆਇਆ ਕਰਨਗੇ। ਬਚਨ ਕਰ ਦਿਤਾ।

ਮਹਾਰਾਜ ਕਹਿੰਦੇ ਉਨ੍ਹਾਂ ਦਾ ਬਚਨ ਹੈ ਬਾਬਾ ਜੀ ਦਾ। ਸੋ ਇਹ ਵੀ ਅਸੀਂ ਪੂਰਾ ਕਰਨਾ ਹੈ, ਭਾਈ ਪ੍ਰਾਣੇ। ਗੁਰਸਿੱਖੋ! ਇਹ ਅਸੀਂ ਆਪਣੀ ਮੌਜ ਨਾਲ ਹੀ ਭਾਣਾ ਵਰਤਾਅ ਰਹੇ ਹਾਂ। ਕਿਸੇ ਦੀ ਤਾਕਤ ਨਹੀਂ ਕਿ ਸਾਨੂੰ ਕੁਛ ਕਰ ਸਕੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੂੰ ਦੇਗੇ 'ਚੋਂ ਬਾਹਰ ਕੱਢ ਦਿਤਾ ਗਿਆ। ਕਹਿ ਦਿਤਾ ਗਿਆ ਕਿ ਹੁਣ ਸੋਚ ਲਓ, ਕੱਲ੍ਹ ਨੂੰ ਇਸ ਤੋਂ ਵੀ ਸਖਤ ਸਜ਼ਾ ਮਿਲੇਗੀ।

ਰਾਤ ਨੂੰ ਗੋਰਖ ਆ ਗਿਆ। ਸਾਰੇ ਸਿਪਾਹੀ ਸੁਲਾ ਦਿਤੇ। ਪਾਤਸ਼ਾਹ! ਐਡਾ ਵੱਡਾ ਭਾਣਾ ਵਰਤਾਅ ਰਹੇ ਓਂ। ਸੰਤਾਂ ਦੀ ਬੇਇਜ਼ਤੀ ਕਰਿਆ ਕਰੇਗਾ ਸੰਸਾਰ। ਸੁਲ੍ਹਾ ਦਿਓ ਇਨ੍ਹਾਂ ਨੂੰ, ਤਾਕਤ ਕਿਉਂ ਨਹੀਂ ਵਰਤਦੇ? ਤੁਹਾਡੇ ਵਿਚ ਤਾਂ ਐਨੀ ਤਾਕਤ ਹੈ ਕਿ ਅੰਦਾਜ਼ਾ ਹੀ ਨਹੀਂ ਹੈ। ਸਭ ਪੀਰ, ਫਕੀਰ, ਡਰਦੇ ਨੇ। ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਆਪ ਸ਼ਕਤੀ ਨਹੀਂ ਦਿਖਾਉਂਦੇ?

ਮਹਾਰਾਜ ਨੇ ਕਿਹਾ, ਨਹੀਂ ਸ਼ਕਤੀ ਨਹੀਂ ਦਿਖਾਉਣੀ। ਕੁਦਰਤੀ ਹੁਕਮ ਹੀ ਮੇਰੇ ਵਾਸਤੇ ਇਹੋ ਜਿਹਾ ਹੈ। ਇਹ ਕੌਮ ਦੇ ਵਿਚ ਜ਼ਿੰਦਗੀ ਭਰ ਨਹੀਂ ਰਹਿਣਾ। ਅਸੀਂ ਸ਼ਕਤੀਆਂ ਦਿਖਾ ਦੇਵਾਂਗੇ, ਟੀਕਾ ਲਗਾ ਦੇਵਾਂਗੇ, ਕਿਸੇ ਨੇ ਕੁਰਬਾਨੀ ਨਹੀਂ ਦੇਣੀ। ਸ਼ਕਤੀਆਂ ਗੁਰਸਿੱਖਾਂ ਵਿਚ ਨੇ, ਗੁਰਸਿੱਖਾਂ ਦੇ ਕੁੱਤਿਆਂ ਵਿਚ ਵੀ ਸ਼ਕਤੀਆਂ ਨੇ। ਸ਼ਕਤੀਆਂ ਦਾ ਕੋਈ ਘਾਟਾ ਹੈ ਗੁਰੂ ਘਰ ਵਿਚ?

ਨਾਮਧਾਰੀ ਸੰਤ ਮੋਹਨ ਜੀ ਹੋਏ ਨੇ। ਗੁਰਦਾਸਪੁਰ ਖੜ੍ਹੇ ਨੇ। ਬਾਬਾ ਕਰਤਾਰ ਸਿੰਘ ਜੀ ਆਉਂਦੇ ਨੇ, ਕਹਿੰਦੇ ਮੈਨੂੰ ਭੈਣੀ ਸਾਹਿਬ ਲੈ ਚੱਲੋ। ਕਹਿੰਦੇ ਥਾਓਂ ਨਹੀਂ ਹੈ ਸੰਤ ਜੀ। ਕਹਿੰਦੇ ਚੰਗਾ। ਕਹਿੰਦੇ ਜਦੋਂ ਭੈਣੀ ਸਾਹਿਬ ਆਏ। ਕਹਿੰਦੇ ਤਿੰਨ ਘੰਟੇ ਹੋ ਗਏ ਦੀਵਾਨ ਲੱਗੇ ਨੂੰ। ਇਹ ਕਦੋਂ ਆ ਗਿਆ। ਕਹਿੰਦੇ ਮਹਾਰਾਜ ਇਹਨੂੰ ਤਾਂ ਤਿੰਨ ਘੰਟੇ ਹੋ ਗਏ, ਦੀਵਾਨ ਲਾਈਂ ਖੜ੍ਹਾ ਹੈ। ਬੁਲਾ ਲਿਆ। ਡੰਡਾ ਲੈ ਲਿਆ, ਡੰਡੇ ਨਾਲ ਕੁੱਟਣ ਲਗ ਗਏ। ਕਹਿੰਦਾ, ਸਤਿਗੁਰੂ ਤੁਸੀਂ ਮਾਰਦੇ ਕਿਉਂ ਹੋਂ। ਕਹਿੰਦੇ ਤੇਰੀ ਸ਼ਕਤੀ ਲਾਹੁੰਦੇ ਹਾਂ। ਸਾਨੂੰ ਹੀ ਸ਼ਕਤੀਆਂ ਦਿਖਾਉਂਦਾ ਹੈਂ?

ਸੋ ਗੋਰਖ ਕਹਿਣ ਲੱਗਿਆ, ਮਹਾਰਾਜ! ਸੰਤਾਂ ਦਾ ਨਿਰਾਦਰ ਕਰਿਆ ਕਰਨਗੇ। ਇਹ ਮੂਰਖ ਲੋਕ ਨੇ, ਕਲਜੁਗ ਦੇ, ਸਮਝਦੇ ਨਹੀਂ ਹਨ। ਮਹਾਰਾਜ ਕਹਿੰਦੇ, ਨਾ, ਅਗੇ ਨੂੰ ਜਿਹੜੇ ਸੰਤ ਆਉਣਗੇ। ਉਹ ਸਹਿ ਲਿਆ ਕਰਨਗੇ। ਅਸੀਂ ਜਰਨ ਦੀ ਸ਼ਕਤੀ ਦੇ ਚੱਲੇ ਹਾਂ। ਮੁੜ ਗਿਆ।

ਦੂਸਰੇ ਦਿਨ ਤਵੀ ਗਰਮ ਕਰ ਲਈ। ਆਟਾ ਸੁੱਟਿਆ, ਉਸੇ ਟਾਈਮ ਜਲ ਗਿਆ। ਕਹਿੰਦੇ ਇਹਦੇ ਤੇ ਬੈਠਣਾ ਪਏਗਾ। ਮਹਾਰਾਜ ਚੁੱਪ ਕਰਕੇ, ਸਮਾਧੀ ਲਾ ਕੇ ਤਵੀ ਦੇ ਉਪਰ ਬੈਠ ਗਏ। ਚਿੜ-ਚਿੜ ਹੋ ਰਿਹਾ ਹੈ ਮਾਸ। ਉਸ ਵੇਲੇ ਮੀਆਂ ਮੀਰ ਆ ਪਹੁੰਚਿਆ, ਦੋਵੇਂ ਬਾਹਵਾਂ ਚੁੱਕ ਲਈਆਂ। ਪਾਤਸ਼ਾਹ! ਐਡਾ ਵੱਡਾ ਕਸ਼ਟ? ਆਪ ਨੇ ਕਿਹਾ, ਮੀਆਂਮੀਰ ਯਾਦ ਹੈ, ਜਿਸ

ਵਕਤ ਜੀਵਨ ਮੁਕਤ ਅਸਟਪਦੀ ਦੇ ਅਰਥ ਤੁਸੀਂ ਪੁੱਛੇ ਸੀ।

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥ ਅੰਗ - ੨੭੪*

ਸੋ ਸਮ ਅਵਸਥਾ 'ਚ ਰਹਿਣਾ। ਦੁਖ ਆ ਜਾਵੇ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ॥ ਅੰਗ - ੬੩੩*

ਸੋ ਤੁਸੀਂ ਨਾ ਦੁਖੀ ਹੋਵੋ। ਠੀਕ ਇਹ ਮੇਰੇ ਪ੍ਰਮੇਸ਼ਰ ਜੀ ਏਵੇਂ ਹੀ ਭਾਉਂਦਾ ਹੈ।

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥*
*ਅੰਗ - ੩੯੪*

ਸੋ ਮੀਆਂਮੀਰ ਜੀ ਇਹ ਭਾਣੇ ਦੀ ਖੇਡ ਹੋ ਰਹੀ ਹੈ। ਭਾਣੇ ਦਾ ਸਬਕ ਅਸੀਂ ਆਪਣੇ ਉਤੇ ਵਰਤਾਅ ਕੇ, ਆਉਣ ਵਾਲੇ ਜੋ ਗੁਰਸਿੱਖ ਨੇ ਉਨ੍ਹਾਂ ਨੂੰ ਸਿਖਾ ਰਹੇ ਹਾਂ।

ਸੋ ਤੱਤੀ ਤਵੀ ਤੇ ਬਿਠਾ ਦਿਤੇ। ਚੌਥਾ ਦਿਨ ਹੋ ਗਿਆ। ਹੋਰ ਵੀ ਕਸ਼ਟ ਦੇਣ ਵਾਸਤੇ ਤਵੀ ਤੇ ਵੀ ਬਿਠਾ ਦਿਤਾ ਤੇ ਸੀਸ ਵਿਚ ਗਰਮ ਰੇਤਾ ਪਾਉਣਾ ਸ਼ੁਰੂ ਕਰ ਦਿਤਾ। ਜ਼ੁਲਮ ਦੀ ਹੱਦ ਹੋ ਗਈ, ਸਾਧਸੰਗਤ ਜੀ। ਸਾਰੇ ਚੰਦ, ਸੂਰਜ, ਆਕਾਸ਼ ਸਾਰੇ ਡੋਲ ਗਏ। ਵੱਡੇ-ਵੱਡੇ ਮਹਾਂਪਾਪੀ ਸੀ ਉਹ ਵੀ ਡੋਲ ਗਏ। ਐਡਾ ਪਾਪ, ਇਹ ਕਿਸ ਥਾਂ ਭਰੇਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਬੋਲੇ ਨਹੀਂ ਹਨ। ਬੁਲਾਉਣ ਦਾ ਯਤਨ ਕਰ ਰਹੇ ਨੇ। ਅਗਲੇ ਦਿਨ ਵਾਸਤੇ ਸਜ਼ਾ ਸੁਣਾ ਕੇ ਕਹਿਣ ਲੱਗਿਆ, ਕੱਲ੍ਹ ਨੂੰ ਗਊ ਦੀਆਂ ਤਾਜ਼ੀਆਂ ਖੱਲ੍ਹਾਂ ਲੈ ਕੇ ਆਇਓ, ਉਹਦੇ ਵਿਚ ਮੜ੍ਹ ਕੇ ਧੁੱਪੇ ਰੱਖਾਂਗੇ। ਫੇਰ ਦੇਖਦੇ ਹਾਂ ਕਿ ਬੋਲਦਾ ਹੈ ਕਿ ਨਹੀਂ।

ਦੂਸਰਾ ਦਿਨ ਹੋ ਗਿਆ। ਮਹਾਰਾਜ ਕੋਲ ਆਇਆ ਕਹਿਣ ਲੱਗਿਆ ਅਜੇ ਵੀ ਦੇਖ ਲਓ। ਮਹਾਰਾਜ ਕਹਿੰਦੇ ਅਸੀਂ ਇਸ਼ਨਾਨ ਕਰਨਾ ਹੈ, ਬਾਕੀ ਸਾਨੂੰ ਤੇਰੀ ਮੌਤ ਦਾ ਕੋਈ ਖੌਫ ਨਹੀਂ ਹੈ। ਖੁਸ਼ ਹੋ ਗਿਆ ਕਿ ਚਲੋ ਬੋਲੇ ਤਾਂ ਸਹੀ। ਹੁਣ ਤਕਲੀਫ ਦੇ ਵਿਚ ਆ ਗਏ, ਹੁਣ ਮੰਨ ਜਾਣਗੇ।

ਏਧਰ ਚੰਦੂ ਦੀ ਨੂੰਹ ਪਹਿਰੇਦਾਰਾਂ ਨੂੰ ਪੈਸੇ ਦੇ ਕੇ ਪਹੁੰਚਦੀ ਹੈ। ਕੁਛ ਖਾਣ ਨੂੰ ਕੋਲ ਹੈ। ਕਹਿਣ ਲੱਗੀ, ਮਹਾਰਾਜ! ਆਪ ਨੇ ਕੁਛ ਮੁਖ ਨਹੀਂ ਪਾਇਆ। ਮੈਂ ਲੈ ਕੇ ਆਈ ਹਾਂ। ਮਹਾਰਾਜ ਕਹਿੰਦੇ, ਬੇਟੀ! ਮਨਮੁਖ ਦਾ ਅਸੀਂ ਭੋਜਨ ਨਹੀਂ ਖਾਣਾ। ਪਾਤਸ਼ਾਹ! ਮੈਂ ਗੁਰਸਿੱਖ ਦੀ ਧੀ ਇਸ ਪਾਪੀ ਦੇ ਘਰ ਵਿਆਹੀ ਗਈ।

ਦੂਸਰੇ ਦਿਨ ਮਹਾਰਾਜ ਜੀ ਨੇ ਰਾਵੀ ਤੇ ਜਾ ਕੇ ਇਸ਼ਨਾਨ ਕੀਤਾ। ਉਸ ਵੇਲੇ ਆਪ ਬੜੀ ਪ੍ਰਸੰਨਤਾ 'ਚ ਹੋ ਕੇ, ਆਪ ਨੇ ਗੁਰਸਿੱਖਾਂ ਨੂੰ ਕਿਹਾ ਕਿ ਤੁਸੀਂ ਐਉਂ ਨਾ ਕਰੋ, ਗਿਣਤੀ 'ਚ ਨਾ ਆਓ। ਅਸੀਂ ਇਹ ਭਾਣਾ ਆਪਣਾ ਆਪ ਹੀ ਵਰਤਾਅ ਰਹੇ ਹਾਂ। ਕਿਉਂਕਿ ਅਕਾਲ ਪੁਰਖ ਨੂੰ ਏਵੇਂ ਹੀ ਮਨਜ਼ੂਰ ਸੀ।

ਸਰੀਰ ਛੱਡ ਦਿਤਾ ਮਹਾਰਾਜ ਨੇ। ਕਿੱਡੀ ਵੱਡੀ ਸਿਖਿਆ ਮਹਾਰਾਜ ਸਾਨੂੰ ਦੇ ਗਏ। ਕਿਹੋ ਜਿਹਾ ਜੀਵਨ, ਕਿਹੋ ਜਿਹੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ ਦੇ ਗਏ। ਜੇ ਨਾ ਕਿਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਥਾਪਨਾ ਕਰਦੇ, ਅਸੀਂ ਰੁਲ ਜਾਣਾ ਸੀ। ਦੂਸਰਾ ਸਾਡੇ ਅੰਦਰ ਜ਼ਿੰਦਗੀ ਭਰ ਗਏ। ਗੁਰਸਿੱਖੋ! ਮੌਤ ਤੋਂ ਨਾ ਡਰੋ, ਮੌਤ ਤਾਂ ਆਉਣੀ ਹੀ ਆਉਣੀ ਹੈ, ਜ਼ਰੂਰ ਆਉਣੀ ਹੈ। ਆਪਣੇ ਅਸੂਲਾਂ ਤੋਂ ਬੇਅਸੂਲ ਨਾ ਹੋਣਾ, ਮੌਤ ਤੋਂ ਡਰ ਕੇ। ਸੋ ਫੁਰਮਾਨ ਆਉਂਦਾ ਹੈ ਕਿ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਉਹ ਫੇਰ ਜੰਮਣ ਮਰਨ 'ਚ ਨਹੀਂ ਆਉਂਦੇ।

ਨਾ ਜੂਨੀ 'ਚ, ਨਾ ਮਾਤਾ ਦੇ ਗਰਭ 'ਚ ਆਉਂਦਾ ਹੈ, ਨਾ ਕਿਸੇ ਤਕਲੀਫ 'ਚ ਆਵੇ। ਈਸਾਈ ਇਹ ਕਹਿੰਦੇ ਨੇ, ਈਸਾ ਜੀ ਨੇ ਕਿਹਾ, ਪ੍ਰੇਮੀਓ! ਐ ਸਾਰੇ ਤੁਹਾਡੇ ਕਸ਼ਟ, ਤੁਹਾਡੇ ਸਾਰੇ ਦੁਖ ਮੈਂ ਆਪਣੇ ਸਰੀਰ ਤੇ ਲੈ ਕੇ, ਸੂਲੀ ਤੇ ਚੜ੍ਹ ਕੇ ਲੈ ਰਿਹਾ ਹਾਂ ਤੇ ਹੁਣ ਤੁਸੀਂ ਸੁਖੀ ਵਸਿਓ, ਪ੍ਰਮੇਸ਼ਰ ਨੂੰ ਨਾ ਭੁਲਿਓ। ਤੁਹਾਡਾ ਰਾਜ ਹੋਏਗਾ, ਤਾਜ ਤੁਹਾਡੇ ਪਾਸ ਹੋਏਗਾ, ਰੱਬ ਨੂੰ ਨਾ ਭੁੱਲਣਾ, ਤੁਹਾਡੇ ਪਾਪ ਮੈਂ ਲੈ ਚੱਲਿਆ ਹਾਂ। ਨਿਹਚਾ ਕਰਨਾ। ਜਿਹੜਾ ਈਸ਼ਵਰ ਤੇ ਨਿਹਚਾ ਲਿਆਏਗਾ, ਉਹ ਮੇਰੇ ਕੋਲ ਆਏਗਾ।

ਈਸਾਈ ਜਦੋਂ ਸਰੀਰ ਛੱਡਦੇ ਨੇ, ਇਕੋ ਹੀ ਗੱਲ ਕਹਿੰਦੇ ਨੇ ਕਿ ਅਸੀਂ ਤਾਂ ਆਪਣੇ ਜੀਸਸ ਜੀ ਕੋਲ ਜਾਣਾ ਹੈ। ਕੋਈ ਨਹੀਂ ਕਹਿੰਦਾ ਕਿ ਮੈਂ ਨਰਕਾਂ ਵਿਚ ਜਾਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਜੀ ਨੇ ਗੁਰੂ ਮਹਾਰਾਜ ਦਾ ਸ਼ਬਦ ਸਰਵਣ ਕੀਤਾ ਹੈ -

*ਜਪਉ ਜਿਨ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ॥*
*ਅੰਗ - ੧੪੦੯*

ਗੁਰੂ ਮਹਾਰਾਜ ਜੀ ਦੇ ਚਰਨਾਂ ਨਾਲ ਜੁੜਾਂਗੇ ਤਾਂ ਗੁਰੂ ਹਲਤ ਪਲਤ ਸਾਡੀ ਰਖਿਆ ਕਰਨਗੇ, ਲੋਕ ਪ੍ਰਲੋਕ ਦੋਵੇਂ ਸੁਖੀ ਸੁਹੇਲੇ ਕਰਨਗੇ, ਐਸਾ ਨਿਸਚਾ ਰੱਖੋ।

# ਨੌ ਰਤਨ - ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-54)*

## ਦੇਸ਼ ਕੌਮ ਨਾਲ ਪਿਆਰ

ਸੰਤ ਈਸ਼ਰ ਸਿੰਘ ਮਹਾਰਾਜ ਸਦਾ ਹੀ ਇਕ ਰਸ ਅੰਮ੍ਰਿਤਮਈ ਕੀਰਤਨ ਤੇ ਉਤਮ ਗਿਆਨ ਗੁਰਮਤਿ ਨਾਮ ਅਭਿਆਸ ਕਮਾਈ ਦਾ ਹੀ ਉਪਦੇਸ਼ ਦਿੰਦੇ ਸਨ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹਨਾਂ ਨੂੰ ਕੌਮ ਦੇ ਜੀਵਨ ਨਾਲ ਕੋਈ ਲਗਾਉ ਹੀ ਨਹੀਂ ਸੀ। ਅਸੀਂ ਉਪਰ ਦਸ ਆਏ ਹਾਂ ਕਿ 1947 ਸਮੇਂ ਉਹਨਾਂ ਬਗੈਰ ਹੋਰਨਾਂ ਦੀ ਇਮਦਾਦ ਦੇ ਹੀ ਕੌਮ ਲਈ ਅਤੁੱਟ ਤੇ ਭਾਰੀ ਖਰਚਾਂ ਕਰਕੇ ਲੰਗਰ ਜਾਰੀ ਰੱਖਿਆ। ਹਾਲਾਂਕਿ ਹਰ ਇਕ ਤਰ੍ਹਾਂ ਉਸ ਸਾਲ ਤੋਟੇ ਵਾਲਾ ਸਾਲ ਸੀ, ਪਰ ਫਿਰ ਵੀ 1947-48 ਵਿਚ ਉਹਨਾਂ ਦੇ ਲੰਗਰ ਵਿਚ ਲੱਖਾਂ ਹੀ ਪ੍ਰਾਣੀਆਂ ਨੇ ਪ੍ਰਸ਼ਾਦਿ ਛਕਿਆ ਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੇ ਅੰਦਾਜ਼ੇ ਅਨੁਸਾਰ ਉਸ ਡੇਢ ਸਾਲ ਵਿਚ ਤਕਰੀਬਨ ਦਸ ਹਜ਼ਾਰ ਮਣ ਕਣਕ ਤੇ ਮੱਕੀ, ਹਜ਼ਾਰ ਮਣ ਤੋਂ ਉਪਰ ਗੁੜ ਚਾਹ ਆਦਿ ਪਰ, ਹਜ਼ਾਰਾਂ ਰੁਪਿਆਂ ਦਾ ਲੂਣ ਮਿਰਚ ਮਸਾਲਾ ਚਾਹ ਆਦਿਕ ਪਰ ਖਰਚ ਆਇਆ ਸੀ। ਪਰ ਫਿਰ ਵੀ ਸੰਤ ਜੀ ਮਹਾਰਾਜ ਨੇ ਕਿਸੇ ਵੀ ਸੱਜਣ ਨੂੰ ਕਦੇ ਵੀ ਕੋਈ ਅਪੀਲ ਜਾਂ ਫਿਰ ਮੰਗ ਨਹੀਂ ਕੀਤੀ। ਲੰਗਰ ਹਰ ਸਮੇਂ ਦਿਨ ਰਾਤ ਚਲਦਾ ਸੀ। ਅੱਗੋਂ ਪਿਛੋਂ ਕਿਸੇ ਸਮੇਂ ਸ਼ਾਇਦ ਪ੍ਰਸ਼ਾਦਿ ਵਰਤਣਾ ਬੰਦ ਹੋ ਜਾਵੇ ਪਰ ਉਸ ਸਮੇਂ ਮਹਾਰਾਜ ਜੀ ਦੀ ਆਗਿਆ ਹਰ ਸਮੇਂ ਹੀ ਲੰਗਰ ਜਾਰੀ ਰੱਖਣ ਦੀ ਸੀ ਤਾਂਕਿ ਸ਼ਰਨਾਰਥੀ ਭੁੱਖੇ ਤੇ ਲੋੜਵੰਦ ਸੱਜਣ ਕਿਸੇ ਵੀ ਤਰ੍ਹਾਂ ਦੁਖੀ ਤੇ ਤੰਗ ਨਾ ਹੋਣ।

1962 ਦੇ ਚੀਨੀ ਹਮਲੇ ਨੇ ਭਾਰਤ ਨੂੰ ਇਕ ਭਾਰੀ ਹਲੂਣਾ ਦਿਤਾ ਸੀ। ਭਾਰਤ ਜੋ ਕੁਝ ਸਮਾਂ ਹੀ ਪਹਿਲਾਂ ਇਹ ਮਹਿਸੂਸ ਕਰਦਾ ਸੀ ਕਿ ਦੁਨੀਆਂ ਵਿਚ ਮੇਰਾ ਕੋਈ ਵੀ ਦੁਸ਼ਮਣ ਨਹੀਂ ਤੇ ਅਸੀਂ ਸੰਸਾਰਕ ਬਰਾਦਰੀ ਅੰਦਰ ਪੂਰਨ ਸੁਖ ਸ਼ਾਂਤੀ ਸਹਿਤ ਰਹਿਣਾ ਪਸੰਦ ਕਰਦੇ ਹਾਂ। ਉਸ ਨੇ ਫੌਜੀ ਬਹਾਦਰਾਂ ਨੂੰ ਹਥਿਆਰ ਚਲਾਣੋਂ ਰੋਕ ਕੇ ਉਹਨਾਂ ਨੂੰ ਮਕਾਨਾਂ ਦੀ ਉਸਾਰੀ ਆਦਿਕ ਪਰ ਲੱਗਾ ਦਿਤਾ ਸੀ। ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਇਸ ਰਾਏ ਦੇ ਸਨ ਕਿ ਫੌਜ ਇਕ ਤਰ੍ਹਾਂ ਦੇਸ਼ ਪਰ ਵਾਧੂ ਜਿਹਾ ਬੋਝ ਹੈ ਤੇ ਇਸ ਨੂੰ ਜਿੰਨਾ ਵੀ ਹੋ ਸਕੇ, ਘਟਾਣਾ ਲੋੜੀਂਦਾ ਹੈ, ਪਰ ਚੀਨੀ ਹਮਲੇ ਨੇ ਦਸ ਦਿਤਾ ਕਿ ਕਮਜ਼ੋਰ ਭਾਈ ਤੋਂ ਤਾਕਤਵਾਰ ਤੇ ਮਕਾਰ ਭਰਾ ਸਦਾ ਹੀ ਘਰ ਦੀਆਂ ਸਰਦਲਾਂ ਵੀ ਪੁੱਟ ਕੇ ਆਪਣੇ ਪਾਸੇ ਲਗਾ ਲੈਂਦਾ ਹੈ। ਦੋਸਤੀ ਸਦਾ ਹੀ ਬਰਾਬਰ ਦੀ ਸ਼ਕਤੀ ਤੇ ਬਰਾਬਰ ਦੇ ਵਿਚਾਰਾਂ ਨਾਲ ਹੀ ਨਿਭ ਸਕਦੀ ਹੈ। ਕਮਜ਼ੋਰ ਮਨੁੱਖ ਨਾਲ ਡਾਢੇ ਦੀ ਦੋਸਤੀ ਉਸ ਪਰ ਤਰਸ ਤੇ ਮਿਹਰ ਕਰਕੇ ਤੇ ਭਾਵੇਂ ਰੱਖੇ, ਬਰਾਬਰ ਦਾ ਸਾਥੀ ਸਮਝ ਕੇ ਨਹੀਂ ਹੋ ਸਕਦੀ। ਸੋ ਚੀਨ ਦੀ ਇਹ ਹੀ ਦਿਸ਼ਾ ਸੀ। ਭਾਰਤ ਤਾਂ ਇਕ ਤਰ੍ਹਾਂ ਪੰਚ ਸ਼ੀਲੀ ਤੇ ਅਮਨ ਪੁੱਤਰ ਬਣ ਕੇ ਹੀ ਬੈਠਾ ਰਿਹਾ, ਪਰ ਉਧਰੋਂ ਮੱਕਾਰੀ ਦੀ ਹੱਦ ਤਕ ਹੁਸ਼ਿਆਰ ਚੀਨੀ ਫੌਜਾਂ ਨੇ ਭਾਰਤ ਦੀ ਹੱਦ ਪਰ ਅਚਾਨਕ ਹੀ ਬਰਫਾਂ ਭਰੀ ਹੋਈ ਧਰਤੀ ਪਰ ਹਮਲਾ ਕਰ ਦਿਤਾ। ਸਾਡੇ ਜਵਾਨ ਇਸ ਕਿਸਮ ਦੀ ਬਿਖਮ ਤੇ ਬਰਫੀਲੀ ਲੜਾਈ ਤੋਂ ਕੋਰੇ ਸਨ। ਵਿਚਾਰੇ ਠੰਡੇ ਕਪੜਿਆਂ ਅੰਦਰ ਹੀ ਲੜਾਈ ਅੰਦਰ ਝੋਕੇ ਗਏ, ਇਸ ਤਰ੍ਹਾਂ ਦੇਸ਼ ਨੇ ਲੱਖਾਂ ਮੀਲ ਰਕਬਾ ਤੇ ਹਜ਼ਾਰਾਂ ਹੀ ਨੌਜਵਾਨ ਜੋ ਇਸ ਜੰਗ ਦੀ ਧਰਤੀ ਤੇ ਢੰਗ ਦੋਹਾਂ ਤੋਂ ਅਨਜਾਣ ਸਨ, ਦੇਸ਼ ਦੀ ਆਣ ਹਿਤ ਹੀ ਸ਼ਹੀਦ ਹੋ ਗਏ। ਫਿਰ ਛੇਤੀ ਹੀ ਦੇਸ਼ ਹੁਸ਼ਿਆਰ ਹੋ ਗਿਆ। ਜਾਗਰਤ ਦੀ ਲਹਿਰ ਸਮੁੱਚੇ ਦੇਸ਼ ਅੰਦਰ ਹੀ ਚੱਲੀ ਸੀ ਪਰ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਕ ਤਰ੍ਹਾਂ ਹਦ ਹੀ ਕਰ ਦਿਤੀ ਸੀ। ਉਹ ਰਾਤ ਦਿਨ ਦੇਸ਼ ਵਾਸੀਆਂ ਤੋਂ ਦੇਸ਼ ਲਈ ਸਮਾਨ ਸੋਨਾ ਤੇ ਚਾਂਦੀ ਫਿਰ ਸ਼ਸਤਰ ਆਦਿਕ ਇਕੱਠੇ ਕਰਕੇ ਦੇਸ਼ ਦੇ ਖਜ਼ਾਨੇ ਨੂੰ ਭਰਪੂਰ ਕਰ ਰਹੇ ਸਨ। ਜਿਸ ਦਿਨ ਉਹਨਾਂ ਨੇ ਪੰਡਤ ਜਵਾਹਰ ਲਾਲ ਨੂੰ ਸੋਨੇ ਨਾਲ ਤੋਲ ਕੇ ਪੰਜਾਬ ਵਲੋਂ ਦੇਸ਼ ਨੂੰ ਇਹ ਯੋਗਦਾਨ ਬਖਸ਼ਣਾ ਸੀ ਉਹ ਦਿਨ ਪੰਜਾਬ ਤੇ ਪ੍ਰਤਾਪ ਸਿੰਘ ਦੇ ਪ੍ਰਤਾਪ ਦਾ ਸਭ ਤੋਂ ਰੋਸ਼ਨ ਤੇ ਸਿਖਰਾਂ ਤਕ ਪੁਜਾ ਦਿਨ ਸੀ। ਦੇਸ਼ ਦੇ ਖੂੰਜੇ-ਖੂੰਜੇ ਅੰਦਰ ਪੰਜਾਬ ਦੇ ਮੁਖ ਮੰਤਰੀ ਦੀ ਚਰਚਾ ਹੀ ਨਹੀਂ ਸਗੋਂ ਇਕ ਤਰ੍ਹਾਂ ਪੂਜਾ ਹੋ ਰਹੀ ਸੀ। ਉਧਰੋਂ ਚੀਨ ਦਾ ਪੀਕਿੰਗ ਰੇਡੀਓ ਪੂਰੇ ਜ਼ੋਰ ਨਾਲ ਭਾਰਤ ਸਰਕਾਰ ਤੋਂ ਵਧ ਸਰਦਾਰ ਪ੍ਰਤਾਪ ਸਿੰਘ ਨੂੰ ਗਾਲ੍ਹਾਂ ਕਢਦਾ ਸੀ ਜਿਸ ਕਰਕੇ ਪੂਰੇ ਹੀ ਸੰਸਾਰ ਵਿਚ ਉਸ ਸਮੇਂ ਪ੍ਰਤਾਪ ਸਿੰਘ ਦਾ ਡੰਕਾ ਵਜਦਾ ਸੀ।

ਪ੍ਰਤਾਪ ਸਿੰਘ ਨੇ ਪੰਜਾਬ ਦੇ ਹਰ ਉਸ ਪੱਥਰ ਨੂੰ ਪਲਟਿਆ ਜੋ ਦੇਸ਼ ਜਾਗਰਤ ਹਿਤ ਜ਼ਰੂਰੀ ਸੀ। ਜਦ ਉਸ ਨੇ ਇਹ ਸੁਣਿਆ ਕਿ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਦੀਵਾਨ ਅੰਦਰ ਰੋਜ਼ਾਨਾ ਹੀ ਲੱਖਾਂ ਆਦਮੀ ਪੁਜਦੇ ਹਨ ਤੇ ਹਰੀ ਕੀਰਤਨ ਤੇ ਹਰੀ ਸਿਮਰਨ ਦਾ ਅਨੰਦ ਵੀ ਮਾਣਦੇ ਹਨ। ਸੋ ਉਸ ਨੇ ਆਪ ਜੀ ਦੇ ਪ੍ਰੋਗਰਾਮ ਦੀ ਪੂਰਤੀ ਤੇ ਇਸ ਕਾਰਜ ਵਿਚ ਮਹਾਂਪੁਰਖਾਂ ਦੇ ਸਹਿਯੋਗ ਪ੍ਰਾਪਤ ਕਰਨ ਹਿਤ ਦਰਸ਼ਨ ਦੀ ਖਾਹਸ਼ ਜ਼ਾਹਰ ਕੀਤੀ। ਫਿਰ ਜਿਸ ਦਿਨ ਉਹ ਹਾਜ਼ਰ ਹੋਏ, ਇਹ ਇਕ ਅਜੀਬ ਹੀ ਸਮਾਂ ਸੀ। ਸੰਤ ਜੀ ਮਹਾਰਾਜ ਦੇ ਡੇਰੇ ਉਸ ਸਮੇਂ ਲੰਗਰ ਵਰਤ ਰਿਹਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪ੍ਰਸ਼ਾਦਿ ਛਕ ਰਹੇ ਸਨ। ਸਰਦਾਰ ਪ੍ਰਤਾਪ ਸਿੰਘ ਜੀ ਨੇ ਮੈਨੂੰ ਪੁਛਿਆ।

ਇਹ ਲੰਗਰ ਕਿਸ ਤਰ੍ਹਾਂ ਚਲਦਾ ਹੈ? ਕੋਈ ਜਾਗੀਰ ਹੈ?

ਇਹ ਸਾਹਿਬ ਬਾਬਾ ਬੀਰ ਸਿੰਘ ਨੌਰੰਗਾਬਾਦ ਦਾ ਲੰਗਰ ਹੈ ਜੋ ਕਿਸੇ ਜਾਗੀਰ ਕਰਕੇ ਨਹੀਂ ਸਗੋਂ ਸੰਗਤਾਂ ਦੇ ਪਿਆਰ ਤੇ ਭਰੋਸੇ ਪਰ ਹੀ ਚਲਦਾ ਹੈ।

ਇਹ ਪ੍ਰਸ਼ਾਦਿ ਛਕ ਕੇ ਸਰਦਾਰ ਪ੍ਰਤਾਪ ਸਿੰਘ ਭੋਰੇ ਵਿਚ ਸੰਤ ਜੀ ਮਹਾਰਾਜ ਪਾਸ ਇਕੱਲੇ ਹੀ ਗਏ ਤੇ ਕੋਈ

ਸੇਵਾ ਦੱਸੋ? ਇਸ ਨੇ ਹੱਥ ਬੰਨ੍ਹ ਕੇ ਅਰਜ਼ ਕੀਤੀ। ਸੰਤ ਜੀ ਮਹਾਰਾਜ ਮੁਸਕਰਾ ਕੇ ਕਹਿਣ ਲੱਗੇ, ਸੇਵਾ ਕਰੋਗੇ? ਤਾਂ ਪ੍ਰਤਾਪ ਸਿੰਘ ਨੇ ਕਿਹਾ, ਕੋਈ ਹੁਕਮ ਕਰੋ, ਚੰਗਾ ਫਿਰ ਰੋਜ਼ ਕੋਈ ਸਮਾਂ ਇਕਾਂਤ ਅੰਦਰ ਸਿਮਰਨ ਕਰਨ ਪਰ ਵੀ ਲਗਾਇਆ ਕਰੋ। ਫਿਰ ਆਪ ਹੀ ਮਨ ਤੋਂ ਸਤਿ ਦਾ ਪ੍ਰਕਾਸ਼ ਹੋ ਕੇ ਹਰ ਗਲਤੀ ਦੀ ਸੋਧ ਹੁੰਦੀ ਰਹੇਗੀ। ਸਿਮਰਨ ਕੇਵਲ ਇਕੋ ਹੀ ਗੱਲ ਦੀ ਗਵਾਹੀ ਹੈ ਕਿ ਮਨ ਨੇ ਕਿਤਨੇ ਸਿੱਧੇ ਸਾਫ ਤੇ ਉਤਮ ਕਰਮ ਕੀਤੇ ਹਨ, ਕਿਤਨੇ ਲੋਕਾਂ ਦੀ ਸੇਵਾ ਕੀਤੀ ਹੈ ਤੇ ਮਨ ਬਚਨ ਤੇ ਕਰਮ ਕਰਕੇ ਕਿਤਨਾ ਉਚਾ ਚਲਾ ਗਿਆ ਹੈ। ਸਿਮਰਨ ਇਕ ਤਰ੍ਹਾਂ ਸਾਧਨ ਵੀ ਹੈ ਤੇ ਮਨ ਸਮਝਾਵਨ ਦਾ ਰਾਹ ਵੀ ਹੈ। ਸਿਮਰਨ ਕਰਦਿਆਂ ਤੁਹਾਡੇ ਸਾਮ੍ਹਣੇ ਤੁਹਾਡੀ ਆਤਮਾ ਖੜ੍ਹੀ ਰਹਿੰਦੀ ਹੈ। ਫਿਰ ਉਹ ਆਤਮਾ ਆਪ ਹੀ ਸਰਬ ਵਿਆਪੀ ਹੋ ਕੇ ਹਰ ਮਨੁੱਖ ਅੰਦਰ ਚਲੀ ਜਾਂਦੀ ਹੈ, ਫਿਰ ਤੁਸੀਂ ਧੱਕਾ ਤੇ ਬੇਇਨਸਾਫੀ ਕਰ ਹੀ ਨਹੀਂ ਸਕਦੇ, ਤੁਹਾਡਾ ਰਾਜ ਵੀ ਜਨਕ ਰਾਜ ਹੋ ਜਾਵੇਗਾ। ਇਹ ਮਸ਼ਹੂਰ ਹੈ ਕਿ ਰਾਜਾ ਜਨਕ ਇਕ ਪੈਰ ਤੇਲ ਦੇ ਕੜਾਹੇ ਤੇ ਦੂਸਰਾ ਰਾਜ ਸਿੰਘਾਸਣ ਤੇ ਰਖਦਾ ਸੀ। ਇਸ ਦਾ ਅਰਥ ਹੈ ਕਿ ਉਹ ਹਰ ਸਮੇਂ ਹੀ ਮਨੁੱਖ ਮਾਤਰ ਦੀਆਂ ਅੰਤਰੀਵ ਪੀੜਾਂ ਜੋ ਕਿ ਤੇਲ ਦੇ ਕੜਾਹੇ ਵਾਂਗ ਸੜਦੀਆਂ ਹਨ, ਆਪਣੇ ਸਾਮ੍ਹਣੇ ਰਖਦਾ ਸੀ। ਸਰੀਰਕ ਤੌਰ ਪਰ ਤਖਤ ਤੇ ਹੋ ਕੇ ਵੀ ਉਹ ਹਰ ਸਮੇਂ ਉਸ ਤੋਂ ਬਾਹਰ ਸਰਬ ਸਾਂਝੇ ਲੋਕ ਪ੍ਰਿਯ ਤੇ ਲੋਕ ਦਰਦ ਦਾ ਮਹਿਰਮ ਰਹਿੰਦਾ ਸੀ। ਫਿਰ ਹੱਥੋਂ ਮਾਲਾ ਦਿਤੀ ਤੇ ਕਿਹਾ ਲੈ ਇਹ ਸਾਡਾ ਪ੍ਰਸਾਦਿ ਹੈ। ਅਸੀਂ ਇਸ ਮਨੁੱਖਤਾ ਮਾਰੂ ਭਾਰਤ ਪਰ ਹੋਏ ਹਮਲੇ ਨੂੰ ਧਰਮ ਪਰ ਵੀ ਸੰਘਾਰ ਸਮਝਦੇ ਹਾਂ। ਇਸ ਕਰਕੇ ਵਾਹਿਗੁਰੂ ਜੀ ਅੱਗੇ ਪ੍ਰਾਰਥਨਾ ਹੈ ਕਿ ਉਹ ਦੇਸ਼ ਤੇ ਧਰਮ ਵਾਲਿਆਂ ਨੂੰ ਇਸ ਘੋਰ ਸੰਕਟ ਸਮੇਂ ਬਲ ਬਖਸ਼ੇ ਤਾਂ ਕਿ ਉਹ ਦੇਸ਼ ਨੂੰ ਅਧੋਗਤੀ ਤੇ ਗਿਰਾਵਟ ਤੋਂ ਬਚਾ ਕੇ ਅੱਗੇ ਲੈ ਜਾ ਸਕਣ।

ਸਰਦਾਰ ਪ੍ਰਤਾਪ ਸਿੰਘ ਜਦੋਂ ਇਥੋਂ ਬਾਹਰ ਆਇਆ ਤਦ ਉਹ ਬਹੁਤ ਹੀ ਖੁਸ਼ ਸੀ ਕਿਉਂਕਿ ਉਸ ਨੇ ਇਕ ਮਹਾਨ ਪੁਰਖ ਪਾਸੋਂ ਸਤਿ ਧਰਮ ਦੇ ਇਕ ਉਤਮ ਤੇ ਉਸਾਰੂ ਸ਼ਬਦ ਸੁਣੇ ਸਨ। ਇਕ ਦਿਨ ਖਾਲਸਾ ਸਕੂਲ ਕਰਮਸਰ ਅੰਦਰ ਬੇ-ਪਨਾਹ ਇਕੱਠ ਸੀ। ਲੱਖਾਂ ਹੀ ਸੰਗਤਾਂ ਇਹ ਦੋਹਾਂ ਰਾਜਸੀ ਤੇ ਧਾਰਮਿਕ ਸਤਾ ਦੀ ਹੱਦ ਪੁਰ ਪੁਜੀਆਂ ਹੋਈਆਂ ਪੰਜਾਬ ਦੀਆਂ ਮਹਾਨ ਹਸਤੀਆਂ ਦੇ ਦਰਸ਼ਨ ਕਰ ਰਹੀਆਂ ਸਨ। ਆਖਰ ਸੰਤ ਜੀ ਮਹਾਰਾਜ ਸਿਰੋਪਾਉ ਦੇਣ ਤੋਂ ਪਹਿਲਾਂ ਸੰਗਤਾਂ ਨੂੰ ਫੁਰਮਾਇਆ, ਹੁਣ ਤੁਸੀਂ ਸਰਦਾਰ ਪ੍ਰਤਾਪ ਸਿੰਘ ਜੀ ਚੀਫ ਮਨਿਸਟਰ ਪਾਸੋਂ ਦੇਸ਼ ਕੌਮ ਬਾਰੇ ਦੁਨੀਆਂ ਦੀਆਂ ਗੱਲਾਂ ਸੁਣੋਗੇ।

ਲੱਖਾਂ ਦੀ ਹਾਜ਼ਰੀ ਕੋਈ ਵੀ ਸੇਵਾਦਾਰ ਨਹੀਂ ਸੀ। ਕੋਈ ਪੱਤਾ ਤਕ ਖੜਕਦਾ ਨਹੀਂ ਸੁਣਦਾ ਸੀ। ਸੰਤ ਜੀ ਮਹਾਰਾਜ ਦੇ ਕੀਰਤਨ ਦੀ ਗੂੰਜ ਹਰ ਪ੍ਰਾਣੀ ਨੂੰ ਗਰਵੀਦਾ ਬਣਾਂਦੀ ਸੀ। ਸਰਦਾਰ ਪ੍ਰਤਾਪ ਸਿੰਘ ਜੀ ਨੇ ਲੋਕਾਂ ਨੂੰ ਦੇਸ਼ ਲਈ ਕੁਰਬਾਨੀ ਕਰਨ ਦੇ ਨਾਲ ਹੀ ਇਹ ਵੀ ਕਿਹਾ, ਅੱਜ ਪਹਿਲੇ ਹੀ ਦਿਨ ਮੈਂ ਇਹ ਸੁਣਿਆ ਹੈ ਕਿ ਸਿਮਰਨ ਇਸ ਕਰਕੇ ਵੀ ਕਰਨਾ ਜ਼ਰੂਰੀ ਹੈ ਕਿਉਂਕਿ ਉਸ ਰਾਹੀਂ ਮਨ ਪ੍ਰਬਲ ਸਵੱਛ ਤੇ ਉਤਮ ਹੋ ਕੇ ਲੋਕਾਂ ਦੀ ਮਹਾਨ ਸੇਵਾ ਕਰਨ ਲਈ ਤਤਪਰ ਹੋ ਸਕਦਾ ਹੈ। ਮੈਂ ਇਥੋਂ ਪ੍ਰਣ ਕਰਕੇ ਚਲਿਆ ਹਾਂ ਕਿ ਹਰ ਰੋਜ਼ ਕੁਝ ਸਮਾਂ ਸਤਿਗੁਰਾਂ ਨਮਿਤ ਵੀ ਦਿਆ ਕਰਾਂਗਾ ਤੇ ਮਹਾਤਮਾ ਜੀ ਦੇ ਹੁਕਮ ਨੂੰ ਮੰਨਣ ਦਾ ਯਤਨ ਕਰਾਂਗਾ। ਪਰ ਅੱਜ ਪਹਿਲਾ ਦਿਨ ਹੈ ਜਦੋਂ ਮੈਂ ਇਹ ਸਮਝਣਯੋਗ ਹੋਇਆ ਹਾਂ ਕਿ ਅਸਲ ਵਿਚ ਧਾਰਮਿਕ ਮਹਾਂਪੁਰਸ਼ ਹੀ ਦੇਸ਼ ਤੇ ਧਰਮ ਦੇ ਅਸਲ ਰਖਵਾਲੇ ਹਨ।

## ਧਰਤੀ ਦੇ ਭਾਗ

ਇਕ ਵਾਰੀ ਸੰਤ ਜੀ ਮਹਾਰਾਜ ਦਾ ਦਿਲ ਰਾੜੇ ਸਾਹਿਬ ਕਰਮਸਰ ਤੋਂ ਉਦਾਸ ਹੋ ਗਿਆ। ਆਪ ਜੀ ਦੇ ਮਨ, ਅੰਦਰ ਆਈ, ਕੋਈ ਵੀ ਮਹਾਨ ਇਕਾਂਤ ਸਥਾਨ ਹੋਵੇ, ਜਿਥੇ ਜਾ ਕੇ ਬਾਹਰਲੀ ਆਵਾਜਾਈ ਦਾ ਘਾਟਾ ਹੋ ਸਕੇ। ਪਰ ਅੰਦਰਲੀ ਵਧੀ ਹੋਈ ਸਤਾ ਇਹ ਉਡੀਕ ਕਰਦੀ ਸੀ ਕਿ ਹੋਣ ਵਾਲਾ ਵਾਧਾ, ਕੋਈ ਸਥਾਨ ਵੀ ਲੱਭ ਲਵੇ ਤਦ ਚੰਗਾ ਹੈ। ਇਕੋ ਸਥਾਨ ਪਰ ਇਕੋ ਹੀ ਸਮੇਂ ਬਹੁਤ ਵਾਧਾ ਹੋਣਾ ਅਸੰਭਵ ਹੈ, ਉਹ ਹੌਲੀ-ਹੌਲੀ ਹੁੰਦਾ ਹੀ ਰਹੇਗਾ। ਕਰਮਸਰ ਦਾ ਸਥਾਨ ਤਾਂ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਵਰਦਾਨ ਕਾਰਨ ਹੀ ਫਲੀਭੂਤ ਹੋ ਰਿਹਾ ਸੀ। ਇਸ ਹੀ ਨਗਰ ਦੀਆਂ ਜੂਹਾਂ ਨੂੰ ਸੰਤ ਜੀ ਮਹਾਰਾਜ ਨੇ ਕਈ ਸਾਲ ਬਰਾਬਰ ਆ ਕੇ ਹਰੀ ਕੀਰਤਨ ਨਾਲ ਗੁੰਜਾਇਆ ਸੀ। ਸੈਰ ਕਰਦਿਆਂ ਇਧਰ ਢੱਕੀ ਦੀਆਂ ਸੈਰਾਂ ਵੀ ਕੀਤੀਆਂ ਹੋਣਗੀਆਂ। ਕਟਾਰੀ ਤੋਂ ਨਹਿਰ ਤੋਂ ਪਾਰ ਕਰਨ ਹਿਤ ਇਥੇ ਹੀ ਇਕ ਛੋਟੀ ਜਿਹੀ ਪੁਲੀ ਸੀ ਜੋ ਦੋਂਹ ਕਿਨਾਰਿਆਂ ਨੂੰ ਇਕ ਕਰਦੀ ਸੀ। ਖਟੜਿਆਂ ਦਾ ਪੁਲ ਇਥੋਂ ਕਾਫੀ ਦੁਰੇਡਾ ਸੀ। ਇਸੇ ਤਰ੍ਹਾਂ ਉਪਰ ਜਵਾਲਾ ਬੁਆਣੀ ਦਾ ਪੁਲ ਵੀ ਦੂਰ ਹੀ ਸੀ। ਸੋ ਜ਼ਰੂਰੀ ਤੌਰ ਪਰ ਸੰਤ ਅਤਰ ਸਿੰਘ ਜੀ ਮਹਾਰਾਜ ਇਸੇ ਪੁਲੀ ਰਾਹੀਂ ਇਸ ਨਹਿਰ ਨੂੰ ਕਟਾਰੀ ਤੋਂ ਪਾਰ ਕਰਕੇ ਇਸ ਪਾਸੇ ਆਉਂਦੇ ਹੋਣਗੇ। ਇਹ ਠੀਕ ਹੈ ਕਿ ਹਰੀ ਕੀਰਤਨ ਕਰਦਿਆਂ ਹਰੀ ਸਿਮਰਨ ਕਰਦੇ ਹੋਏ ਫਿਰ ਭਾਈ ਸੰਤਾ ਸਿੰਘ ਜੋ ਕਿ ਹੁਣ ਸੰਤ ਭਗਵਾਨ ਸਿੰਘ ਜੀ ਦੇ ਸਮੇਂ ਵੀ ਉਸੇ ਹੀ ਤਰ੍ਹਾਂ ਸ੍ਰੀ ਮਾਨ ਦੀ ਸੇਵਾ ਰੇਰੂ ਸਾਹਿਬ ਨਿਭਾ ਰਹੇ ਸਨ, ਆਪ ਦੇ ਘਰ ਦੇ ਉਹਨਾਂ ਦੇ ਨਗਰ ਦੇ ਬਾਹਰ ਮੌਜ ਵਿਚ ਆ ਕੇ ਕਈ ਉਸਾਰੂ ਤੇ ਉਤਮ ਬਚਨ ਕਰਦੇ ਹੋਣਗੇ। ਉਹ ਆਪਣੀ ਰੋਜ਼ਾਨਾ ਦੀ ਕਿਰਿਆ ਤੇ ਤਪ ਦੀ ਸਾਧਨਾ ਅਨੁਸਾਰ ਕਈ ਵਾਰੀ ਕਿਸੇ ਰੁੱਖ ਦੀ ਛਾਂ ਹੇਠ ਬੈਠ ਕੇ ਆਪਣੇ ਪਿਆਰੇ ਪ੍ਰਭੂ ਦੀ ਯਾਦ ਅੰਦਰ ਜੁੜ ਵੀ ਜਾਂਦੇ ਹੋਣਗੇ। ਰੰਗ ਰਤੇ ਮਸਤ ਨੇਤਰਾਂ ਨਾਲ ਚੌਹੀਂ ਪਾਸੀਂ ਤਕ ਕੇ ਵਾਹਿਗੁਰੂ ਜੀ ਦੀ ਕੁਦਰਤ ਅੰਦਰ ਲੀਨ ਇਕ ਰਸ ਅਮਿਉ ਰਸ ਦੇ ਝਰਨੇ ਵੀ ਇਥੇ ਹੀ ਵਗਦੇ ਤਕੇ ਹੋਣਗੇ, ਫਿਰ ਨਗਰ ਦੀ ਧਰਤੀ ਪਰ ਤਾਂ ਸਮਾਂ ਆਉਣ ਪਰ ਉਸੇ ਹੀ ਵਰਦਾਨ ਨੇ ਇਹ ਕਰਮਸਰ ਦੀ ਰਚਨਾ ਕੀਤੀ ਹੋਵੇ, ਐਸਾ ਹੋ ਸਕਦਾ ਹੈ। ਫਿਰ ਇਸ ਧਰਤੀ ਨੇ ਤਰੱਕੀ ਦੀਆਂ ਸਿਖਰਾਂ ਨੂੰ ਪੁਜਣਾ ਹੀ ਸੀ ਪਰ ਅਜੇ ਹੋਰ ਧਰਤੀ ਵੀ ਜੋ ਸੰਤ ਜੀ ਮਹਾਰਾਜ ਦੀ ਚਰਨ ਧੂੜ ਪ੍ਰਸ ਕੇ ਸੰਸਾਰ ਨੂੰ ਸ਼ਾਂਤੀ ਦਾ ਸੰਦੇਸ਼ ਦੇ ਸਕਦੀ ਸੀ। ਸੋ ਸੰਤ ਜੀ ਮਹਾਰਾਜ ਆਪਣੇ ਅਨਿੰਨ ਸੇਵਕ ਬਾਬਾ ਰਲਾ ਸਿੰਘ ਨੂੰ ਨਾਲ ਲੈ ਕੇ

ਹੋਰ ਦੋ ਕੁ ਸਾਥੀਆਂ ਸਮੇਤ ਕਰਮਸਰ ਤੋਂ ਅਚਾਨਕ ਹੀ ਅਲੋਪ ਹੋ ਗਏ ਤੇ ਫਿਰ ਅਹਿਮਦਗੜ੍ਹ ਤੋਂ ਦੁਬਲਾਨ ਲਈ ਰਵਾਨਾ ਹੋ ਗਏ। ਦੁਬਲਾਨ ਉਸ ਸਮੇਂ ਅਜੀਬ ਦਸ਼ਾ ਵਿਚ ਸ੍ਰੀ ਨਗਰ ਦੇ ਇਕ ਪਾਸੇ ਸਰਸਬਜ਼ ਤੇ ਬਹੁਤ ਹੀ ਅੱਛੀ ਧਰਤੀ ਸੀ ਪਰ ਅੱਗੇ ਜਾ ਕੇ ਕੱਲਰ ਆਰੰਭ ਹੋ ਜਾਂਦਾ ਸੀ। ਇਹ ਸਾਰਾ ਹੀ ਰਕਬਾ ਬੇਆਬਾਦ ਵੀਰਾਨ ਤੇ ਬੂਹਰ ਕੱਲਰ ਸੀ। ਗਰਮੀ ਸਮੇਂ ਇਸ ਜਗ੍ਹਾ ਪੈਰ ਮਾਰੋ ਤੇ ਕੱਲਰ ਸਿਰ ਨੂੰ ਆਉਂਦਾ ਸੀ। ਇਸ ਤੋਂ ਅੱਗੇ ਪਟਿਆਲੇ ਦੇ ਪਾਸੇ ਜਿਥੇ ਕਿ ਪਟਿਆਲੇ ਤੋਂ ਸੜਕ ਬਠਿੰਡੇ ਨੂੰ ਜਾਂਦੀ ਹੈ ਤਕ ਚਾਰ ਚੁਫੇਰੇ ਕੱਲਰ ਸੀ। ਬਹੁਤ ਹੀ ਥੋੜ੍ਹੀ ਜਗ੍ਹਾ ਆਬਾਦ ਤੇ ਚੰਗੀ ਉਪਜਾਊ ਸੀ। ਜਾਹਲਾ ਨਗਰ ਛਤਾ ਮੰਗਣੀ ਵਾਲਾ ਦੇ ਡੇਰੇ ਤੇ ਉਦਾਸੀ ਅਖਾੜੇ ਦੀ ਧਰਤੀ ਸੀ ਜੋ ਕਿ ਤਰੱਦਦ ਤੋਂ ਬਿਨਾਂ ਬਿਲਕੁਲ ਹੀ ਵੀਰਾਨ ਸੀ। ਮਹੰਤਾਂ ਲਈ ਇਹ ਬੇਕਾਰ ਸੀ ਤੇ ਛੇਤੀ ਕੀਤੇ ਹੋਰ ਵੀ ਕੋਈ ਪੱਟੇ ਜਾਂ ਵਟਾਈ ਪਰ ਵੀ ਇਸ ਨੂੰ ਲੈਣ ਨੂੰ ਤਿਆਰ ਨਹੀਂ ਕਿ ਇਸ ਵਿਚੋਂ ਕੀ ਕੱਢੇਗਾ? ਸੰਤ ਜੀ ਮਹਾਰਾਜ ਦੁਬਲਾਨ ਸਟੇਸ਼ਨ ਤੋਂ ਉਤਰ ਕੇ ਇਥੋਂ ਦੇ ਗੁਰਦਵਾਰੇ ਗਏ ਜੋ ਕਿ ਬਾਹਰ ਹੀ ਸੀ, ਫਿਰ ਇਥੋਂ ਹੀ ਇਸ ਸਾਰੀ ਹੀ ਧਰਤੀ ਪਰ ਫਿਰਦੇ ਰਹੇ। ਇਕ ਪਾਸੇ ਧਰਤੀ ਦੀ ਐਸੀ ਕਿਸਮ ਸੀ ਜੋ ਰੋਕਦੀ ਸੀ ਕਿ ਇਸ ਪਾਸੇ ਮੂੰਹ ਨਾ ਕਰੋ, ਦੂਸਰੇ ਪਾਸੇ ਇਸ ਧਰਤੀ ਦੇ ਕਰਮ ਸਨ ਜੋ ਹੱਥ ਬੰਨ੍ਹ ਕੇ ਸੰਤ ਜੀ ਮਹਾਰਾਜ ਨੂੰ ਪ੍ਰਾਰਥਨਾ ਕਰਦੇ ਸਨ ਕਿ ਤੱਕੋ ਮਹਾਂਪੁਰਸ਼ੋ! ਹਜ਼ਾਰਾਂ ਸਾਲਾਂ ਤੋਂ ਮੈਂ ਮੰਦਭਾਗ ਕਿਸੇ ਪਾਵਨ ਪੁਰਖ ਦੀ ਉਡੀਕ ਕਰ ਰਹੀ ਹਾਂ ਕਿ ਕਦੋਂ ਚਰਨ ਪਾ ਕੇ ਮੇਰੇ ਸੁਤੇ ਭਾਗ ਨੂੰ ਸੁਰਜੀਤ ਕਰਦੇ ਹਨ, ਕਰਮਸਰ ਤਾਂ ਸਾਹਿਬ ਬਾਬਾ ਕਰਮ ਸਿੰਘ ਜੀ ਦੇ ਨਾਮ ਨਾਲ ਸਰੋਵਰ ਹੈ, ਪਰਮ ਹੰਸ ਸਿਮਰਨ ਰਤੇ ਹੋਏ ਮਤਵਾਲੇ ਕਰਮਵਾਨ ਪੁਰਖਾਂ ਦਾ। ਪਰ ਇਹ ਧਰਤੀ ਤਾਂ ਕੇਵਲ ਆਪ ਜੀ ਨੇ ਪਾਵਨ ਕਰਨੀ ਹੈ। ਇਸ ਦਾ ਵਰਦਾਨ ਤੇ ਕਰਮ ਬਖਸ਼ਿਸ਼ ਕੇਵਲ ਆਪ ਜੀ ਨੇ ਹੀ ਕਰਨੀ ਹੈ, ਵਰਨਾ ਹੋਰ ਕੋਈ ਆਮ ਮਨੁੱਖ ਸ਼ਾਇਦ ਇਥੇ ਸਫਲਤਾ ਹਾਸਲ ਨਹੀਂ ਕਰ ਸਕੇਗਾ।

ਇਹ ਧਰਤੀ ਤੇ ਕੁਝ ਹੋਰ ਜਗ੍ਹਾ ਚੰਗੀ ਜ਼ਮੀਨ ਦੇ ਟੁਕੜੇ ਵੀ ਬਾਬਾ ਰਲਾ ਸਿੰਘ ਜੀ ਗੜਵੱਈ ਪਰਮਸੇਵਕ ਦੀ ਹੀ ਮਲਕੀਅਤ ਸਨ। ਇਹ ਧਰਤੀ ਉਸ ਨੇ ਮਹਾਂਪੁਰਖਾਂ ਦੀ ਭੇਟ ਕਰਨ ਦੀ ਆਗਿਆ ਮੰਗੀ। ਮਹਾਂਪੁਰਖ ਇਥੇ ਦੁਪਹਿਰ ਸਮੇਂ ਢੱਕੀ ਦੇ ਰੁੱਖਾਂ ਹੇਠ ਹੀ ਟਿਕੇ ਰਹੇ ਤੇ ਫਿਰ ਸ਼ਾਮ ਸਮੇਂ ਹੋਰ ਕਿਧਰੇ ਬਹੁਤ ਦੂਰ ਜਾਣ ਨਾਲੋਂ ਇਥੇ ਹੀ ਛੋਟਾ ਜਿਹਾ ਅਸਥਾਨ ਬਨਾਉਣ ਦੀ ਆਗਿਆ ਦੇ ਦਿਤੀ। ਸੋ ਛੋਟੀਆਂ-ਮੋਟੀਆਂ ਕੋਠੜੀਆਂ ਬਣੀਆਂ ਫਿਰ ਭੋਰਾ ਬਣਿਆ ਤੇ ਉਹ ਅਸਥਾਨ ਜਿਥੇ ਕੇਵਲ ਸੰਤ ਜੀ ਮਹਾਰਾਜ ਨੇ ਕੇਵਲ ਇਕਾਂਤ ਸਥਾਨ ਹੀ ਬਣਨ ਹਿਤ ਹੀ ਸੋਚਿਆ ਸੀ, ਜਿਥੇ ਆਪ ਜੀ ਦੀ ਮਰਜ਼ੀ ਕੋਈ ਵੀ ਪਸਾਰਾ ਕਰਨ ਦੀ ਨਹੀਂ ਸੀ, ਉਸ ਧਰਤੀ ਦਾ ਕਰਮ ਕਿ ਉਥੇ ਦੀਵਾਨ ਅਸਥਾਨ ਤੋਂ ਬਿਨਾਂ ਬੀਸੋਂ ਵੱਡੇ ਕਮਰੇ ਸੰਤ ਮਹਾਰਾਜ ਦੇ ਨਿਵਾਸ, ਦੋ ਮੰਜ਼ਲਾ ਭੋਰਾ ਤੇ ਫਿਰ ਹਜ਼ਾਰਾਂ ਪ੍ਰੇਮੀਆਂ ਦਾ ਜਿਸ ਜਗ੍ਹਾ ਲੰਗਰ ਚਲਦਾ ਹੈ। ਇਥੇ ਹੁਣ ਸੰਤ ਜੀ ਮਹਾਰਾਜ ਹਰ ਦਸਵੀਂ ਦਾ ਦੀਵਾਨ ਪੂਰਨਮਾਸ਼ੀ ਤੋਂ ਪਹਿਲਾਂ ਕਰਦੇ ਹਨ। ਫਿਰ ਇਥੋਂ ਹੀ ਪੂਰਨਮਾਸ਼ੀ ਦੇ ਦੀਵਾਨ ਲਗਾਣ ਰਾੜੇ ਸਾਹਿਬ ਆਉਂਦੇ ਹਨ। ਉਹ ਸਥਾਨ ਜਿਥੇ ਕਿ ਕੋਈ ਦਰਖਤ ਵੀ ਡਰਦਾ ਨਹੀਂ ਲਗਦਾ ਸੀ। ਜਿਥੇ ਹੋਰ ਪੈਦਾਵਾਰ ਤਾਂ ਇਕ ਪਾਸੇ ਘਾਹ ਵੀ ਸੜ ਜਾਂਦਾ ਸੀ। ਕੇਵਲ ਮਾਤਰ ਕੱਲਰ ਦਾ ਘਾਹ ਤੇ ਬੂਈ ਹੀ ਹੁੰਦੀ ਸੀ ਜਿਸ ਤੋਂ ਸੱਜੀ ਬਣਦੀ ਹੈ। ਪਰ ਅੱਜ ਇਸ ਸਥਾਨ ਪਰ, ਜੋ ਸੰਤ ਆਸ਼ਰਮ ਦੁਬਲਾਨ ਦੇ ਨਾਮ ਨਾਲ ਚੌਹੀਂ ਪਾਸੀਂ ਪ੍ਰਸਿੱਧ ਹੈ, ਇਸ ਆਸ਼ਰਮ ਦੀ ਧਰਤੀ ਪਰ ਮਹਾਂਪੁਰਖਾਂ ਦੀ ਕਰਮ ਬਖਸ਼ਿਸ਼ ਦੇ ਸਦਕੇ ਗੁਲਜ਼ਾਰ ਖਿੜੀ ਹੋਈ ਹੈ। ਸੰਸਾਰ ਭਰ ਦੇ ਉਤਮ ਫੁੱਲ ਸੰਤ ਜੀ ਮਹਾਰਾਜ ਦੇ ਭੋਰੇ ਦੇ ਚੌਹੀਂ ਪਾਸੀਂ ਲੱਗੇ ਹੋਏ ਹਨ। ਬਾਗ ਲਗ ਗਏ ਹਨ ਤੇ ਉਹ ਧਰਤੀ ਜੋ ਬਾਬੂ ਜੀ ਪਾਸੋਂ ਕਈ ਵਾਰੀ ਲਗਾਨ ਵੀ ਪੱਲੇ ਤੋਂ ਹੀ ਮੰਗਦੀ ਸੀ। ਅੱਜ ਸੈਂਕੜੇ ਮਣਾਂ ਅਨਾਜ ਲੰਗਰ ਨੂੰ ਪ੍ਰਦਾਨ ਕਰਦੀ ਹੈ। ਇਹ ਠੀਕ ਹੈ ਕਿ ਇਸ ਜਗ੍ਹਾ ਸੰਤ ਜੀ ਮਹਾਰਾਜ ਦੇ ਸੇਵਕਾਂ ਨੇ ਬੜੀ ਕਠਨ ਘਾਲਣਾ ਘਾਲੀ ਹੈ। ਹਰ ਧਰਤੀ ਦੇ ਇੰਚ ਨੂੰ ਕਈ-ਕਈ ਚਿਰ ਡੰਗਰਾਂ ਦੇ ਗੋਹੇ ਨਾਲ ਭਰ ਕੇ ਫਿਰ ਪਾਣੀ ਖੜ੍ਹਾ ਰਖ ਕੇ ਹੋਰ ਹਰ ਉਪਰਾਲਾ ਜੋ ਕਿਸੇ ਸੱਜਣ ਜਾਂ ਫਿਰ ਸਰਕਾਰ ਨੇ ਦਸਿਆ, ਇਹਨਾਂ ਸੇਵਕਾਂ ਨੇ ਵਰਤਣ ਤੋਂ ਸੰਕੋਚ ਨਹੀਂ ਕੀਤਾ। ਅੱਜ ਇਹ ਧਰਤੀ ਸੰਤ ਜੀ ਮਹਾਰਾਜ ਦੀ ਮਿਹਰ ਤੇ ਸੰਗਤਾਂ ਦੀ ਸੇਵਾ ਦੀ ਮੂੰਹ ਬੋਲਦੀ ਤਸਵੀਰ ਹੈ। ਜੋ ਵੀ ਸੱਜਣ, ਉਹ ਇਹ ਅਨੁਭਵ ਨਹੀਂ ਕਰ ਸਕਦੇ ਕਿ ਇਥੇ ਕਦੇ ਕੋਈ ਕੱਲਰ ਜਾਂ ਵੀਰਾਨ ਧਰਤੀ ਹੋ ਸਕਦੀ ਹੈ। ਇਸ ਜਗ੍ਹਾ ਪਰ ਸੰਤ ਜੀ ਮਹਾਰਾਜ ਦੇ ਜਾਣ ਦਾ ਇਹ ਵੀ ਪ੍ਰਤਾਪ ਹੋਇਆ ਕਿ ਸਰਦਾਰ ਪ੍ਰਤਾਪ ਸਿੰਘ ਜੀ ਦੇ ਸਮੇਂ ਹੀ ਇਕ ਸੜਕ ਦੇ ਸਰਵੇ ਹੋਏ ਕਿ ਉਹ ਪਟਿਆਲੇ ਤੋਂ ਨਾਭੇ ਨੂੰ ਜਾਂਦੀ ਸੜਕ ਤੇ ਫਿਰ ਪਟਿਆਲੇ ਤੋਂ ਬਠਿੰਡੇ ਨੂੰ ਸੁਨਾਮ ਰਾਹੀਂ ਜਾਣ ਵਾਲੀ ਸੜਕ ਦੋਹਾਂ ਨੂੰ ਜੋੜ ਦਿਤਾ ਜਾਵੇ। ਇਸ ਸੜਕ ਦਾ ਨਜ਼ਦੀਕੀ ਨਗਰਾਂ ਨੂੰ ਬਹੁਤ ਹੀ ਫਾਇਦਾ ਹੋਇਆ ਹੈ। ਭਾਵੇਂ ਇਹ ਕਿਸੇ ਵੀ ਉਹਨਾਂ ਨਗਰਾਂ ਦੇ ਲੋਕਾਂ ਨੂੰ ਅਨੁਭਵ ਨਾ ਹੋਵੇ ਪਰ ਸੱਚ ਇਹ ਹੈ ਕਿ ਇਹ ਸੜਕ ਕੇਵਲ ਸੰਤ ਜੀ ਮਹਾਰਾਜ ਦੇ ਆਸ਼ਰਮ ਦੀ ਬਦੌਲਤ ਹੀ ਮੌਜੂਦਾ ਸ਼ਕਲ ਵਿਚ ਆਈ ਹੈ। ਨਹੀਂ ਤਾਂ ਇਹ ਹੋ ਸਕਦਾ ਸੀ ਕਿ ਲਿੰਕ ਰੋਡ ਬਣ ਕੇ ਇਹ ਸੜਕ ਕਿਸੇ ਇਕ ਪਾਸੇ ਹੋ ਦੁਬਲਾਨ ਨੂੰ ਆਂਦੀ।

ਸਾਲ ਮਗਰੋਂ ਇਥੇ 5 ਅਗਸਤ ਦੇ ਦਿਨ ਨੂੰ ਭਾਰੀ ਜੋੜ ਮੇਲਾ ਤੇ ਪਹਿਲੇ ਦਿਨ ਦੀਵਾਨ ਲਗਦੇ ਹਨ ਕਿਉਂਕਿ ਇਹ ਸੰਤ ਮਹਾਰਾਜ ਦਾ ਜਨਮ ਦਿਨ ਹੈ ਤੇ ਇਹ ਬਾਬੂ ਰਲਾ ਸਿੰਘ ਜੀ ਦੀ ਖਾਹਿਸ਼ ਹੀ ਪੂਰੀ ਹੋਈ ਹੈ ਕਿ ਉਸ ਅਸਥਾਨ ਪਰ ਇਸ ਦਿਨ ਦੀਵਾਨ ਲਗਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਹਰੀ ਕੀਰਤਨ ਸੁਣਦੀਆਂ ਹਨ। ਫਿਰ ਹਰ ਪਾਸੇ ਤੋਂ ਲੋਕ ਪਰਮ ਸੰਤਾਂ ਦੇ ਪਵਿੱਤਰ ਪ੍ਰਵਚਨ ਸੁਣਨ ਹਿਤ ਹੁੰਮ-ਹੁੰਮਾ ਕੇ ਪੁਜਦੇ ਹਨ। ਇਹ ਇਕ ਅਮਰ ਸਚਾਈ ਹੈ ਕਿ ਅੱਜ ਦੇ ਸਮੇਂ ਜਿਤਨਾ ਇਕੱਠ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਦੀਵਾਨਾਂ ਅੰਦਰ ਹੁੰਦਾ, ਉਸ ਦਾ ਪ੍ਰਮਾਣ ਹੋਰ ਕਿਧਰੇ ਘੱਟ ਹੀ ਦਿਸਦਾ ਹੈ।

*(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ*
*ਧੰਨਵਾਦ ਸਹਿਤ*

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-58)*

### 12. ਤਾਰਨਹਾਰ ਜੀ ਦੀ ਹਰਿਦਵਾਰ ਫੇਰੀ

ਪੀਰ ਨੂੰ ਨਾਮ ਦੇ ਰੰਗ ਵਿਚ ਰੰਗ ਕੇ, ਕਈ ਥਾਂ ਮੁਕਾਮ ਕਰਦੇ, ਜਗਤ ਨਿਸਤਰਦੇ ਰੁਮਕੇ ਵਿਚ ਤੇ ਮਨ ਧਾ ਰਿਹਾ ਸੀ ਦਸੋ ਦਿਸ਼ਾਂ ਨੂੰ। ਜਲ ਰੁਮਕੇ ਚਾਲੇ ਪਏ, ਰੁਮਕਦੀ ਪੌਣ ਵਾਂਗੂੰ ਗੁਰੂ ਬਾਬਾ ਜੀ ਹਰਿਦਵਾਰ ਅੱਪੜੇ। ਅੱਗੇ ਖੂਬ ਗਹਿਮਾਂ ਗਹਿਮ ਮੇਲੇ ਦੀ ਸੀ। ਤਾਰਨਹਾਰ ਜੀ ਨੇ ਜਗਤ ਨੂੰ ਅਗਿਆਨ ਦੇ ਅੰਧਕਾਰ ਵਿਚ ਡਿੱਠਾ, ਸੀਤਲ ਨਦੀ ਵਿਚ ਨਹਾ ਰਹੇ ਸਨ ਤੇ ਧੋ ਰਹੇ ਸਨ ਦੇਹੀ ਅਤੇ ਸਮਝ ਰਹੇ ਸਨ ਕਿ ਮਨ ਤੋਂ ਪਾਪਾਂ ਦੀ ਮੈਲ ਧੋ ਰਹੇ ਹਾਂ। ਟੁੱਭਕੇ ਲੱਗ ਰਹੇ ਸਨ ਨਿਰਮਲ ਨੀਰ ਵਿਚ ਤੇ ਮਨ ਧਾ ਰਿਹਾ ਸੀ ਦਸੋ ਦਿਸ਼ਾ ਨੂੰ। ਜਲ ਦੇ ਰਹੇ ਸਨ ਪਿਤਰਾਂ ਨੂੰ, ਕਰ ਰਹੇ ਸਨ ਤਰਪਣ ਤੇ ਗਾਇਤ੍ਰੀ ਪਾਠ, ਪਰ ਘਰਾਂ ਤੋਂ ਭਰਾ, ਭਰਾ ਦੇ ਨਾਲ ਲੜਕੇ ਆਇਆ ਸੀ ਤੇ ਉਥੇ ਹੀ ਕਈ ਲੜਾਈਆਂ ਤੇ ਕਈ ਵਿਰੋਧ ਦਿਲਾਂ ਵਿਚ ਹੋ ਰਹੇ ਸਨ। ਹਾਂ ਮਾੜੇ ਕਰਮ ਖਹਿੜਾ ਨਹੀਂ ਸਨ ਛੱਡ ਰਹੇ, ਪਰ ਇਸ਼ਨਾਨ ਦੀ ਕੜਕੁੱਟ ਪੈ ਰਹੀ ਸੀ।

ਮੈਂ ਪਹਿਲੇ, ਮੈਂ ਪਹਿਲੇ ਦਾ ਘਸਮਾਨ ਬੀ ਮਚ ਰਿਹਾ ਸੀ। ਪਾਂਡੇ ਦਾਨ ਮੰਗ ਰਹੇ ਸੇ, ਸਿੱਧੀ ਤਰ੍ਹਾਂ ਨਾ ਮਿਲੇ ਤਾਂ ਵਰ ਸਰਾਪਾਂ ਦੇ ਡਰ ਦੇ ਦੇ ਕੇ ਜ਼ੋਰੀਂ ਬੀ ਲੈ ਰਹੇ ਸਨ ਤੇ ਕਹਿ ਰਹੇ ਸਨ-ਦਾਨ। ਸ਼ਾਮਾਂ ਨੂੰ ਨਦੀ ਵਿਚ, ਡੂਨਿਆਂ ਵਿਚ ਰੱਖ ਕੇ ਦੀਵੇ ਤਰਾਏ ਜਾਂਦੇ ਤੇ ਆਰਤੀ ਦੇ ਘੰਟਿਆਂ ਦੀ ਮਿੱਠੀ ਝੁਣਕਾਰ ਪੈਂਦੀ ਸੀ। ਸਵੇਰ ਨੂੰ ਫੂਲ ਤਾਰੇ ਜਾਂਦੇ, ਇਸ਼ਨਾਨ ਹੁੰਦੇ ਤੇ ਪਿਤਰਾਂ ਨੂੰ ਜਲ ਦਿਤੇ ਜਾਂਦੇ ਹਨ। ਇਹ ਅਗਿਆਨ, ਦਿਲਾਂ ਦਾ ਅੰਧਕਾਰ ਤੇ ਮਨਾਂ ਦੀ ਅਧੋਗਤੀ ਵੇਖ ਕੇ ਕੌਤਕਹਾਰ ਜੀ ਆਪ ਬੀ ਇਕ ਦਿਨ ਜਲ ਵਿਚ ਜਾ ਖਲੋਤੇ। ਪੂਰਬ ਵਲੋਂ ਸੂਰਜ ਚੜ੍ਹਿਆ ਸੀ, ਉਸ ਵੱਲਪਿੱਠ ਕਰ ਦਿਤੀ, ਮੂੰਹ ਪੱਛੋਂ ਵਲ ਕੁਛ ਉਤਰ ਦਾ ਰੁਖ ਲੈ ਕੇ ਕਰ ਲਿਆ ਤੇ ਪਾਣੀ ਦੇਣ ਲਗ ਪਏ। ਪੱਛੋਂ ਨੂੰ ਪਾਣੀ ਦਿੰਦੇ ਦੇਖ ਕੇ ਲੋਕੀਂ ਹੈਰਾਨ ਹੋ ਦੁਆਲੇ ਖੜੋਨ ਲੱਗ ਪਏ। ਪਹਿਲੋਂ ਤਾਂ ਲੋਕੀ ਆਪੋ ਵਿਚ ਗੱਲਾਂ ਕਰਦੇ ਸਨ, ਪਰ ਜਦ ਖਾਸੀ ਭੀੜ ਹੋ ਗਈ ਤਾਂ ਲੋਕੀਂ ਲੱਗੇ ਆਪ ਤੋਂ ਹੀ ਘੂਰ-ਘੂਰ ਪੁੱਛਣ, ਤੂੰ ਕੌਣ ਹੈਂ? ਹਿੰਦੂ ਹੈਂ? ਪੱਛੋਂ ਨੂੰ ਪਾਣੀ ਕਿਉਂ ਦਿੰਦਾ ਹੈਂ? ਪੱਛੋਂ ਨੂੰ ਤਾਂ ਮੱਕਾ ਹੈ। ਦੱਸ ਤੂੰ ਹਿੰਦੂ ਹੈਂ ਤਾਂ ਪਿਤਰਾਂ ਨੂੰ ਪਾਣੀ ਦੇਹ, ਦੇਖ ਪੂਰੇ ਵਲੋਂ ਸੂਰਜ ਚੜ੍ਹ ਰਿਹਾ ਹੈ, ਦੱਸ ਤੂੰ ਕੌਣ ਹੈਂ? ਤਦ ਜਗਤ ਦੇ ਅਗਿਆਨ ਪੁਰ ਸੇਜਲ ਹੋਣ ਵਾਲੇ ਤੇ ਉਨ੍ਹਾਂ ਦੀ ਹੈਂਕੜ ਤੇ ਹੱਸ ਛੱਡਣ ਵਾਲੇ ਨੈਣਾਂ ਨੇ ਇਕ ਕੌਤਕੀ ਚਮਤਕਾਰ ਦਿਤਾ ਤੇ ਰਹਿਮਤ ਭਰੇ ਨੈਣਾਂ ਵਾਲੇ ਨੇ ਪੁੱਛਿਆ, ਤੁਸੀਂ ਪੂਰੇ ਨੂੰ ਪਾਣੀ ਕਿਉਂ ਦੇ ਰਹੇ ਹੋ? ਉਨ੍ਹਾਂ ਕਿਹਾ, ਪਿੱਤਰਾਂ ਨੂੰ ਤ੍ਰਿਪਤ ਕਰ ਰਹੇ ਹਾਂ, ਕੋਈ ਸੂਰਜ ਨੂੰ ਜਲ ਦੇ ਰਿਹਾ ਹੈ। ਹਾਂ......"

ਕੌਤਕੀ ਸਤਿਗੁਰ ਜੀ - ਤੁਸਾਡੇ ਪਿੱਤਰ ਕਿੰਨੀ ਕੁ ਦੂਰ ਹੈਨ? ਸੂਰਜ ਕਿੱਥੇ ਕੁ ਹੈ?

ਲੋਕੀਂ - ਪਿੱਤਰ ਲੋਕ ਵਿਚ, ਲੱਖਾਂ ਹਜ਼ਾਰਾਂ ਕ੍ਰੋੜਾਂ ਕੋਹਾਂ ਤੇ। ਸੂਰਜ ਬੀ ਦੂਰ ਹੈ।

ਗੁਰੂ ਜੀ - ਤਾਂ ਭਲਾ ਹੈ, ਹਾਂ ਹਾਂ......। ਤੇ ਫੇਰ ਪਾਣੀ ਦੇਣ ਲਗ ਪਏ।

ਲੋਕਾਂ ਵਿਚੋਂ ਇਕ ਪੰਡਤ-ਤੂੰ ਬਈ ਆਪਣੇ ਕੰਮ ਲੱਗ ਪਿਆ; ਅਸਾਂ ਉੱਤਰ ਦਿਤੇ ਸਾਨੂੰ ਬੀ ਉੱਤਰ ਮਿਲੇ ਨਾ!

ਗੁਰੂ ਜੀ - ਬਈ ਸੱਜਣੋਂ! ਮੇਰਾ ਏਸ ਰੁਖ ਨੂੰ ਗਿਰਾਂ ਹੈ, ਘਰ ਦਾ ਪੈਲੀ ਬੰਨਾ ਹੈ। ਸਾਡੇ ਦੇਸ਼ ਮੀਂਹ ਨਹੀਂ ਪਿਆ। ਤੁਸਾਨੂੰ ਦੇਖ ਕੇ ਕਿਹਾ ਚੱਲੋ ਏਥੋਂ ਹੀ ਪਾਣੀ ਪੁਚਾ ਵੇਖੀਏ, ਭਲਾ ਜੇ ਖੇਤੀ ਸੋਕਿਓਂ ਬਚ ਰਹੇ।

ਇਹ ਸੁਣ ਕੇ ਸਾਰੇ ਹੱਸ ਪਏ। ਕੋਈ ਕਹੇ, ਬਾਉਲਾ ਹੈ, ਕੋਈ ਕਹੇ ਦੇਖੋ ਅੱਜਕੱਲ੍ਹ ਬੀ ਐਡੇ ਸਿੱਧੇ ਲੋਕ ਹਨ, ਪਾਣੀ! ਗੰਗਾ ਦਾ ਗੰਗਾ ਵਿਚ ਪਿਆ ਡਿੱਗਦਾ ਹੈ ਤੇ ਇਸ ਦੇ ਭਾਣੇ ਖੇਤਾਂ ਨੂੰ ਪਿਆ ਅੱਪੜਦਾ ਹੈ।

ਇਕ ਸਿਆਣਾ-ਭਲੇ ਸੱਜਣਾਂ! ਆਪਣੇ ਹੱਥ ਕਿਉਂ ਥਕਾ ਰਿਹਾ ਹੈਂ, ਇਹ ਤੇਰਾ ਪਾਣੀ ਖੇਤਾਂ ਨੂੰ ਨਹੀਂ ਜਾਣ ਲੱਗਾ। ਖੇਤ ਤੇਰੇ ਹਨ ਦੂਰ ਲਹਿੰਦੇ ਨੂੰ, ਗੰਗਾ ਜਾ ਰਹੀ ਹੈ ਪੂਰਬ ਨੂੰ।

ਗੁਰੂ ਜੀ - ਹੱਛਾ ਜੀ! ਇਸ ਧਰਤੀ ਉੱਤੇ ਮੇਰੇ ਖੇਤਾਂ ਨੂੰ ਮੇਰਾ ਦਿਤਾ ਪਾਣੀ ਨਹੀਂ ਅੱਪੜੇਗਾ ਤੇ ਤੁਹਾਡਾ ਦਿਤਾ ਪਾਣੀ ਸੂਰਜ ਲੋਕ ਵਿਚ ਕਿ ਕਿਸੇ ਦੂਸਰੇ ਲੋਕ ਵਿਚ ਕਰੋੜਾਂ ਕੋਹਾਂ ਤੇ ਜਾ ਅੱਪੜੇਗਾ? ਹੈਂ ਜੀਓ?

ਹਾਂ! ਸਤਿਗੁਰੂ ਨਾਨਕ ਦੇਵ ਜੀਓ, ਤੇਰੀ ਯੁਕਤੀ ਦਾ ਅਨੋਖਾ ਤਰੀਕਾ! ਲੋਕਾਂ ਦੇ ਭਾਣੇ ਹਾਰ ਗਿਆ, ਪਰ ਤੇਰੀ ਹਾਰ ਵਿਚ ਪ੍ਰਸ਼ਨ ਕਰਤਿਆਂ ਦੀ ਹਾਰ ਹੋ ਗਈ। ਸਾਰੇ ਸੋਚੀਂ ਪੈ ਗਏ। ਲੱਗੇ ਤੂਤਭੀਤੀਆਂ ਬੋਲਣ।

ਇਕ-ਆਖਦਾ ਤਾਂ ਸੱਚ ਹੈ।

ਦੂਜਾ-ਭੁੱਲਾ ਹੀ ਰਹੇ, ਕੇਡੀ ਖਰੀ ਗੱਲ ਹੈ? ਸੋ ਦੋ ਸੌ ਕੋਹਾਂ ਤੇ ਪਾਣੀ ਅਰਪਿਆ ਨਹੀਂ ਪਹੁੰਚਦਾ, ਲੱਖਾਂ ਕੋਹਾਂ ਤੇ ਕੀਕੂੰ ਜਾਂਦਾ ਹੋਊ!

ਤੀਜਾ-ਕਲੇਜਾ ਕੱਢ ਲਿਆ ਸੂ। ਸਾਨੂੰ ਪਾਂਡਿਆਂ ਨੇ ਮੂਰਖ ਬਣਾ ਛੱਡਿਆ ਏ।

ਚੌਥਾ - ਆਹ ਲੈ ਬਈ, ਕੱਢੀ ਸੂ ਨਾ ਗੱਲ, ਸੁਆਦ ਆ ਗਿਆ। ਅਸਾਂ ਕਿਹਾ ਸੀ ਕੋਈ ਕੌਤਕੀ ਹੈ।

ਪੰਜਵਾਂ (ਗੁਰੂ ਜੀ ਵੱਲ ਤੱਕ ਕੇ) - ਬਈ ਭਲੇ ਸੱਜਣ ਜੀ! ਗੱਲ ਤਾਂ ਤੁਸੀਂ ਚੋਖੀ ਆਖੀ ਏ, ਇਲ ਨੂੰ ਘਾ ਪਾ ਗਈ ਏ, ਪਰ ਇਹ ਤਾਂ ਸੰਕਲਪ ਦੀ ਗੱਲ ਏ ਨਾ।

ਗੁਰੂ ਜੀ - ਸੰਕਲਪ ਤੁਸਾਡੇ ਹੀ ਤੁਸਾਨੂੰ ਨਰਕਾਂ ਨੂੰ ਲਿਜਾ ਰਹੇ ਹਨ।

ਮਨੁੱਖ - ਸਾਡੇ ਸੰਕਲਪ ਤਾਂ ਹਰਿ ਹਰਿ ਦੇ ਹਨ, 'ਹਰਿ ਹਰਿ' ਕਰ ਰਿਜਾ ਨੂੰ ਨਰਕ ਘੱਲਦੇ ਹੋ?

ਗੁਰੂ ਜੀ -ਹਾਂ ਠੀਕ ਹੈ। ਤੁਸਾਡੇ ਹੱਥ ਮਾਲਾ ਦਾ ਮਣਕਾ ਹੈ, ਪਰ ਮਨ ਸਿਮਰ ਰਿਹਾ ਹੈ ਇਸਤ੍ਰੀ, ਪੁੱਤਰ, ਧਨ ਧਾਮ, ਵਿਹਾਰਕਾਰ, ਘਰਬਾਰ, ਅਨੇਕ ਧੰਦੇ। ਮਨ ਜਾਏਗਾ ਓਥੇ ਜਿੱਥੇ ਇਸ ਦੀ ਤਾਰ ਲੱਗ ਰਹੀ ਹੈ, ਜਿਨ੍ਹਾਂ ਸੰਕਲਪਾਂ ਦੀ ਲਿਵ ਵਿਚ ਮਨ ਹੈ ਓਥੇ ਜਾ ਪ੍ਰਾਪਤ ਹੋਵੇਗਾ। ਜਲ ਦਿਤਾ ਜਾ ਰਿਹਾ ਹੈ ਪਿੱਤਰਾਂ ਨੂੰ, ਪਰ ਮਨ ਭਟਕ ਰਿਹਾ ਹੈ ਦਸੋ ਦਿਸ਼ਾ, ਮਨ ਦੀਆਂ ਲਾਲਸਾਂ ਵਿਚ। ਮਾਲਾ ਗੁਪਤੀਆਂ ਲਈ ਕੁਸ਼ਾ ਦੇ ਆਸਣ ਲਗਾਈ ਕਿਨਾਰੇ ਤੇ ਬੈਠੇ ਹਹੋ, ਨੈਣ ਬੰਦ ਹਨ, ਮਣਕਾ ਮਣਕੇ ਤੇ ਠੱਕ-ਠੱਕ ਡਿਗਦਾ ਹੈ ਪਰ ਮਨ ਜੰਜਾਲਾਂ ਵਿਚ ਉੱਡ ਰਿਹਾ ਹੈ। ਟੁਭਕੀ ਲੱਗ ਰਹੀ ਹੈ ਠੰਢੇ ਨੀਰ ਵਿਚ, ਮੂੰਹ ਪਾਲੇ ਮਾਰਿਆ ਥਰ-ਥਰ ਕਰਦਾ ਕਹਿ ਰਿਹਾ ਹੈ, ਹਰ, ਹਰ, ਹਰ ਹਰ। ਦਿਲ ਪਾਲੇ ਦੀ ਸਕੋੜ ਵਿਚ ਮਨੋ-ਰਾਜੀ ਸੰਕਲਪਾਂ ਫੁਰਨਿਆਂ ਵਿਚ ਉਡੰਤ ਹੈ, ਜਿੱਧਰ-ਜਿੱਧਰ ਮਨ ਓਧਰ-ਓਧਰ ਜੀਵ ਦੀ ਗਤੀ।

ਮਨੁੱਖ-ਗੱਲ ਤਾਂ ਇਹ ਵੀ ਖਰੀ ਆਖੀ ਜੇ ਪਰ ਤੁਸਾਨੂੰ ਕਿਵੇਂ ਪਤਾ ਹੈ ਕਿ ਕਿਸ ਦਾ ਮਨ ਦੌੜ ਰਿਹਾ ਹੈ? ਖਬਰੇ ਲੱਗੇ ਹੋਏ ਹੋਣ ਮਨ ਭਗਵੰਤ ਵਿਚ।

ਤਦ ਗੁਰੂ ਜੀ ਨੇ ਦੋ ਚਾਰ ਸਮਾਧੀਆਂ ਵਾਲਿਆਂ ਦੇ ਮਨਾਂ ਦੀ ਠੀਕ ਉਡਾਰੂ ਗਤੀ ਮਸੀਤ ਦੇ ਕਾਜ਼ੀ ਦੇ ਦਿਲ ਦੀ ਗਤੀ ਵਾਂਗੂੰ ਦੱਸ ਦਿਤੀ। ਇਕ ਦਾ ਪਤਾ ਦਿਤਾ ਕਿ ਇਸ ਦਾ ਮਨ ਮੁਲਤਾਨ ਵਿਚ ਵਿਹਾਰ ਕਰ ਰਿਹਾ ਹੈ, ਦੂਏ ਦਾ ਕਾਬਲ, ਤੀਏ ਦਾ ਦਿੱਲੀ। ਜਿਨ੍ਹਾਂ-ਜਿਨ੍ਹਾਂ ਵਿਹਾਰਾਂ ਸੋਚਾਂ ਵਿਚ ਜਿਸ-ਜਿਸ ਦਾ ਮਨ ਖਚਿਤ ਸੀ, ਜਦ ਸਾਫ ਦਸ ਦਿਤਾ, ਤਦ ਲੋਕਾਂ ਤੇ ਭੈ ਛਾ ਗਿਆ, ਨੈਣਾਂ ਵਿਚ ਸ਼ਰਧਾ ਭਰ ਆਈ, ਆਪ ਬੈਠ ਗਏ ਕਿਨਾਰੇ ਤੇ ਉਦਾਲੇ ਲੋਕ ਜੁੜ ਬੈਠੇ ਸਾਰੇ। ਜਦ ਸਮਾਗਮ ਜੁੜ ਕੇ ਠੱਠ ਬੱਝ ਗਿਆ ਤਾਂ ਦਾਤੇ ਨੇ ਜੀਵਾਂ ਦੇ ਅਗਿਆਨ ਦੇ ਛੌੜ ਕੱਟੇ। ਸਾਰਾ ਸੱਚਾ ਰਸਤਾ ਦੱਸਿਆ। ਇਕ ਵਾਹਿਗੁਰੂ ਜੀ ਨਾਲ ਲਿਵ ਦਾ ਮਾਰਗ ਸਮਝਾਇਆ ਕਿ ਇਹ ਰਸਤਾ ਹੈ, ਨਾਮ ਜਪੋ, ਹਜ਼ੂਰੀ ਵਿਚ ਵੱਸੋ, ਉਠਦੇ ਬਹਿੰਦੇ ਟੁਰਦੇ ਫਿਰਦੇ ਉਸ ਮਾਲਕ ਦੀ ਹਜ਼ੂਰੀ ਵਿਚ ਰਹੋ, ਉਸ ਪਿਆਰੀ ਤੇ ਰਸਭਰੀ ਹਜ਼ੂਰੀ ਤੋਂ ਉਹਲੇ ਨਾ ਹੋਵੋ, ਐਉਂ ਜਾਣੋਂ ਕਿ ਜਿਸ ਦਾ ਨਾਮ ਰਸਨਾ ਤੇ ਹੈ ਉਹ ਹਾਜ਼ਰ ਹੈ ਤੇ ਅਸੀਂ ਹਜ਼ੂਰੀ ਵਿਚ ਹਾਂ। ਪੌਣ ਜੀਕੂੰ ਅੰਗ ਸੰਗ ਹੈ, ਜਿੱਥੇ ਜਾਓ, ਸਵੋਂ, ਟੁਰੋ, ਬਹੋ, ਸਦਾ ਅੰਗ ਸੰਗ ਹੈ, ਦੀਹਦੀ ਨਹੀਂ, ਪਰ ਹੈ; ਤਿਵੇਂ ਉਹ ਪੌਣ ਤੋਂ ਬੀ ਸੂਖਮ ਪਰਮਤੱਤ ਅੰਗ ਸੰਗ ਹੈ। ਪਿਆਰ, ਰਸ ਤੇ ਅਨੰਦ ਓਸ ਤੋਂ ਹਰ ਵੇਲੇ ਫੁਹਾਰੇ ਵਾਂਗੂੰ ਛੁਟਦਾ ਹੈ। ਉਸ ਦੀ ਹਜ਼ੂਰੀ ਵਿਚ ਰਹਿਣ ਨਾਲ ਉਹ ਸੁਆਦ ਸਾਨੂੰ ਵੀ ਆਵੇਗਾ। ਜੇ ਉਸ ਸਦਾ ਜਾਗਦੀ ਹੋਂਦ ਵਿਚ, ਉਸ ਅੰਗ ਸੰਗ 'ਸਤਯ' ਦੇ ਵਿਚ ਸਾਡਾ ਮਨ ਰਹੇਗਾ ਤਾਂ ਮਰਕੇ ਬੀ ਅਸੀਂ ਉੱਥੇ ਜਾਵਾਂਗੇ। ਹਾਂ, ਕਾਰ ਵਿਹਾਰ ਕਰੋ, ਬਈ ਕਾਰ ਵਿਹਾਰ, ਕੋਈ ਕਿੱਤਾ, ਕੋਈ ਰੋਜ਼ੀ ਕਰਕੇ ਕਮਾ ਕੇ-ਰੋਟੀ ਖਾਓ। ਕਮਾ ਕੇ ਫਿਰ ਵੰਡ ਕੇ ਖਾਓ। ਕਿਰਤ ਕਮਾਈ ਵਿਚੋਂ ਦੇ ਕੇ ਭਲਾ ਮਨਾਓ। ਕਰੋ ਕੰਮ ਕਾਰ ਜ਼ਰੂਰ, ਮਖੱਟੂ ਨਾ ਬਣੋ, ਦੂਸਰਿਆਂ ਦੀ ਕਮਾਈ ਉਤੇ ਆਪਣੇ ਗੁਜ਼ਾਰੇ ਦਾ ਭਾਰ ਪਾ ਕੇ ਉਹਨਾਂ ਨੂੰ ਔਖਿਆਂ ਨਾ ਕਰੋ। ਕਰੋ, ਕੋਈ ਕਿਰਤ ਕਰੋ, ਪਰ ਜੋ ਕਰੋ ਸੁਹਣੀ ਤਰ੍ਹਾਂ ਕਰੋ। ਕਮਾਓ, ਪਰ ਧਰਮ ਕਿਰਤ ਨਾਲ। ਹਾਂ ਕਮਾਈ ਕਰਨ ਵਿਚ ਮਨ ਲੋੜੀਏ, ਮਨ ਜਾਏਗਾ ਕੰਮਾਂ ਵੱਲ ਤਾਂ ਹਜ਼ੂਰੀ ਵਿਚ ਕੀਕੂੰ ਵੱਸੇਗਾ? ਹਾਂ ਬਈ ਹਜ਼ੂਰੀ ਵਿਚ ਵੱਸੇਗਾ ਐਉਂ; ਹੱਥ ਨਾਲ ਕਾਰ ਕਰੋ, ਦਿਲ ਦੀ ਸਤਿਆ ਦੀ ਜਿੰਨੀ ਲੋੜ ਹੈ ਕਿਰਤ ਨੂੰ ਦਿਓ, ਸੁਹਣੀ ਤਰ੍ਹਾਂ ਦਿਓ, ਕਿੱਤੇ ਕੰਮ ਅਕਲ ਨਾਲ ਹੋਸ਼ ਨਾਲ ਕਰੋ, ਕਪਟ ਛਲ ਨਾਲ ਨਾ, ਦੂਸਰੇ ਦੇ ਬੁਰੇ ਦੀ ਨੀਯਤ ਨਾਲ ਨਾ, ਪਰ ਅਕਲ ਨਾਲ, ਸੋਚ ਨਾਲ ਕਿੱਤੇ ਵਿਚ ਧਿਆਨ ਦੇ ਕੇ। ਕਿੱਤਾ ਸੁਹਣਾ ਕਰੋ, ਪਰ ਵਿਚ-ਵਿਚ ਵਿਹਲ ਆਉਂਦੀ ਹੈ; ਸਵੇਰਾ, ਸੰਧਿਆ, ਰਾਤ, ਵਿਹਲ ਹੁੰਦੀ ਹੈ। ਪਹਿਲਾਂ ਵਿਹਲੇ-ਵਿਹਲੇ 'ਵੇਲੇ' ਹਜ਼ੂਰੀ ਵਿਚ ਵਸਦਿਆਂ ਸਫਲ ਕਰੋ। ਫੇਰ ਹੱਥ ਕਾਰ ਵੱਲ ਟੁਰਿਆ ਰਹੇ, ਦਿਲ ਕਰਤਾਰ ਵੱਲ ਲਾਈ ਰੱਖੋ। ਸਮਾਂ ਪਾ ਕੇ ਦਿਲ ਹਜ਼ੂਰੀਓਂ ਬਾਹਰ ਨਹੀਂ ਆਇਆ ਕਰੇਗਾ। ਭੁੱਲ ਦਾ ਪਰਦਾ ਹੈ ਸਾਡੇ ਤੇ ਮਾਲਕ ਵਿਚ, ਭੁੱਲ ਕੱਢ ਦਿਓ, ਯਾਦ ਵਿਚ ਰੱਖੋ। ਯਾਦ ਹਜ਼ੂਰੀ ਵਿਚ ਰੱਖਦੀ ਹੈ। 'ਹਜ਼ੂਰੀ ਸਿੱਖਾਂ ਦਾ ਮੂਲ ਹੈ' ਇਹ ਸਮਝ ਕੇ ਪਰਮੇਸ਼ੁਰ ਦੇ ਨਾਮ ਜਪਣ ਨੂੰ ਇਸ ਹਜ਼ੂਰੀ ਦੇ ਅਭਿਆਸ ਦੀ ਟੋਹਣੀ ਸਮਝੋ। ਨਾਮ ਦਾ ਪਰਚਾ ਮਨ ਨੂੰ ਗਾਫਲੀ ਤੋਂ ਕੱਢਦਾ ਤੇ ਹਜ਼ੂਰੀ ਵਿਚ ਲਿਆਉਂਦਾ ਹੈ, ਹਾਂ ਨਾਮ ਹਜ਼ੂਰੀ ਵਾਸ ਹੈ।

ਜਾਂ ਸਤਿਗੁਰੂ ਜੀ ਸੱਚ ਦਾ ਡੰਕਾ ਦੇ ਕੇ ਚੁੱਪ ਹੋ

ਗਏ ਤਾਂ ਉਹ ਜੀਵ, ਜੋ ਪ੍ਰੇਰਿਤ ਹੋ ਗਏ ਸਨ, ਕਹਿਣ ਲੱਗੇ, ਸਾਡੇ ਨਾਲ ਚੱਲੋ ਭੋਜਨ ਪਾਓ। ਅੱਗੇ ਗਏ ਤਾਂ ਕਾਰਾਂ ਕੱਢ ਕੇ ਚੌਂਕਾ ਸੁਆਰ ਕੇ ਰਸੋਈ ਤਿਆਰ ਹੋ ਰਹੀ ਸੀ। ਜਾਂ ਸੁੱਚ ਸੰਜਮੀ ਬ੍ਰਾਹਮਣ ਵਿਚ ਵੜੇ ਤਾਂ ਸਤਿਗੁਰ ਬੋਲੇ, ਚੌਂਕਾ ਭਿੱਟ ਗਿਆ। ਭਿੱਟੇ ਚੌਂਕੇ ਦੀ ਰੋਟੀ ਕੌਣ ਖਾਏ? ਬ੍ਰਾਹਮਣਾਂ ਨੇ ਹੱਥ ਬੰਨ੍ਹ ਕਿਹਾ ਕਿ ਜੀ ਲੱਕੜਾਂ ਧੋ ਚੌਂਕਾ ਪਾ, ਅੰਨ ਧੋ ਸੁਕਾ, ਆਪ ਨਹਾ ਕੇ ਪੁਰੀ ਸੁੱਚ ਆਚਾਰ ਨਾਲ ਰਸੋਈ ਬਣੀ ਹੈ।

ਗੁਰੂ ਜੀ - ਪਰ ਤੁਸਾਂ ਵਿਚ ਵੜ ਕੇ ਭਿੱਟ ਦਿਤੀ ਹੈ।

ਬ੍ਰਾਹਮਣ - ਛੁਹ ਵਾਲਾ ਕੌਣ ਛੂਹਿਆ ਹੈ। ਅਸੀਂ ਕੁਲੀਨ ਬ੍ਰਾਹਮਣ ਹਾਂ। ਕੋਈ ਚੂਹੜਾ ਚੰਡਾਲ ਡੂਮ ਕਸਾਈ ਤਾਂ ਆਇਆ ਨਹੀਂ।

ਗੁਰੂ ਜੀ -

*ਕੁਬੁਧਿ ਡੂਮਣੀ ਕੁਦਇਆ ਕਸਾਇਣਿ*
*ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥*
*ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥*

*ਅੰਗ - ੯੧*

ਸਤਿਗੁਰਾਂ ਨੇ ਦੱਸਿਆ ਕਿ ਤਨ ਸੁੱਚੇ ਕੀਤੇ ਦਾ ਕੀ ਹੈ, ਭਿੱਟਣ ਵਾਲੀ ਸ਼ੈ ਅੰਦਰ ਉਹ ਬੁੱਧੀ ਹੈ ਜੋ ਪਸ਼ੂ ਬਿਰਤੀ ਨੂੰ ਵੱਸ ਵਿਚ ਨਹੀਂ ਰੱਖਦੀ ਤੇ ਖੁੱਲ੍ਹਾ ਛੱਡਦੀ ਹੈ। ਸੋਚ ਲਓ ਕਿੰਨੀਆਂ ਛੋਹਾਂ ਓਹ ਬਿਰਤੀ ਸਹੇੜਦੀ ਹੈ। ਜਿਸ ਦੇ ਸਿਰ ਤੇ ਸ੍ਰੇਸ਼ਟ ਬੁੱਧੀ ਦਾ ਕੁੰਡਾ ਨਹੀਂ ਹੈ ਉਹ ਡੂੰਮਣੀ ਵਾਂਗੂੰ ਨੀਚ ਜਾਤ ਹੈ ਕਿ ਨਹੀਂ, ਜੋ ਭੈੜੇ ਗੰਦੇ ਗੀਤ ਗਾ ਕੇ ਲੋਕਾਂ ਦੇ ਮਨਾਂ ਨੂੰ ਮਲੀਣ ਕਰਦੀ ਹੈ?

**ਬੇਤਰਸੀ, ਜ਼ੁਲਮ, ਦੂਸਰੇ ਦਾ ਬੁਰਾ ਕਰਨਾ ਤੇ ਆਪਣਾ ਭਲਾ ਲੋਚਣਾ ਇਹ ਕਸਾਈਪੁਣਾ ਹੈ ਕਿ ਨਹੀਂ? ਪਰ ਦਾ ਮਾਸ ਨੋਚਣਾਂ ਤੇ ਆਪਣਾ ਸਵਾਦ ਲੈਣਾ,** ਇਸ ਸੁਭਾਉ ਵਾਲੀ ਬਿਰਤੀ ਲਾਉਂਦੀ ਹੈ ਕਿ ਨਹੀਂ ਆਪਣੇ ਭੈੜੇ ਸੁਭਾਉ ਦੀ ਛੁਹ ਦੂਸਰਿਆਂ ਮਨਾਂ ਨੂੰ? ਪਰਾਈ ਨਿੰਦਿਆ ਦੂਸਰੇ ਦੇ ਜਸ ਨੂੰ, ਨਾਮ ਨੂੰ, ਵਡਿਆਈ ਨੂੰ ਬੱਜ ਲਾਉਣ ਦੀ ਨੀਯਤ, ਇਹ ਹੈ ਨਾ ਅੰਦਰ ਪਰਾਈ ਨਿੰਦਾ ਦਾ ਵਾਸ? ਲੋਕਾਂ ਵਿਚ ਮੈਂ ਭਲਾ ਪ੍ਰਸਿੱਧ ਹੋਵਾਂ ਤੇ ਫਲਾਣਾ ਮਾੜਾ ਪ੍ਰਸਿੱਧ ਹੋਵੇ ਤਾਂ ਮੇਰਾ ਨਾਮਣਾ ਵਧੀਕ ਫੈਲੇ, ਇਹ ਚੂਹੜੀ ਹੈ ਕਿ ਨਾ? **ਦੂਸਰੇ ਦੇ ਹੋਏ ਯਾ ਅਨਹੋਏ ਅਵਗੁਣਾਂ, ਪਾਪਾਂ, ਐਬਾਂ, ਉਕਾਈਆਂ ਦੀ ਮੈਲ ਆਪ ਕੱਠੀ ਕਰਨੀ ਚੂਹੜੀ ਵਰਗਾ ਕੰਮ ਹੈ ਕਿ ਨਹੀਂ? ਆਪਣੇ ਸੁਹਣੇ ਮਨ ਨੂੰ ਇਸ ਗੰਦ ਨਾਲ ਬਦਬੂ ਲਾਉਣੀ ਫੇਰ ਲੋਕਾਂ ਨੂੰ ਨਿੰਦਾ ਸੁਣਾ ਕੇ ਓਸ ਗੰਦ ਦੀ ਛੁਹ ਉਹਨਾਂ ਨੂੰ ਲਾਉਣੀ,** ਜਿਨ੍ਹਾਂ ਦੀ ਕਰਨੀ ਉਹਨਾਂ ਨੇ ਤਪਕੇ ਅੱਗੋਂ ਕਰਨੀ, **ਐਉਂ ਲੋਕਾਂ ਨੂੰ ਨਿੰਦਾ ਦਾ ਸੁਭਾਵ ਪੈਣਾ। ਨਿੰਦਾ ਚੂਹੜੀ ਪਰ੍ਹੇ ਦੀ ਪਰਧਾਨ ਹੈ। ਡਿਊਢੀਆਂ ਵਿਚ, ਮਜਲਸਾਂ ਵਿਚ, ਹੁਜਰਿਆਂ ਵਿਚ, ਜਿੱਥੇ ਚਾਰ ਯਾਰ ਬੈਠਣ ਓਥੇ ਨਿੰਦਾ ਚੂਹੜੀ ਹੀ ਪ੍ਰਧਾਨ ਹੈ।** ਜਿੱਥੇ ਦੋ ਚਾਰ ਰਲੇ ਓਥੇ ਕਿਸੇ ਹੋਰਸ ਦੀ ਨਿੰਦਾ ਛਿੜਦੀ ਹੈ। ਫੇਰ ਇਕ ਗੱਲ ਹਾਸੇ ਵਾਲੀ ਇਹ ਹੈ ਕਿ ਉਹਨਾਂ ਨਿੰਦਾ ਕਰਨ ਵਾਲਿਆਂ ਦੀ ਨਿੰਦਾ ਹੋਰਥੇ ਪਈ ਹੁੰਦੀ ਹੈ, ਸੋ ਤੀਸਰੀ ਭੈੜੀ ਛੁਹ ਲਾਉਣ ਵਾਲੀ ਨੀਚ ਨਿੰਦਾ ਹੈ। ਚੌਥੇ ਕ੍ਰੋਧ ਸਭ ਦਾ ਵੱਡਾ ਭੈੜੀ ਛੁਹ ਵਾਲਾ ਚੰਡਾਲ ਹੈ। ਕ੍ਰੋਧ ਅੱਗ ਹੈ **ਆਪ ਬਲਦਾ ਹੈ ਤੇ ਦੂਏ ਨੂੰ ਬਾਲਦਾ ਹੈ। ਜਦੋਂ ਤੁਸਾਂ ਨਾਲ ਕੋਈ ਕ੍ਰੋਧ ਦਾ ਬਚਨ ਕਰੇ ਤੁਸਾਂ ਵਿਚ ਬੀ ਕ੍ਰੋਧ ਦੀ ਅੱਗ ਭੜਕਦੀ ਹੈ, ਹੈ ਕਿ ਨਾ ਕ੍ਰੋਧ ਛੂਹ ਲਾਉਣ ਵਾਲਾ? ਫਿਰ ਇਸ ਦੀ ਛੂਹ ਅੱਗ ਦੀ ਛੂਹ ਵਾਂਗੂੰ ਹੈ, ਆਪ ਬਲਦੀ ਹੈ ਤੇ ਜਿਸ ਨੂੰ ਛੂਹੇ ਬਾਲਦੀ ਹੈ। ਕ੍ਰੋਧ ਬਲਦਾ ਹੈ, ਜਿਸ ਤੇ ਪਵੇ ਉਸ ਨੂੰ ਸਾੜਦਾ ਹੈ। ਮਨ ਇਸ ਨਾਲ ਸੜਦਾ ਹੈ, ਤਨ ਇਸ ਨਾਲ ਸੜਦਾ ਹੈ।** ਹੁਣ ਤੁਸੀਂ ਜੁ ਚੌਂਕੇ ਵੜੇ ਹੋ ਮਨਾਂ ਵਿਚ ਕੰਘੀਆਂ ਮਾਰ ਲਓ ਕਿ ਭਿੱਟ ਦਿਤਾ ਜੇ ਕਿ ਨਾ ਚੌਂਕਾ?

ਇਹ ਬ੍ਰਾਹਮਣ ਪਹਿਲਾਂ ਸਤਿਗੁਰ ਦੇ ਵਾਕਾਂ ਨਾਲ ਕੁਛ ਸ਼ਰਧਾਲੂ ਹੋ ਕੇ ਤਾਂ ਆਏ ਸਨ, ਪਰ ਉਹਨਾਂ ਦੇ ਆਪਣੇ ਅੰਦਰਲੇ ਮਨ ਦੇ ਭਾਵ ਤੇ ਤਨ ਦੀਆਂ ਕਰਨੀਆਂ ਕਰਤੂਤਾਂ ਤਾਂ ਉਹੋ ਸਨ, ਹੁਣ ਜਦ ਉਨ੍ਹਾਂ ਨੇ ਆਪਣੇ ਅੰਦਰਲੇ ਸੁਭਾਵ ਦੀ ਮੂਰਤਿ ਖਿੱਚੀ ਗਈ ਵੇਖੀ ਤਾਂ ਚਰਨਾਂ ਤੇ ਢਹਿ ਪਏ ਤੇ ਬੋਲੇ - ਕਿਵੇਂ ਬਖਸ਼ੀਏ, ਗੁਨਾਹਵੰਦ ਹਾਂ।

ਬਖਸ਼ਣਹਾਰ ਨੇ ਤਦੋਂ ਸਲੋਕ ਗਾਵਿਆਂ -

*ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥*
*ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥*

*ਅੰਗ- ੯੧*

ਬ੍ਰਾਹਮਣ - ਹੇ ਦਾਤਾ! ਆਪਣੇ ਸੇਵਕ ਬਣਾ ਲੈ।

ਗੁਰੂ ਜੀ - ਸਾਡੀ ਸਿੱਖੀ ਕਠਨ ਹੈ, ਪਰ ਸੌਖੀ ਬੀ ਹੈ। ਜੋ ਧਨ ਤੁਸਾਂ ਪਾਸ ਹੈ ਪਾਪਾਂ ਤੋਂ ਆਇਆ ਹੈ, ਤੁਸਾਂ ਮਾੜੇ ਕੰਮਾਂ ਨਾਲ ਜੋੜਿਆ ਹੈ, ਭਗਵੰਤ ਦੇ ਨਾਮ ਤੇ ਲੁਟਾ ਦਿਓ।

ਇਹ ਸੁਣ ਕੇ ਉਹਨਾਂ ਨੇ ਮਾਇਆ ਉਸੇ ਵੇਲੇ ਵੰਡ ਦਿਤੀ। ਇਹ ਤੱਕ ਕੇ ਉਸ ਦਾਤੇ ਤੋਂ ਮਿਹਰ ਦੀਆਂ ਛਹਿਬਰਾਂ ਲੱਗ ਗਈਆਂ, ਨਾਮ ਦਾਨ ਦੀ ਦਾਤ ਬਖਸ਼ੀ ਗਈ, ਸਾਂਈਂ ਚਰਨਾਂ ਨਾਲ ਲਿਵ ਬਖਸ਼ੀ ਗਈ। ਆਪ ਨੇ ਉਨ੍ਹਾਂ ਦੇ ਮਨਾਂ ਨੂੰ ਸਾਂਈਂ ਰੁਖੀਆ ਕਰਕੇ ਹਜ਼ੂਰੀ ਵਿਚ ਹਾਜ਼ਰ ਰਹਿਣ ਵਾਲੇ ਸੁਖੀਏ ਬਨਾ ਦਿਤਾ। ਜਾਚ ਸਿਖਾ ਦਿਤੀ ਕਿ ਮਨ ਇਕ ਰਸ ਵਿਚ ਰਹੇ ਤੇ ਅੰਦਰੋਂ ਇਕ ਉਚਯਾਨ ਇਕ ਪ੍ਰਤੀਤੀ, ਹਰ ਵੇਲੇ ਸਾਂਈ ਦੇ ਨਾਲ-ਨਾਲ ਹੋਣ ਦੀ ਟੁਰੀ ਰਹੇ।

ਇਸ ਤਰ੍ਹਾਂ ਜਦ ਅਨੇਕਾਂ ਲੋਕੀਂ ਸਿੱਖ ਹੋ ਗਏ ਤੇ ਪਖੰਡ ਬਨਾਵਟ ਦੇ ਤਰੀਕੇ ਤੋਂ ਮੁੜ ਪਏ ਤਾਂ ਬ੍ਰਾਹਮਣਾਂ ਪੰਡਤਾਂ ਦਾ ਇਕ ਜੱਥਾ ਸਤਿਗੁਰ ਜੀ ਨੂੰ ਕਰਮਕਾਂਡ ਤੇ ਉਨ੍ਹਾਂ ਦੀਆਂ ਬਣੀਆਂ ਪਗਡੰਡੀਆਂ ਦੇ ਲਾਭ ਦੱਸਣ ਆਇਆ ਕਿ ਕਿਵੇਂ ਐਸੇ ਪੁਨੀਤ ਤੇ ਪ੍ਰਭਾਵਸ਼ਾਲੀ ਗੁਰੂ ਜੀ, ਉਹਨਾਂ ਬੱਝੇ ਰਾਹਾਂ ਤੇ ਟੁਰੇ ਰਹਿਣ। ਪੰਡਤਾਂ ਨੇ ਜੱਗਾਂ ਤੇ ਹੋਮਾਂ ਦੀ ਮਹਿਮਾ ਕੀਤੀ, ਪਰ ਆਪ ਨੇ ਫੁਰਮਾਇਆ –

ਭਲੀ ਗੱਲ ਸਦਾ ਭਲੀ ਹੈ, ਪਰ ਬਨਾਵਟ ਤੇ ਮਨਾਂ ਨੂੰ ਕੈਦ ਕਰਨ ਵਾਲੀ ਰੀਤਿ ਕਦੇ ਚੰਗੀ ਨਹੀਂ। ਸੱਚ ਦਾ ਢੰਡੋਰਾਂ ਅਸਾਂ ਦੇਣਾ ਹੈ, ਸੁਣੋ ਜਿਸ ਦੇ ਭਾਗ ਹਨ, ਸੁਣੋ ਤੇ ਅਨਸੁਣੀ ਕਰੋ ਜਿਨ੍ਹਾਂ ਦੇ ਅਭਾਗ ਹਨ।

ਅਗਨੀਆਂ ਵਿਚ ਅੰਨ ਘਿਉ ਪਾ ਕੇ ਹੁਣ ਖਰਾਬ ਨਾ ਕਰੋ, ਪ੍ਰਜਾ ਦੁਖੀਆਂ ਤੇ ਗਰੀਬ ਹੈ। ਸੱਚ ਦੇ ਪਿਆਰਿਆਂ ਤੇ ਨਾਮ ਵਿਚ ਲੱਗਿਆਂ ਨੂੰ ਅੰਨ ਦਿਓ, ਇਹ ਹੋਮ ਹੈ, ਇਹ ਜੱਗ ਹੈ। ਮਹਿਮਾ ਮਾਖੀ ਹੈ ਜੋ ਸੱਚ ਦੀ ਖੀਰ ਤੇ ਬਹਿ ਕੇ ਉਸ ਨੂੰ ਮਾੜੀ ਛੁਹ ਲਾ ਕੇ ਉਸ ਨੂੰ ਮਾੜਿਆਂ ਕਰਦੀ ਹੈ, ਸੱਚ ਦੇ ਸੇਵਕ ਨੂੰ ਸੱਚ ਦੀ ਓਟ ਹੈ। ਮਹਿਮਾ ਮਾਖੀ ਦੀ ਲੋੜ ਨਹੀਂ ਹੈ।

## ਗੁਰ ਨਾਨਕ ਦੇਵ ਜੀ ਦੀ ਗੰਗਾ ਯਾਤਰਾ

*ਪੱਛੋਂ ਨੂੰ ਮੂੰਹ ਕੀਤਾ ਸਤਿਗੁਰ ਖੜ੍ਹ ਗਏ ਹੋਏ ਪਸਿੱਤੇ।*
*ਪਾਣੀ ਦੇ ਬੁਕ ਭਰ ਭਰ ਕਿੰਨੇ ਡੂਹਲ ਅਗਾਹਾਂ ਦਿੱਤੇ।*
*ਪੰਜ ਚਾਰ ਜਦ ਵਾਰੀ ਏਦਾਂ ਅੰਜੁਲਿ ਭਰਭਰ ਪਾਏ।*
*ਮਰਦ ਤੀਮੀਆਂ ਹਰੀ ਦਵਾਰ ਦੇ ਤੱਕਣ ਨੀਝ ਲਗਾਏ।*
*ਲੋਕਾਂ ਆਨ ਕਿਹਾ, ਹੇ ਪੁਰਖਾ! ਉਲਟੀ ਕਾਰ ਕਰਾਵੇਂ।*
*ਪਿੱਠ ਕਰੇਂ ਸੂਰਜ ਦੇ ਵੰਨੇ ਪਾਣੀ ਕਿਨ੍ਹੂੰ ਪੁਚਾਵੇਂ?*
*ਸਤਿਗੁਰ ਕਿਹਾ, ਸੱਜਣੋ! ਪਾਣੀ ਮੈਂ ਖੇਤੀ ਨੂੰ ਪਾਵਾਂ।*
*ਸੁੱਕ ਨ ਜਾਵਣ ਖੇਤ ਖਲੋਤੇ ਏਥੋਂ ਪਿਆ ਪੁਚਾਵਾਂ।*
*ਹੱਸ ਕਿਹਾ ਲੋਕਾਂ ਨੇ, ਭਾਈ! ਮਿਲੇ ਨ ਖੇਤੀ ਸੇਤੀ,*
*ਗੰਗੋਂ ਲਏਂ ਗੰਗ ਵਿਚ ਡੁਹਲੇਂ ਦੂਰ ਰਹੀ ਤੁਧ ਖੇਤੀ।*
*ਫਿਰਸ ਕਿਹਾ ਗੁਰ, ਤੁਸੀਂ ਸੱਜਣੋਂ!*
*ਭਰ ਭਰ ਪਾਣੀ ਪਾਵੋ*
*ਸੂਰਜ ਦੇਸ਼ ਟੁਰਾਵੋ ਏਥੋਂ, ਕੀਕੂੰ ਤੋੜ ਪੁਚਾਵੋ?*
*ਮੇਰਾ ਖੇਤ ਏਸ ਹੀ ਧਰਤੀ ਓਥੇ ਜੇ ਨਹੀਂ ਜਾਵੇ,*
*ਸੂਰਜ ਮੰਡਲ ਨੀਰ ਤੁਸਾਡਾ ਕੀਕੂੰ ਹੈ ਪੁਜਜਾਵੇ?*
*ਕੰਬੀ ਖੁਭੀ ਕਲੇਜੇ ਲੋਕਾਂ, ਹਰਿਆਨੀ ਛਾ ਆਈ,*
*ਪੈਰੀਂ ਪਏ ਕਿਹਾ, ਹੇ ਦਾਤੇ! ਡੂੰਘੀ ਨੀਂਦ ਖੁਲ੍ਹਾਈ।*
*ਢਾਹੀਂ ਪਾਲ ਭਰਮ ਦੀ ਸਾਡੀ, ਸੱਚੀ ਕੁਈ ਉਸਾਰੀ।*
*ਜਲ ਤੋਂ ਕੱਢ ਨ ਸੱਟ ਬਰੇਤੀ ਸੁਹਣੀ ਠਉਰ ਉਤਾਰੀਂ।*
*ਸਤਿਗੁਰ ਨੇ ਤਦ ਸਭਨਾਂ ਵੰਨੇ ਡੂੰਘੀ ਨਜ਼ਰ ਤਕਾਈ,*
*ਸੂਰਜ ਅਪਨੇ ਨੈਣਾਂ ਵਿਚੋਂ, ਤੇਜ ਰੋਸ਼ਨੀ ਪਾਈ।*
*ਸਭਨਾਂ ਦੇ ਨੈਣਾਂ ਨੂੰ ਛੂੰਹਦੀ ਅੰਦਰ ਲੰਘੀ ਧਾਈ।*
*ਅੰਦਰ ਸੁੱਤਾ ਪਿਆ ਨੀਂਦ ਵਿਚ ਅਗਨੀ ਉਨ੍ਹਾਂ ਲਗਾਈ।*
*ਭਾਂਬੜ ਬਲ ਉਠਿਆ ਇਕ ਵਾਰੀ*
*ਸੂਰਜ ਅੰਦਰ ਚੜਿਆ,*
*ਛੁਹ ਚਾਨਣ ਦੀ ਚਾਨਣ ਲਾਯਾ, ਖੇੜਯੋਂ ਖੇੜਾ ਖਿੜਿਆਂ।*
*ਆਪਾ ਮੱਧੇ ਆਪ ਪ੍ਰਗਾਸਯਾ ਸੂਰਜ ਸਾਫ ਉਜੈਲਾ।*
*ਭਰ ਕੇ ਪਿਆਰ ਰੰਗ ਵਿਚ ਖੁਸ਼ੀਆਂ*
*ਸਭਨਾਂ ਕੂਕ ਮਚਾਈ।*
*ਧੰਨ ਗੁਰ ਨਾਨਕ, ਧੰਨ ਗੁਰ ਨਾਨਕ,*
*ਉੱਚੀ ਸੱਦ ਲਗਾਈ।*
*ਧੰਨ ਗੁਰ ਨਾਨਕ, ਧੰਨ ਗੁਰ ਨਾਨਕ,*
*ਹਰ ਜੀਭੋਂ ਗੂੰਜਾਇਆ।*
*ਜਗ ਨਿਸਤਾਰਣ ਕਾਰਣ ਧੁਰ ਤੋਂ,*
*ਗੁਰ ਨਾਨਕ ਜੇ ਆਇਆ।*
*ਖਲਕਤ ਵਧੀ ਵੇਖ ਸਤਿਗੁਰ ਨੇ,*
*ਚੱਕਰ ਨਾਮ ਚਲਾਇਆ।*
*ਭਰਮ ਮੋਹ ਮਾਇਆ ਦਾ ਪਰਦਾ,*
*ਪੁਰਜ਼ੇ ਕਰ ਦਿਖਲਾਇਆ।*
*ਸਤਿਨਾਮ ਦਾ ਚੱਕ੍ਰ ਚਲਾਇਆ, ਆਪਾ ਟੁੰਬ ਜਗਾਇਆ,*
*ਸੋਝੀ ਨੈਣ ਦਾਨ ਚਾ ਦਿਤੇ, ਜੀਆਦਾਨ ਦਿਵਾਇਆ।*
*ਘਟ ਦੀਪਕ ਦੇ ਦੀਪ ਜਗਾ ਕੇ, ਸੁਤਿਆਂ ਗੁਰੂ ਜਗਾਵੇ,*
*ਪ੍ਰੇਮ-ਸੂਰ ਨੂੰ ਆਪਣਾ ਦੇਣਾ ਜਲ ਚਾੜ੍ਹਨ ਸਿਖਲਾਵੇ।*
*ਮਨ ਮੰਦਰ ਤਨ ਵੇਸ ਕਲੰਦਰ, ਘਟ ਤੀਰਥ ਵਿਚ ਨ੍ਹਾਵੋ,*
*ਨਾਮ ਪ੍ਰਭੂ ਦਾ ਚਿੱਤ ਵਸਾਵੋ, ਮੁੜ ਕੇ ਜਨਮ ਨ ਆਵੋ।*

'ਚਲਦਾ.........।'

# ਜਪੁਜੀ ਦੇ ਪੰਜ ਖੰਡ

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-60)*

ਏਥੇ ਇਕ ਹੋਰ ਵਿਚਾਰ ਇਹ ਆਇਆ ਹੈ -

*ਸਚਾ ਆਪਿ ਸਚਾ ਦਰਬਾਰੁ ॥* *ਅੰਗ - ੭*

ਇਸ ਦੇ ਸਾਧਾਰਨ ਅਰਥ ਇਹ ਕੀਤੇ ਜਾਂਦੇ ਹਨ - ਉਹ ਮਾਲਕ ਆਪ ਸੱਚਾ ਹੈ, ਉਸ ਦਾ ਦਰਬਾਰ ਵੀ ਸੱਚਾ ਹੈ। ਇਹ ਦਰਬਾਰ ਕਿਥੇ ਹੈ? ਕੀਤੇ ਕਰਮਾਂ ਦਾ ਨਿਰਣਾ ਨਾਲੋ ਨਾਲ ਅੰਦਰ ਅੰਤਸ਼ਕਰਣ ਵਿਚ ਹੋ ਰਿਹਾ ਹੈ, ਇਹ ਮੰਨ ਲੈਣਾ ਸੌਖਾ ਹੈ, ਸਮਝ ਵਿਚ ਆ ਜਾਂਦਾ ਹੈ, ਅਨੁਭਵ ਵਿਚ ਵੀ ਆਉਂਦਾ ਹੈ ਪਰ ਸੱਚਾ ਦਰਬਾਰ ਬ੍ਰਹਿਮੰਡ ਦੇ ਕਿਸੇ ਵਿਸ਼ੇਸ਼ ਮੰਡਲ ਵਿਚ ਸਥਿਤ ਹੈ, ਜਿਥੇ ਰੱਬ ਦਾ ਦਰਬਾਰ ਸੱਜਦਾ ਹੈ ਅਤੇ ਜਿਸ ਦਾ ਅਗਲੀ ਪੰਕਤੀ ਵਿਚ ਜ਼ਿਕਰ ਹੈ -

*ਤਿਥੈ ਸੋਹਨਿ ਪੰਚ ਪਰਵਾਣੁ ॥*
*ਨਦਰੀ ਕਰਮਿ ਪਵੈ ਨੀਸਾਣੁ ॥*
*ਕਚ ਪਕਾਈ ਓਥੈ ਪਾਇ ॥*
*ਨਾਨਕ ਗਇਆ ਜਾਪੈ ਜਾਇ ॥* *ਅੰਗ- ੭*

ਅਰਥਾਤ, ਪਰਮਾਤਮਾ ਦੇ ਸੱਚੇ ਦਰਬਾਰ ਵਿਚ ਪਰਵਾਨ ਹੋਏ, ਪੁੱਗੇ ਹੋਏ ਸ੍ਰੇਸ਼ਠ ਜੀਵ, ਪੰਚ, ਸੋਭਾ ਪਾਉਂਦੇ ਹਨ। ਉਸ ਦਰਬਾਰ ਵਿਚ, ਪਰਮਾਤਮਾ ਦੀ ਬਖਸ਼ਿਸ਼ ਦੇ ਪਾਤਰ ਬਣੇ ਪੰਚ ਜਨ, ਪਰਵਾਨਗੀ ਦਾ ਨਿਸ਼ਾਨ ਹਾਸਲ ਕਰਦੇ ਹਨ। ਮਨੁੱਖ ਦੀ ਭਗਤੀ, ਕੀਤੇ ਕਰਮਾਂ ਦੀ ਕਚਿਆਈ ਅਤੇ ਪਕਿਆਈ ਦਾ ਗਿਆਨ ਅਤੇ ਨਿਰਣਾ ਇਸ ਸੱਚੇ ਦਰਬਾਰ ਵਿਚ ਹੁੰਦਾ ਹੈ। ਇਸ ਦਾ ਭੇਦ ਵੀ ਇਥੇ ਪੁਜਿਆਂ ਹੀ ਖੁਲ੍ਹਦਾ ਹੈ। ਸੱਚੇ ਦਰਬਾਰ ਦਾ ਜ਼ਿਕਰ ਬੜੇ ਸਪਸ਼ਟ ਅਤੇ ਜ਼ੋਰਦਾਰ ਸ਼ਬਦਾਂ ਵਿਚ ਕੀਤਾ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਕੇਵਲ ਬੁੱਧੀ ਦੀਆਂ ਹੱਦਾਂ ਵਿਚ ਵਿਚਰਨ ਵਾਲੇ, ਅਨੁਭਵ ਹੀਣੇ ਕਥਿਤ ਵਿਦਵਾਨ, ਲੰਬਾਈ-ਚੌੜਾਈ, ਪੁਲਾੜ ਅਤੇ ਕਾਲ ਦੀਆਂ ਹੱਦਾਂ ਵਿਚ ਵਿਚਰਨ ਵਾਲੇ ਮਨੁੱਖ ਇਨ੍ਹਾਂ ਸੀਮਾਵਾਂ ਤੋਂ ਮੁਕਤ ਪਰਮਾਤਮ ਹਸਤੀ ਦੀ ਵਚਿੱਤਰ ਖੇਡ ਦਾ ਥਹੁ ਪਤਾ ਨਹੀਂ ਲੈ ਸਕਦੇ। ਇਸ ਤੋਂ ਮੁਨਕਰ ਹੋ ਜਾਣਾ ਕਿੰਨਾ ਸੌਖਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਰਗੇ ਅਨੁਭਵੀ ਮਹਾਂਪੁਰਸ਼ਾਂ ਦੀ ਸੱਚੇ ਦਰਬਾਰ ਦੀ ਵਿਆਖਿਆ ਸੱਚ ਦੇ ਵਧੇਰੇ ਨੇੜੇ ਹੈ। ਇਹ ਉਲੇਖ ਰਾਣਾ ਸੂਰਤ ਸਿੰਘ ਵਿਚ ਪ੍ਰਾਪਤ ਹੈ। ਜਿਹੜੇ ਪੰਚ ਇਸ ਦਰਬਾਰ ਵਿਚ ਪ੍ਰਵਾਨ ਚੜ੍ਹਦੇ ਹਨ - ਉਨ੍ਹਾਂ ਦੀ ਸ਼ਖ਼ਸੀਅਤ ਦੀ ਘਾੜਤ ਜਪੁਜੀ ਦੀਆਂ ਪਹਿਲੀਆਂ 33 ਪਉੜੀਆਂ ਵਿਚ ਘੜੀ ਹੈ। ਐਸੇ ਨਾਮ ਅਭਿਆਸੀ, ***'ਸੁਣਿਆ ਮੰਨਿਆ ਮਨਿ ਕੀਤਾ ਭਾਉ॥'*** ਦੀ ਅਵਸਥਾ ਲੰਘ ਕੇ ਪੰਚ ਦੀ ਪਦਵੀ ਪ੍ਰਾਪਤ ਕਰਦੇ ਹਨ ਤੇ ਪਰਵਾਨ ਚੜ੍ਹਦੇ ਹਨ। ਗੁਰਬਾਣੀ ਵਿਚ ਧਰਮ ਦੀ ਵਿਆਖਿਆ ਕਰਦਿਆਂ ਇਸ ਸਰੀਰ ਨੂੰ ਹੀ ਧਰਮ ਕਮਾਉਣ ਦਾ ਅਸਥਾਨ ਦਸਿਆ ਹੈ, ਇਸ ਸਰੀਰ ਵਿਚ ਹੀ ਅਨਮੋਲ ਰਤਨ ਲੁਕ ਰਹੇ ਹਨ ਜੋ ਗੁਰੂ ਦੀ ਅਗਵਾਈ ਹੇਠ ਨਾਮ-ਜਪੁ-ਸਿਮਰਨ ਦੀ ਕਮਾਈ ਰਾਹੀਂ ਪ੍ਰਾਪਤ ਹੋ ਸਕਦੇ ਹਨ। ਫੁਰਮਾਨ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥* *ਅੰਗ- ੩੦੯*

ਇਹ ਸਰੀਰ ਧਰਮ ਕਮਾਉਣ ਲਈ,ਨਾਮ-ਜਪੁ-ਸਿਮਰਨ ਰਾਹੀਂ ਧਰਮ ਦੀਆਂ ਪਉੜੀਆਂ ਚੜ੍ਹਨ ਲਈ ਪ੍ਰਾਪਤ ਹੋਇਆ ਹੈ। ਸਾਡਾ ਸਾਰਾ ਆਲਾ-ਦੁਆਲਾ ਪਉਣ, ਪਾਣੀ, ਅਗਨੀ, ਚੰਦ, ਸੂਰਜ, ਧਰਤੀ, ਖੰਡ ਬ੍ਰਹਿਮੰਡ ਸਭ ਰੱਬੀ ਭੈ, ਰੱਬੀ ਹੁਕਮ ਅਰਥਾਤ ਧਰਮ ਵਿਚ ਕਿਰਿਆਸ਼ੀਲ ਹਨ, ਮਨੁੱਖ ਦਾ ਵੀ ਰੱਬੀ-ਹੁਕਮ ਵਿਚ ਕਿਰਿਆਸ਼ੀਲ ਹੋਣਾ ਉਸ ਦਾ ਧਰਮ ਹੈ। ਧਰਮ ਖੰਡ ਵਿਚ ਐਸੀ ਸੋਝੀ ਪ੍ਰਦਾਨ ਕੀਤੀ ਹੈ।

ਧਰਮ ਖੰਡ ਵਿਚ ਪਰਵਾਨ ਚੜ੍ਹੇ ਪੰਚ ਦਾ ਅਗਲਾ ਪੜਾਅ ਗਿਆਨ ਖੰਡ ਹੈ। ਇਹ ਪ੍ਰਭੂ ਦੀ ਅਨੰਤਤਾ ਅਤੇ ਬੇਅੰਤਤਾ ਦਾ ਖੰਡ ਹੈ। ਪਹਿਲਾ ਖੰਡ ਧਰਮ ਖੰਡ ਇਸ ਧਰਤੀ ਦੇ ਜੀਵਾਂ ਅਤੇ ਇਸ ਧਰਤੀ ਦੇ ਚਲਨ ਦਾ ਬਖਾਨ ਕਰਦਾ ਹੈ। ਧਰਮ ਖੰਡ ਕੇਵਲ ਇਸ ਧਰਤੀ ਦੇ ਪਵਣ, ਪਾਣੀ, ਅਗਨੀ ਦਾ ਜ਼ਿਕਰ ਕਰਦਾ ਹੈ, ਪ੍ਰੰਤੂ ਗਿਆਨ ਖੰਡ ਵਿਚ ਅਨੇਕਾਂ ਖੰਡ ਹਨ ਅਤੇ 'ਕੇਤੇ ਪਵਨ ਪਾਣੀ ਬੈਸੰਤਰ' ਦਾ ਜ਼ਿਕਰ ਹੈ। ਸਾਡੀ ਧਰਤੀ ਇਕ ਕਰਮ ਭੂਮੀ ਹੈ, ਗਿਆਨ ਖੰਡ ਦੇ ਅਨੁਭਵ ਵਿਚ 'ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ' ਦਾ ਵਿਸਥਾਰ ਹੈ। ਗਿਆਨ ਖੰਡ ਵਿਚ ਪੰਚ ਦਾ ਅਨੁਭਵ ਰੱਬੀ ਵਿਸ਼ਾਲਤਾ ਅਤੇ ਅਨੰਤਤਾ ਨੂੰ ਮਾਣਦਾ ਹੈ। ਇਸ ਅਨੁਭਵ ਵਿਚ ਅਨੇਕਾਂ ਕ੍ਰਿਸ਼ਨ, ਅਨੇਕਾਂ ਸ਼ਿਵਜੀ, ਅਨੇਕਾਂ ਬ੍ਰਹਮੇ, ਕਿੰਨੇ ਹੀ ਇੰਦਰ, ਰੱਬੀ ਹੁਕਮ ਵਿਚ ਅਨੇਕਾਂ ਘਾੜਤਾਂ ਘੜ ਰਹੇ ਹਨ, ਅਨੇਕਾਂ ਸੂਰਜਾਂ ਤਾਰਿਆਂ ਦੇ ਮੰਡਲ (ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ), ਅਨੇਕਾਂ ਸਿੱਧ, ਬੁੱਧੀਮਾਨ, ਜੋਗੀ, ਰਿਸ਼ੀ, ਮੁਨੀ ਕਈ ਪ੍ਰਕਾਰ ਦੇ ਅਨਮੋਲ ਰਤਨ ਅਤੇ ਵਿਸ਼ਾਲ ਸਮੁੰਦਰ, ਪਰਵਾਨ ਚੜ੍ਹੇ ਪੰਚ ਦੇ ਅਨੁਭਵ ਵਿਚ ਆਉਂਦੇ ਹਨ। ਉਹ ਰੱਬੀ ਕਾਇਨਾਤ ਦੀ ਵਿਸ਼ਾਲਤਾ ਵਿਚੋਂ ਪ੍ਰਭੂ ਦੇ ਹੀ ਦਰਸ਼ਨ ਦੀਦਾਰ ਕਰਦਾ ਹੈ, ਬਲਿਹਾਰ ਜਾਂਦਾ ਹੈ। ਉਸ ਨੂੰ 'ਬਲਿਹਾਰੀ ਕੁਦਰਤ ਵਸਿਆ' ਦਾ ਸਾਕਾਰਤਮਕ ਅਨੁਭਵ ਹੁੰਦਾ ਹੈ। ਇਸ ਧਰਤੀ ਤੇ ਉਪਜ ਦੀਆਂ ਚਾਰ ਖਾਣੀਆਂ, ਅੰਡਜ, ਜੇਰਜ, ਸੇਤਜ, ਉਤਭੁਜ ਮੰਨੀਆਂ ਜਾਂਦੀਆਂ ਹਨ, ਪਰ ਗਿਆਨ ਖੰਡ ਵਿਚ ਅਨੇਕਾਂ ਖਾਣੀਆਂ, ਅਨੇਕਾਂ ਬਾਣੀਆਂ ਦਾ ਅਨੁਭਵ ਹੁੰਦਾ ਹੈ-

*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥*

*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥*

*ਅੰਗ - ੭*

ਗਿਆਨ ਖੰਡ ਗਿਆਨ ਦੇ ਪ੍ਰਕਾਸ਼ ਦਾ ਖੰਡ ਹੈ ਜਿਥੇ ਪ੍ਰਭੂ ਦੀ ਵਿਸ਼ਾਲ ਕੁਦਰਤ ਅਤੇ ਅਨੰਤ ਪਸਾਰੇ ਦੇ ਪ੍ਰਤੱਖ ਦਰਸ਼ਨ ਦੀਦਾਰਾਂ ਦੀ ਬਖਸ਼ਿਸ਼ ਹੁੰਦੀ ਹੈ। ਸਾਇੰਸਦਾਨਾਂ ਦੀਆਂ ਦੂਰਬੀਨਾਂ ਵੀ ਕੁਝ-ਕੁਝ ਐਸੀ ਝਲਕ ਪ੍ਰਾਪਤ ਕਰਨ ਵਿਚ ਸਹਾਇਕ ਸਿੱਧ ਹੋਈਆਂ ਹਨ ਪਰ ਸੈਂਕੜੇ ਅਤੇ ਹਜ਼ਾਰਾਂ ਸਾਲਾਂ ਦੀ ਖੋਜ ਇਸ ਵਿਸ਼ਾਲਤਾ ਦਾ ਅੰਸ਼ ਮਾਤਰ ਹੀ ਜਾਣਨ ਵਿਚ ਸਫਲ ਹੋਈ ਹੈ। ਜਦ ਕਿ ਅੰਦਰ ਦੀ ਯਾਤਰਾ ਦੇ ਉਪਾਸਕ ਪੰਚ ਪਦਵੀ ਨੂੰ ਪ੍ਰਾਪਤ ਭਗਤ ਨੂੰ ਇਸ ਵਿਸ਼ਾਲਤਾ ਦੇ ਸੱਚੇ ਦਰਸ਼ਨ ਦੀਦਾਰ ਅਤੇ ਹੋਰ ਅਨੰਦਮਈ ਤਮਾਸ਼ੇ ਤੇ ਕੌਤਕਾਂ ਅਤੇ ਵਿਸਮਾਦਮਈ ਅਨਹਦ ਧੁਨੀਆਂ ਦਾ ਅਨੁਭਵ ਪ੍ਰਤੱਖ ਅਤੇ ਸੁਤੇ ਸਿਧ ਹੋ ਜਾਂਦਾ ਹੈ। ਗਿਆਨ ਖੰਡ ਦਾ ਲਕਸ਼ ਗੁਰੂ ਜੀ ਨੇ ਇਹ ਦਸਿਆ ਹੈ -

*ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥*
*ਤਿਥੈ ਨਾਦ ਬਿਨੋਦ ਕੋਡ ਅਨੰਦੁ ॥* *ਅੰਗ- ੭*

ਅਨੁਭਵੀ ਗਿਆਨ, ਪਰਮਾਤਮ ਰਚਨਾ ਦੀ ਵਿਸ਼ਾਲਤਾ, ਕਿਰਿਆਸ਼ੀਲਤਾ, ਅਸਚਰਜ ਕੌਤਕਾਂ, ਬ੍ਰਹਿਮੰਡ ਵਿਚ ਹੋ ਰਹੀਆਂ, ਆਨੰਦਮਈ ਧੁਨੀਆਂ ਦਾ ਗਿਆਨ ਹੈ। ਇਹ ਅੰਦਰ ਦਾ ਪ੍ਰਕਾਸ਼ ਹੈ ਜੋ ਪ੍ਰਮਾਤਮਾ ਦੀ ਨਿਕਟਤਾ ਤੋਂ ਪ੍ਰਾਪਤ ਹੁੰਦਾ ਹੈ। ਪ੍ਰਭੂ ਨਿਕਟਤਾ ਕਾਰਨ ਪ੍ਰਭੂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣੇ ਬ੍ਰਹਿਮੰਡ ਦਾ ਪ੍ਰਕਾਸ਼ ਪੰਚ ਦੇ ਪਿੰਡ ਵਿਚ ਹੀ ਬਖਸ਼ ਦਿੰਦਾ ਹੈ ਜਿਸ ਦਾ ਜ਼ਿਕਰ ਭਗਤ ਪੀਪਾ ਜੀ ਨੇ ਕੀਤਾ ਹੈ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥*
*ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥*

*ਅੰਗ- ੬੯੫*

ਧਰਮ ਖੰਡ ਦੀ ਘਾਲਣਾ ਸਦਕਾ ਸਾਧਕ ਗਿਆਨ ਖੰਡ ਵਿਚ ਪ੍ਰਵੇਸ਼ ਕਰਦਾ ਹੈ, 'ਪੰਚ ਪਦ' ਦਾ ਧਾਰਨੀ ਸਾਧਕ ਜਦੋਂ ਪ੍ਰਮਾਤਮਾ ਦੇ ਵਿਸ਼ਾਲ ਬ੍ਰਹਿਮੰਡ ਦੇ ਅਦਭੁਤ ਨਜ਼ਾਰੇ ਅੰਦਰ ਅਤੇ ਬਾਹਰ ਮਾਣਦਾ ਹੈ ਤਾਂ ਸਚਖੰਡ ਦੇ ਦਰਸ਼ਨ ਦੀਦਾਰ ਕਰਨ ਲਈ ਉਸ ਦੀ ਜਗਿਆਸਾ ਬਹੁਤ ਬਲਵਾਨ ਹੋ ਜਾਂਦੀ ਹੈ, ਉਹ ਪੂਰੇ ਬਲ ਨਾਲ ਘਾਲਣਾ ਘਾਲਣ ਲਈ ਤੱਤਪਰ ਹੋ ਜਾਂਦਾ ਹੈ।

**ਸਰਮ ਖੰਡ** ਐਸੀ ਨਾਮ ਘਾਲਣਾ, ਨਾਮ ਸਾਧਨਾ ਅਤੇ ਕਮਾਈ ਦਾ ਖੰਡ ਹੈ ਜਿਸ ਵਿਚ ਪੰਚ, ਗੁਰੂ ਮਿਹਰ ਸਦਕਾ, ਪੂਰੀ ਤਨਦੇਹੀ ਨਾਲ ਅੱਗੇ ਵਧਣ ਲਈ, ਤਤਪਰ ਹੋ ਕੇ ਮਿਹਨਤ ਕਰਦਾ ਹੈ। ਉਸ ਉਪਰ ਆਪਣੇ ਲਕਸ਼ ਦੀ ਪ੍ਰਾਪਤੀ ਦੀ ਧੁਨ ਸਵਾਰ ਹੋ ਜਾਂਦੀ ਹੈ। ਇਹ ਸਭ ਕੁਝ ਹਉਂ ਆਸਰਿਤ ਨਹੀਂ, ਗੁਰੂ-ਆਸਰਿਤ ਹੁੰਦਾ ਹੈ। ਹੁਣ ਉਸ ਨੂੰ ਦੁਨੀਆਂ ਦੀ ਕੋਈ ਖਿੱਚ ਆਪਣੇ ਲਕਸ਼ ਤੋਂ ਹੋੜ ਨਹੀਂ ਸਕਦੀ। ਵਿਸ਼ਵਾਸ਼ ਦੀ ਦ੍ਰਿੜ੍ਹਤਾ ਨਾਲ ਉਹ ਪ੍ਰਭੂ-ਮਿਲਾਪ ਲਈ ਘਾਲਣਾ ਘਾਲਦਾ ਅੱਗੇ ਵਧਦਾ ਹੈ। ਇਸ ਘਾਲਣਾ ਵਿਚੋਂ ਉਸ ਨੂੰ ਵਿਸਮਾਦ-ਜਨਕ ਅਨੰਦ ਆਉਂਦਾ ਹੈ। ਇਸ ਖੰਡ ਦਾ ਮੁੱਖ ਲਕਸ਼ ਸੁੰਦਰਤਾ ਹੈ। ਨਾਮ ਦੀ ਘਾਲਣਾ ਵਿਚ ਜਗਿਆਸੂ ਦਾ ਅਤੀ ਸੁੰਦਰ ਸਰੂਪ ਘੜਿਆ ਜਾਂਦਾ ਹੈ। ਇਥੇ ਪੁਜਿਆਂ ਦੀ ਸੁਰਤਿ, ਮਤ, ਮਨ ਅਤੇ ਬੁੱਧੀ ਨੂੰ ਸੱਚੀ ਟਕਸਾਲ ਵਿਚ ਨਿਰਮਲ, ਸ਼ੁੱਧ, ਸੁੰਦਰ, ਸਰੂਪ ਪ੍ਰਾਪਤ ਹੁੰਦਾ ਹੈ। ਮਨ ਵਿਚ ਅਡੋਲਤਾ, ਸਹਜ ਅਤੇ ਅਨੰਦ ਆ ਵਸਦਾ ਹੈ। ਇਸ ਖੰਡ ਵਿਚ ਦੇਵਤਿਆਂ ਅਤੇ ਸਿੱਧਾਂ ਵਾਲੀ ਬਿਬੇਕ ਬੁੱਧੀ ਅਤੇ ਉੱਚੀ ਸੁਰਤਿ ਦੀ ਬਖਸ਼ਿਸ਼ ਹੁੰਦੀ ਹੈ। ਇਸ ਦਾ ਬਿਆਨ ਕਰਨਾ ਬੜਾ ਕਠਨ ਹੈ। ਸਰਮ ਖੰਡ ਦਾ ਵਿਸ਼ੇਸ਼ ਲਕਸ਼ ਇਹ ਹੈ -

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਅੰਗ - ੮*

ਨਿਰਮਲ ਹੋਏ ਮਨਿ ਬੁਧਿ ਵਿਚੋਂ ਇਹ ਅਨੁਭਵ ਉਜਾਗਰ ਹੁੰਦਾ ਹੈ ਕਿ ਅਗਲਾ ਪੈਂਡਾ, ਸਚਖੰਡ ਦਾ ਮਾਰਗ ਕੇਵਲ ਅਤੇ ਕੇਵਲ ਬਖਸ਼ਿਸ਼ ਦਾ ਮਾਰਗ ਹੈ। ਬਖਸ਼ਿਸ਼ ਮੰਗਦਾ ਉਹ ਬਖਸ਼ਿਸ਼ ਦਾ ਰੂਪ ਹੋ ਜਾਂਦਾ ਹੈ ਅਤੇ ਬਖਸ਼ਿਸ਼ ਦੇ ਖੰਡ ਵਿਚ ਜਾ ਪ੍ਰਵੇਸ਼ ਕਰਦਾ ਹੈ। ਕਰਮ ਖੰਡ ਐਸਾ ਹੀ ਬਖਸ਼ਿਆਂ ਹੋਇਆਂ ਦਾ ਖੰਡ ਜਾਂ ਮੰਡਲ ਹੈ। ਇਸ ਮੰਡਲ ਵਿਚ ਸੂਰੇ, ਵਰਿਆਮ ਵਸਦੇ ਹਨ, ਪ੍ਰਭੂ ਨਾਮ ਦੇ ਸੂਰੇ ਜਿਨ੍ਹਾਂ ਬਾਰੇ ਗੁਰਬਾਣੀ ਵਿਚ ਕਿਹਾ ਹੈ -

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥*

*ਅੰਗ - ੬੭੦*

ਇਸ ਖੰਡ ਵਿਚ ਦਵੰਦ-ਬਿਰਤੀ ਵਾਲੇ, ਡੋਲ ਜਾਣ ਵਾਲੇ, ਕੱਚੇ ਕਮਜ਼ੋਰਾਂ ਦਾ ਕੋਈ ਥਾਂ ਨਹੀਂ। ਇਹ ਅਸਥਾਨ ਕਰੜੀ ਘਾਲਣਾ ਪਿਛੋਂ ਬਖਸ਼ਿਸ਼ ਨੂੰ ਪ੍ਰਾਪਤ ਹੋਏ ਮਨੁੱਖਾਂ ਲਈ ਹੈ, ਜਿਨ੍ਹਾਂ ਬਾਰੇ ਅੰਤਲੇ ਸਲੋਕ ਵਿਚ ਇੰਜ ਕਿਹਾ ਗਿਆ ਹੈ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥*

*ਅੰਗ- ੮*

ਕਰਮ ਖੰਡ ਵਿਚ ਐਸੇ ਉਜਲੇ ਮੁੱਖ ਵਾਲੇ ਸੂਰਮਿਆਂ ਦਾ ਵਾਸਾ ਹੈ ਜਿਨ੍ਹਾਂ ਦੇ ਹਿਰਦਿਆਂ ਵਿਚ ਸਰਬ ਵਿਆਪਕ ਰਾਮ ਵਸਦਾ ਹੈ, ਸੱਚ ਨੂੰ ਜਾਣਨ ਵਾਲੇ, ਸੱਚ ਨੂੰ ਅਨੁਭਵ ਕਰਨ ਵਾਲੇ, 'ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥' ਕਸਵੱਟੀ ਤੇ ਪੂਰੇ ਉਤਰਨ ਵਾਲੇ ਐਸੇ ਮਹਾਂਬਲੀਆਂ ਦਾ ਮਨ-ਚਿਤ ਸਦਾ ਹੀ ਰੱਬੀ ਮਹਿਮਾ ਵਿਚ ਸੀਤਾ, ਪਰੋਤਾ ਰਹਿੰਦਾ ਹੈ, ਉਨ੍ਹਾਂ ਦੇ ਸੁੰਦਰ ਸਰੂਪ ਦਾ ਕਥਨ ਨਹੀਂ ਹੋ ਸਕਦਾ। ਐਸੇ ਬਲਵਾਨ ਜੋਧੇ, ਸੰਤ, ਬਖਸ਼ਿਸ਼ ਪ੍ਰਾਪਤ ਮਹਾਂਪੁਰਸ਼, ਕਾਲ ਸੀਮਾ ਤੋਂ ਬਾਹਰ ਹੁੰਦੇ ਹਨ, ਜੰਮਦੇ ਮਰਦੇ ਨਹੀਂ, ਨਾ ਹੀ ਨੀਵੀਆਂ ਮਾਇਕ ਕੌਤਕਾਂ ਨਾਲ ਕਦੇ ਵੀ ਠੱਗੇ ਜਾਂਦੇ ਹਨ, ਅਰਥਾਤ ਉਹ ਨੀਵਾਣ ਵਲ ਖਿੱਚੇ ਜਾਣ ਵਾਲੀ ਅਵਸਥਾ ਲੰਘ ਚੁੱਕੇ ਹਨ।

ਇਸ ਖੰਡ ਬਾਰੇ ਅਗਲੀ ਵਿਚਾਰ ਇਹ ਦਸੀ ਹੈ ਕਿ ਏਥੇ ਕਈ ਲੋਕਾਂ ਦੇ ਭਗਤ ਵਸਦੇ ਹਨ। ਉਨ੍ਹਾਂ ਦੇ

ਹਿਰਦੇ ਵਿਚ ਸੱਚਾ ਪ੍ਰਭੂ ਵਸਦਾ ਹੈ ਅਤੇ ਉਹ ਇਸ ਮਿਲਾਪ ਦਾ ਸਦੀਵ ਅਨੰਦ ਮਾਣਦੇ ਹਨ। 'ਤਿਥੈ ਭਗਤ ਵਸਹਿ ਕੇ ਲੋਅ' ਦਾ ਸਪਸ਼ਟ ਭਾਵ ਹੈ ਕਿ ਬ੍ਰਹਿਮੰਡ ਵਿਚ ਕਈ ਐਸੇ ਲੋਕ ਹਨ, ਗ੍ਰਹਿ ਹਨ, ਧਰਤੀਆਂ ਹਨ ਜਿਥੇ ਜੀਵਨ ਹੈ, ਜਿਥੈ ਪ੍ਰਭੂ ਭਗਤੀ ਵਿਚ ਵਿਲੀਨ ਸੰਤ ਮਹਾਤਮਾ ਵਸਦੇ ਹਨ ਅਤੇ 'ਕਰਮ ਖੰਡ' ਵਿਚ ਵਰਣਿਤ ਉੱਚੀਆਂ ਅਵਸਥਾ ਨੂੰ ਪ੍ਰਾਪਤ ਹਨ। ਗਿਆਨ ਖੰਡ ਵਿਚ ਵੀ ਇਹੋ ਕਿਹਾ ਹੈ ਕਿ ਕਿਤਨੀਆਂ ਹੀ ਕਰਮ ਧਰਮ ਕਮਾਉਣ ਵਾਲੀਆਂ ਧਰਤੀਆਂ ਹਨ, 'ਕੇਤੀਆ ਕਰਮ ਭੂਮੀ' ਕਿਤਨੇ ਹੀ ਸੂਰਜ, ਚੰਦਰਮੇ, ਤਾਰਿਆਂ ਦੇ ਮੰਡਲ ਅਤੇ ਅਣਗਿਣਤ ਦੇਸ ਹਨ – 'ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥' ਸੋ ਇਸ ਅਵਸਥਾ ਨੂੰ ਪ੍ਰਾਪਤ ਭਗਤ ਕਈ ਲੋਕਾਂ ਧਰਤੀਆਂ ਤੇ ਵਸਦੇ ਹਨ। ਐਸਾ ਹਾਲੀ ਸਾਇੰਸ ਦੀ ਲੱਭਤ ਤੋਂ ਬਾਹਰ ਹੈ। ਸਾਡੀ ਸਮਝ ਅਤੇ ਪਹੁੰਚ ਤੋਂ ਬਾਹਰ ਹੈ ਪਰ ਗੁਰੂ ਵਿਚ ਵਿਸ਼ਵਾਸ਼ ਰੱਖਣ ਵਾਲਿਆਂ ਦਾ ਇਸ ਕਥਨ ਵਿਚ ਪੂਰਾ ਨਿਸ਼ਚਾ ਹੈ।

ਕਰਮ ਖੰਡ ਸਾਡੇ ਅੰਦਰ ਵੀ ਹੈ ਅਤੇ ਸਥੂਲ ਰੂਪ ਵਿਚ ਐਸੀ ਭੂਮੀ ਜਾਂ ਖੰਡ ਦੀ ਸੰਭਾਵਨਾ ਵੀ ਹੈ, ਜਿਥੇ ਬਖਸ਼ਿਸ਼ ਪ੍ਰਾਪਤ ਆਤਮਾਵਾਂ ਵਸਦੀਆਂ ਹਨ – 'ਤਿਥੈ ਭਗਤ ਵਸਹਿ ਕੇ ਲੋਅ' ਐਸੇ ਲੋਕ ਦੀ ਹੋਂਦ ਵਲ ਇਸ਼ਾਰਾ ਹੈ।

ਕੋਈ ਅਨੁਭਵੀ ਮਹਾਂਪੁਰਸ਼ ਆਪਣੇ ਤਜਰਬੇ ਦੇ ਆਧਾਰ ਤੇ ਹੀ ਇਸ ਦਾ ਨਿਰਣਾ ਕਰ ਸਕਦਾ ਹੈ ਪਰ ਇਸ ਦੀ ਸੰਭਾਵਨਾ ਤੋਂ, ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਏਥੇ ਵਸਦੀਆਂ ਆਤਮਾਵਾਂ ਦਾ ਜੀਵਨ ਇਸ ਧਰਤੀ ਤੇ ਵਸਦੇ ਮਨੁੱਖਾਂ ਨਾਲੋਂ ਹੋਰ ਪ੍ਰਕਾਰ ਦਾ ਹੁੰਦਾ ਹੈ।

ਸੱਚਖੰਡ ਅਗਲਾ ਖੰਡ ਹੈ – ਜੋ ਪ੍ਰਮਾਤਮਾ ਦਾ, ਨਿਰੰਕਾਰ ਦਾ ਨਿੱਜ ਅਸਥਾਨ ਹੈ ਜਿਥੋਂ ਉਹ ਬ੍ਰਹਿਮੰਡ ਨੂੰ ਪੈਦਾ ਕਰਕੇ ਵੇਖਦਾ ਹੈ, ਆਪਣੀ ਕਿਰਤ ਨੂੰ ਹੁਕਮ ਅਨੁਸਾਰ ਸੰਚਾਲਨ ਕਰਦਾ ਹੈ, ਸੰਭਾਲਦਾ ਹੈ, ਮਿਹਰ ਭਰੀ ਦ੍ਰਿਸ਼ਟੀ ਕਰਦਾ ਹੈ ਅਤੇ ਨਿਹਾਲ ਹੁੰਦਾ ਹੈ। ਇਹ ਸਭ ਕੁਝ ਕਰਨ ਲਈ ਉਸ ਨੂੰ ਕੋਈ ਵਿਸ਼ੇਸ਼ ਉਦਮ ਨਹੀਂ ਕਰਨਾ ਪੈਂਦਾ, ਨਾ ਹੀ ਕੋਈ ਵਿਸ਼ੇਸ਼ ਸਮਾਂ ਲਗਦਾ ਹੈ। 'ਕੀਤਾ ਪਸਾਉ ਏਕੋ ਕਵਾਉ।' ਅਨੁਸਾਰ ਇਹ ਸਭ ਰਚਨਾ ਇਕ ਫੁਰਨੇ ਦਾ ਪ੍ਰਤੀਕਰਮ ਹੈ। ਇਸ ਫੁਰਨੇ ਨਾਲ ਅਨੇਕਾਂ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦੀ ਰਚਨਾ ਹੋ ਰਹੀ ਹੈ ਜਿਸ ਦਾ ਕੋਈ ਲੇਖਾ ਜੋਖਾ ਨਹੀਂ ਹੋ ਸਕਦਾ। ਇਸ ਬੇਅੰਤ ਰਚਨਾ ਵਿਚ ਅਨੇਕਾਂ ਲੋਕਾਂ, ਦੇਸ਼ਾਂ ਅਤੇ ਇਨ੍ਹਾਂ ਵਿਚ ਪ੍ਰਵੇਸ਼ ਕਰਨ ਵਾਲੇ ਬੇਅੰਤ ਜੀਅ ਜੰਤ ਸ਼ਾਮਲ ਹਨ ਜਿਨ੍ਹਾਂ ਦਾ ਕਥਨ ਕਰਨਾ ਬਹੁਤ ਕਠਨ ਹੈ। ਇਹ ਸਭ ਰਚਨਾ ਹੁਕਮ ਵਿਚ ਕਿਰਿਆਸ਼ੀਲ ਹੈ। ਨਿਰੰਕਾਰ ਸਭ ਕਿਰਤ ਨੂੰ ਕਿਰਿਆਸ਼ੀਲ ਹੁੰਦਾ ਵੇਖਦਾ ਤੇ ਵਿਗਸਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਸੱਚਖੰਡ ਦੀ ਵਿਥਿਆ ਨੂੰ ਦਸਣਾ ਬੜਾ ਕਠਨ ਹੈ।

ਇਸ ਵਿਆਖਿਆ ਅਨੁਸਾਰ ਜੇ ਨਿਰੰਕਾਰ ਦਾ ਵਾਸਾ 'ਸੱਚਖੰਡ' ਵਿਚ ਹੈ, ਜਿਥੋਂ ਉਹ ਰਚਨਾ ਰਚਦਾ ਤੇ ਸੰਭਾਲ ਕਰਦਾ ਹੈ, ਤਾਂ ਉਸ ਦੀ ਹੋਂਦ ਇਕ ਵਿਸ਼ੇਸ ਖੰਡ ਵਿਚ ਸੀਮਤ ਹੋ ਜਾਂਦੀ ਹੈ ਜਦਕਿ ਪਰਮਾਤਮਾ ਸਭ ਥਾਂ ਪਰੀਪੂਰਨ ਹੈ। ਐਸੀ ਮੁਸ਼ਕਲ ਸਾਡੀ ਸਰੀਰਕ ਸੀਮਾ ਤੋਂ ਅਤੇ ਸੀਮਤ ਮਨ ਬੁੱਧੀ ਤੋਂ ਪੈਦਾ ਹੁੰਦੀ ਹੈ। ਪਰਮਾਤਮਾ ਦੀ ਵਚਿੱਤਰ ਲੀਲਾ ਹੈ, ਉਹ ਪਰੀਪੂਰਨ ਵੀ ਹੈ, ਨਿਰਲੇਪ ਵੀ ਹੈ। ਉਹ ਸਰਗੁਣ ਵੀ ਹੈ, ਨਿਰਗੁਣ ਵੀ।

*ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥*
*ਕਲਾ ਧਾਰਿ ਜਿਨਿ ਸਗਲੀ ਮੋਹੀ ॥* *ਅੰਗ – ੨੮੭*

ਇਹ ਉਸ ਦੀ ਕਲਾ ਹੈ ਜਿਸ ਤੋਂ ਵਚਿੱਤਰ ਵਿਚਾਰ ਉਤਪੰਨ ਹੁੰਦੇ ਹਨ। ਜਪੁਜੀ ਸਾਹਿਬ ਵਿਚ ਫੁਰਮਾਇਆ ਹੈ –

*ਗਾਵੈ ਕੋ ਜਾਪੈ ਦਿਸੈ ਦੂਰਿ ॥*
*ਗਾਵੈ ਕੋ ਵੇਖੈ ਹਾਦਰਾ ਹਦੂਰਿ ॥* *ਅੰਗ – ੨*

ਉਹ ਪਰੀਪੂਰਨ ਵੀ ਹੈ, ਨਿਰਲੇਪ ਵੀ ਹੈ। ਸ੍ਰਿਸ਼ਟੀ ਦੀ ਰਚਨਾ ਕਰਕੇ ਆਪ ਵਿਚ ਪਰੀਪੂਰਨ ਹੋ ਗਿਆ, ਆਸਣ ਜਮਾ ਕੇ ਬੈਠ ਗਿਆ –

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਅੰਗ – ੪੬੩*

ਉਹ ਰਚਨਹਾਰ ਹੈ, ਕਰਤਾ ਪੁਰਖ ਹੈ, ਉਹ ਰਚਨਾ ਕਰਦਾ ਹੈ। ਉਸ ਦਾ ਰੂਪ ਪਰੀਵਰਤਨ ਨਹੀਂ ਹੋਇਆ, ਜਿਵੇਂ ਦੁੱਧ ਤੋਂ ਦਹੀਂ ਬਣ ਜਾਂਦਾ ਹੈ ਤਾਂ ਦੁੱਧ ਦੀ ਹੋਂਦ ਖਤਮ ਹੋ ਜਾਂਦੀ ਹੈ, ਦੁੱਧ-ਦੁੱਧ ਨਹੀਂ ਰਹਿੰਦਾ। ਐਸੀ ਗੱਲ ਨਹੀਂ। ਪਰਮਾਤਮਾ ਰਚਨਾ ਰਚ ਕੇ, 'ਬੈਠਾ ਵੇਖੈ ਵਖ ਅਕੇਲਾ' ਉਸ ਦੀ ਸੰਭਾਲ ਕਰਦਾ ਹੈ। ਰਚਨਾ ਵਿਚ ਵਿਦਮਾਨ ਵੀ ਹੈ, ਵੱਖਰਾ ਵੀ। ਰਚਨਾ ਪ੍ਰਮਾਤਮਾ ਤੋਂ ਹੋਈ, ਉਹ ਆਪ ਇਸ ਵਿਚ ਵਿਦਮਾਨ ਹੈ, ਪਰ ਉਹ ਕੇਵਲ ਰਚਨਾ ਨਹੀਂ। ਰਚਨਾ ਉਸ ਦੀ ਖੇਡ ਹੈ, ਲੀਲ੍ਹਾ ਹੈ। ਦਰਅਸਲ ਉਹ ਸਭ ਕੁਝ ਆਪ ਹੀ ਆਪ ਹੈ। ਬਿਹਾਗੜੇ ਦੀ ਵਾਰ ਮਹਲਾ 5 ਦੀਆਂ 21 ਪਉੜੀਆਂ ਵਿਚ ਇਹੋ ਵਿਸ਼ਾ ਲਿਆ ਹੈ – ਸਪਸ਼ਟਤਾ ਹਿਤ 2 ਪਉੜੀਆਂ ਹਾਜ਼ਰ ਹਨ –

*ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ ॥*
*ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ ॥*
*ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ ॥*
*ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ ॥*
*ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ ॥*
*ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰੁ ॥*
*ਅੰਗ – ੫੫੫*

*ਆਪੇ ਜੰਤ ਉਪਾਇਅਨੁ ਆਪੇ ਆਧਾਰੁ ॥*
*ਆਪੇ ਸੂਖਮੁ ਭਾਲੀਐ ਆਪੇ ਪਾਸਾਰੁ ॥*
*ਆਪਿ ਇਕਾਤੀ ਹੋਇ ਰਹੈ ਆਪੇ ਵਡ ਪਰਵਾਰੁ ॥*
*ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਣਾਰੁ ॥*
*ਹੋਰੁ ਦਾਤਾਰੁ ਨ ਸੁਝਈ ਤੂ ਦੇਵਣਹਾਰੁ ॥ ੨੧ ॥ ੧ ॥ ਸੁਧੁ ॥*
*ਅੰਗ- ੫੫੬*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-50)*

*ੴ ਸਤਿਗੁਰ ਪ੍ਰਸਾਦਿ॥*

ਸਿਰੀਰਾਗੁ ਮਹਲਾ ੧

**ਭਲੀ ਸਰੀ ਜਿ ਉਬਰੀ;**
**ਹਉਮੈ ਮੁਈ ਘਰਾਹੁ॥**

ਬਹੁਤ ਭਲੀ=ਚੰਗੀ ਸਰੀ=ਹੋਈ ਜਿ=ਜੋ ਉਨ੍ਹਾਂ ਮਹਾਤਮਾ ਦੀ ਗੁਰ ਉਪਦੇਸ਼ ਦੁਆਰਾ ਬੁੱਧੀ ਵਾ: ਜ਼ਿੰਦਗੀ ਅਵਿਦਿਆ ਆਦਿ ਔਗੁਣਾਂ ਤੋਂ ਉਬਰੀ=ਬਚ ਗਈ ਅਤੇ ਹਉਮੈ=ਹੰਗਤਾ, ਮਮਤਾ ਵੀ ਦੇਹ ਰੂਪੀ ਘਰਾਹੁ=ਘਰ ਵਿਚੋਂ ਮੁਈ=ਮਰ ਗਈ ਹੈ, ਭਾਵ ਜੋ ਹਉਮੈ ਦੇਹ ਰੂਪੀ ਘਰਵਾਲੀ ਬਣੀ ਬੈਠੀ ਸੀ, ਜੋ ਕਹਿੰਦੀ ਸੀ ਮੈਂ ਦੇਹ ਹਾਂ ਜਾਂ ਦੇਹ ਮੇਰੀ ਹੈ, ਮੇਰਾ ਪਰਿਵਾਰ, ਮੇਰੇ ਸੰਬੰਧੀ ਆਦਿ ਕਹਿੰਦੀ ਸੀ, ਉਹ ਮਰ ਗਈ ਹੈ।

**ਦੂਤ ਲਗੇ ਫਿਰਿ ਚਾਕਰੀ;**
**ਸਤਿਗੁਰੁ ਕਾ ਵੇਸਾਹੁ॥**

ਸਤਿਗੁਰੂ ਦੀ ਕ੍ਰਿਪਾ ਦਾ ਸਦਕਾ ਕਾਮ ਕ੍ਰੋਧਾਦਿਕ ਦੂਤ ਜੋ ਦੁੱਖ ਦੇਣ ਵਾਲੇ ਸਨ, ਉਹ ਹੁਣ ਉਨ੍ਹਾਂ ਦੀ ਚਾਕਰੀ=ਨੌਕਰੀ ਵਾ: ਸੇਵਾ 'ਚ ਲੱਗ ਗਏ ਹਨ। ਜਦ ਤੋਂ ਉਨ੍ਹਾਂ ਨੇ ਸਤਿਗੁਰੂ ਜੀ ਕਾ=ਦਾ ਵੇਸਾਹੁ=ਭਰੋਸਾ ਕੀਤਾ ਹੈ ਵਾ: ਉਨ੍ਹਾ ਦੇ ਦਿਲ ਵਿਚ ਸਤਿਗੁਰ ਪਾਸੋਂ ਨਾਮ ਨੂੰ ਵੇਸਾਹੁ=ਖਰੀਦਿਆਂ ਹੈ ਵਾ: ਉਦੋਂ ਤੋਂ ਕਾਮਾਦਿ ਵਿਕਾਰ ਸੇਵਾ 'ਚ ਲੱਗ ਗਏ ਹਨ, ਜਿਨ੍ਹਾਂ ਕਾਮ ਆਦਿਕ ਵਿਕਾਰਾਂ ਦੀ ਮਾਰੀ ਸਾਰੀ ਦੁਨੀਆਂ ਫਿਰਦੀ ਹੈ।

**ਕਲਪ ਤਿਆਗੀ, ਬਾਦਿ ਹੈ;**
**ਸਚਾ ਵੇਪਰਵਾਹੁ॥**

ਜਿੰਨੀ ਉਨ੍ਹਾਂ ਦੇ ਅੰਦਰ ਕਲਪ=ਕਲਪਨਾ ਫੁਰਦੀ ਸੀ ਤੇ ਜਿਸ ਦੇ ਕਾਰਨ ਬਾਦਿ=ਝਗੜੇ ਚਲਦੇ ਰਹਿੰਦੇ ਸਨ ਭਾਵ ਔਗੁਣ ਕਰਦੇ ਸੀ, ਉਹ ਕਲਪਨਾ ਤਿਆਗ ਦਿਤੀ ਹੈ।

**ਮਨ ਰੇ; ਸਚੁ ਮਿਲੈ ਭਉ ਜਾਇ॥**

ਹੇ ਮਨ! ਸੱਚੇ ਨਾਮ ਦੇ ਮਿਲਣ ਨਾਲ ਜੰਮਣ ਮਰਣ ਦਾ ਭਉ=ਭੈ ਚਲਾ ਜਾਂਦਾ ਹੈ ਵਾ: ਵਾਰ-ਵਾਰ ਜੂਨੀਆਂ 'ਚ ਭਉ=ਭਾਉਣਾ ਖਤਮ ਹੋ ਜਾਂਦਾ ਹੈ, ਭਾਵ ਪ੍ਰਭੂ ਸਿਮਰਨ ਨਾਲ ਸੱਤੇ ਪ੍ਰਕਾਰ ਦਾ ਭੈ ਖਤਮ ਹੋ ਜਾਂਦਾ ਹੈ।

**ਭੈ ਬਿਨੁ ਨਿਰਭਉ ਕਿਉ ਥੀਐ;**
**ਗੁਰਮੁਖਿ ਸਬਦਿ ਸਮਾਇ॥੧॥ਰਹਾਉ॥**

ਜਿੰਨੀ ਦੇਰ ਤੱਕ ਮਨੁੱਖ ਵਾਹਿਗੁਰੂ ਦਾ ਭੈ ਨਹੀਂ ਧਾਰਦਾ, ਓਨੀ ਦੇਰ ਤੱਕ ਨਿਰਭਉ=ਭੈ ਤੋਂ ਰਹਿਤ ਕਿਵੇਂ ਥੀਐ=ਹੋ ਸਕਦਾ ਹੈ? ਭਾਵ ਨਹੀਂ ਹੋ ਸਕਦਾ ਵਾ: ਸਤਿਗੁਰਾਂ ਦੇ ਭੈ ਤੋਂ ਬਿਨਾਂ ਜੀਵ ਕਾਲ ਦੇ ਭੈ ਤੋਂ ਵਾ: ਜਮਾਂ ਦੇ ਭੈ ਤੋਂ ਵਾ: ਸੱਤੇ ਪ੍ਰਕਾਰ ਦੇ ਭੈਅ ਤੋਂ ਕਿਵੇਂ ਨਿਰਭਉ ਹੋ ਸਕਦਾ ਹੈ ਭਾਵ ਨਹੀਂ ਹੋ ਸਕਦਾ।

ਜੇਕਰ ਗੁਰਮਖਿ=ਮੁਖੀ ਸਤਿਗੁਰਾਂ ਦੁਆਰਾ ਸਬਦਿ=ਉਪਦੇਸ਼ ਵਿਚ ਸਮਾਇ=ਲੀਨ ਹੋ ਜਾਵੇ ਤਾਂ ਦੁਨੀਆਂ ਦੇ ਸਾਰੇ ਭੈਆਂ ਤੋਂ ਰਹਿਤ ਹੋ ਸਕਦਾ ਹੈ ਤੇ ਨਿਰਭਉ ਪਦ ਦੀ ਪ੍ਰਾਪਤੀ ਹੋ ਸਕਦੀ ਹੈ।

**ਕੇਤਾ ਆਖਣੁ ਆਖੀਐ;**
**ਆਖਣਿ ਤੋਟਿ ਨ ਹੋਇ॥**

ਕਿਤਨੇ ਆਖਣੁ=ਅਖਾਣਾਂ (ਪ੍ਰਸੰਗ) ਨੂੰ ਭਾਵੇਂ ਕਿੰਨਾ ਹੀ ਕਹੀਏ ਵਾ: ਸ਼ਾਸਤਰਾਂ ਸਿਮ੍ਰਤੀਆਂ ਦੇ ਅਖਾਣਾਂ ਨੂੰ ਭਾਵੇਂ ਕਿੰਨਾ ਹੀ ਕਹੀਏ। ਤਦ ਵੀ ਹੇ ਪ੍ਰਭੂ! ਆਖਣ ਨਾਲ ਤੇਰੇ ਕਥਨ ਦਾ ਤੋਟਿ=ਘਾਟਾ ਨਹੀਂ ਆ ਸਕਦਾ, ਕਿਉਂਕਿ ਤੂੰ ਅਕੱਥ ਤੇ ਬੇਅੰਤ ਹੈਂ ਵਾ: ਜੋ ਵੀ ਪਰਮੇਸ਼ਰ ਦਾ ਜਸ ਕਹਿੰਦਾ ਹੈ, ਉਸ ਨੂੰ ਤੋਟ ਨਹੀਂ ਆਉਂਦੀ, ਜੈਸਾ ਕਿ -

*ਰਸਨਾ ਧਰੈ ਕਈ ਜੋ ਕੋਟਾ।*
*ਤਦਪਿ ਗਨਤ ਤਿਹ ਪਰਤ ਸੁ ਤੋਟਾ॥*
*(ਸ੍ਰੀ ਦਸਮ ਗ੍ਰੰਥ, ਬਚਿੱਤਰ ਨਾਟਕ, ਪੰਨਾ ੫੯)*

**ਮੰਗਣ ਵਾਲੇ ਕੇਤੜੇ; ਦਾਤਾ ਏਕੋ ਸੋਇ॥**

ਉਸ ਦੇ ਦਰ ਤੋਂ ਮੰਗਣ ਵਾਲੇ ਕੇਤੜੇ=ਕਿੰਨੇ ਹੀ ਹਨ। ਪਰ ਸੋਇ=ਉਹ ਦਾਤਾ=ਦਾਤਾਂ ਦੇਣ ਵਾਲਾ ਇੱਕੋ ਅਕਾਲ ਪੁਰਖ ਹੀ ਹੈ, ਭਾਵ ਤੱਤ ਪਦ ਦਾ ਅਲਖ ਰੂਪ ਜੋ ਅਪਰੰਪਰ ਮਾਲਕ ਹੈ।

**ਜਿਸ ਕੇ ਜੀਅ ਪਰਾਣ ਹੈ;**
**ਮਨਿ ਵਸਿਐ ਸੁਖੁ ਹੋਇ॥੨॥**

ਜਿਸ ਵਾਹਿਗੁਰੂ ਕੇ=ਦੇ ਸਾਰਿਆਂ ਜੀਅ=ਜੀਵਾਂ ਨੂੰ ਪ੍ਰਾਣ ਦਿਤੇ ਹੋਏ ਹਨ, ਭਾਵ ਜਿਸ ਦਾ ਸਦਕਾ ਸੂਖਮ ਜਾਂ ਅਸਥੂਲ ਸਰੀਰਾਂ 'ਚ ਪ੍ਰਾਣ ਵਸ ਰਹੇ ਹਨ, ਹੇ ਭਾਈ! ਜੇਕਰ ਉਹ (ਪ੍ਰਭੂ) ਮਨ ਵਿਚ ਵਸ ਜਾਵੇ ਤਾਂ ਸੁੱਖਾਂ ਦੀ ਪ੍ਰਾਪਤੀ ਹੋਇ=ਹੁੰਦੀ ਹੈ।

**ਜਗੁ ਸੁਪਨਾ ਬਾਜੀ ਬਨੀ;**
**ਖਿਨ ਮਹਿ ਖੇਲੁ ਖੇਲਾਇ॥**

ਇਹ ਸਾਰਾ ਸੰਸਾਰ ਸੁਪਨੇ ਜਾਂ ਬਾਜੀਗਰ ਦੀ ਬਾਜੀ=ਖੇਲ੍ਹ ਦੀ ਨਿਆਈਂ ਹੈ, ਭਾਵ ਜਿਵੇਂ ਕੋਈ ਕੰਗਾਲ ਵਿਅਕਤੀ ਸੁਪਨੇ 'ਚ ਰਾਜਾ ਬਣ ਕੇ ਬਹੁਤ ਸਾਰੀ ਸਪੰਤੀ

ਬਿਭੂਤੀ ਦਾ ਮਾਲਕ ਬਣ ਬੈਠੇ ਤੇ ਹੰਕਾਰ ਕਰੇ, ਪਰ ਅੱਖਾਂ ਖੁਲ੍ਹਣ 'ਤੇ ਕੰਗਾਲ ਹੀ ਹੁੰਦਾ ਹੈ। ਇਸੇ ਤਰ੍ਹਾਂ ਕੋਈ ਬਾਜੀਗਰ ਜਿਵੇਂ ਕਨਾਤ ਦੇ ਅੰਦਰ ਹੀ ਅਨੇਕਾਂ ਤਰ੍ਹਾਂ ਦੇ ਰੂਪ ਰੰਗ ਬਣਾ ਕੇ ਦਿਖਾ ਦਿੰਦਾ ਹੈ ਪਰ ਹਕੀਕਤ ਕੁਝ ਵੀ ਨਹੀਂ ਹੁੰਦੀ, ਇਵੇਂ ਮਾਇਆ ਰੂਪੀ ਕਨਾਤ ਤਾਣ ਕੇ ਈਸ਼ਵਰ ਨੇ ਇਹ ਜਗਤ ਰੂਪੀ ਬਾਜ਼ੀ ਬਣਾਈ ਹੋਈ ਹੈ ਤੇ ਉਹ ਇਕ ਖਿਨ ਵਿਚ ਹੀ ਖੇਲ੍ਹਾਂ ਖੇਲ੍ਹ ਰਿਹਾ ਹੈ ਤੇ ਸਾਰੇ ਜੀਵ ਖੇਲ੍ਹ ਰਹੇ ਹਨ ਅਤੇ ਅੰਤ ਨੂੰ ਖਿਨ 'ਚ ਸਾਰੀ ਖੇਡ ਖਤਮ ਹੋ ਜਾਂਦੀ ਹੈ ਭਾਵ ਜਿਵੇਂ ਕੋਈ ਨੌਕਰੀ ਚਾਕਰੀ ਕਰਦਾ ਹੈ, ਕੋਈ ਗਰੀਬੀ ਤੇ ਅਮੀਰੀ 'ਚ ਖੇਲ੍ਹ ਰਿਹਾ ਹੈ।

### ਸੰਜੋਗੀ ਮਿਲਿ ਏਕ ਸੇ; ਵਿਜੋਗੀ ਉਠਿ ਜਾਇ॥

ਜਿਹੜੇ ਸਤਿਗੁਰੂ ਦੇ ਸ਼ਬਦ ਦੇ ਸੰਜੋਗੀ=ਮਿਲਾਪੀ ਹੋਏ ਹਨ, ਸੇ=ਉਹ ਇਕ ਪਰਮੇਸ਼ਰ ਨਾਲ ਮਿਲ ਜਾਂਦੇ ਹਨ ਵਾ: ਜਿਹੜੇ ਸੰਤਾਂ ਦੇ ਸੰਜੋਗੀ ਹੋਏ ਹਨ; ਸੇ=ਉਹ ਇਕ ਪ੍ਰਮੇਸ਼ਰ ਨਾਲ ਮਿਲ ਜਾਂਦੇ ਹਨ ਵਾ: ਜਿਹੜੇ ਸ਼ੁਭ ਗੁਣਾਂ ਸਤ, ਸੰਤੋਖ ਆਦਿ ਦੇ ਸੰਜੋਗੀ ਹਨ, ਉਹ ਇਕ ਅਦਵੈਤ ਪ੍ਰਭੂ ਨਾਲ ਮਿਲ ਜਾਂਦੇ ਹਨ। ਜਿਹੜੇ ਵਿਜੋਗੀ=ਵਿਛੋੜੇ ਵਾਲੇ ਹਨ, ਉਹ ਉਠਿ ਜਾਇ=ਦੁਨੀਆਂ ਤੋਂ ਕੂਚ ਕਰ ਜਾਂਦੇ ਹਨ ਵਾ: ਵਿਜੋਗੀ=ਵਿਛੋੜੇ ਵਾਲੇ ਜੀਵ ਉੱਠ-ਉੱਠ ਕੇ ਜੂਨਾਂ 'ਚ ਜਾਂਦੇ ਹਨ ਵਾ: ਕੁਸੰਗੀ ਲੋਕ ਸਤਿਸੰਗਤ ਤੋਂ ਵਿਜੋਗੀ=ਵਿਛੁੜੇ ਹਨ, ਉਹ ਉਠ ਜਾਇ=ਦੁਨੀਆਂ ਤੋਂ ਕੂਚ ਕਰ ਜਾਂਦੇ ਹਨ ਵਾ: ਪਰਾਲਬਧ ਤੋਂ ਵਿਜੋਗ ਸਮੇਂ ਜੀਵ ਵਾਸਨਾ ਅਨੁਸਾਰ ਗਮਨ ਕਰਦੇ ਹਨ ਤੇ ਹੋਰ ਦੁਨੀਆਂ 'ਚ ਚਲੇ ਜਾਂਦੇ ਹਨ।

### ਜੋ ਤਿਸੁ ਭਾਣਾ ਸੋ ਥੀਐ; ਅਵਰੁ ਨ ਕਰਣਾ ਜਾਇ॥

ਜੋ ਕੁਝ ਤਿਸੁ=ਉਸ ਵਾਹਿਗੁਰੂ ਨੂੰ ਪਿੱਛੇ ਭਾਉਂਦਾ ਸੀ, ਉਹ ਹੁੰਦਾ ਸੀ। ਜੋ ਹੁਣ ਭਾਉਂਦਾ ਹੈ, ਉਹੋ ਹੁੰਦਾ ਹੈ ਤੇ ਜੋ ਅੱਗੇ ਨੂੰ ਭਾਵੇਗਾ ਸੋ ਥੀਐ=ਉਹੋ ਹੋਵੇਗਾ ਅਤੇ ਹੋਰ ਅਲਪੱਗ ਜੀਵਾਂ ਤੋਂ ਸਰਬੱਗ ਪ੍ਰਭੂ ਦੇ ਸਨਮੁਖ ਕੁਝ ਨਹੀਂ ਕੀਤਾ ਜਾਇ=ਜਾ ਸਕਦਾ। ਉਹ ਸਾਰੇ ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਅਨੁਸਾਰ ਹੀ ਸੁਖ ਦਿੰਦਾ ਹੈ।

*ਸੁਖੁ ਦੁਖੁ ਪੁਰਬ ਜਨਮ ਕੇ ਕੀਏ*
*ਸੋ ਜਾਣੈ ਜਿਨਿ ਦਾਤੈ ਦੀਏ॥* *ਅੰਗ- ੧੦੩੦*

### ਗੁਰਮੁਖਿ ਵਸਤੁ ਵੇਸਾਹੀਐ; ਸਚੁ ਵਖਰੁ ਸਚੁ ਰਾਸਿ॥

ਗੁਰਮੁਖ ਦੀ ਸੰਗਤ ਕਰਕੇ ਆਤਮਾ ਅਨੰਦ ਰੂਪੀ ਵਸਤੂ ਨੂੰ ਵੇਸਾਹੀਐ=ਖਰੀਦੀਏ ਵਾ: ਸ਼ਰਧਾ ਰੂਪੀ ਵਸਤੂ ਨੂੰ ਖਰੀਦੀਏ ਵਾ: ਨਾਮ ਰੂਪੀ ਵਸਤੂ ਨੂੰ ਖਰੀਦੀਏ। ਜਿਨ੍ਹਾਂ ਕੋਲ ਸ਼ਰਧਾ ਰੂਪੀ ਸੱਚੀ ਰਾਸਿ=ਪੂੰਜੀ ਹੈ, ਉਨ੍ਹਾਂ ਨੂੰ ਨਾਮ ਰੂਪੀ ਸੱਚਾ ਵਖਰੁ=ਸੌਦਾ ਪ੍ਰਾਪਤ ਹੋਇਆ ਹੈ ਵਾ: ਜਿਨ੍ਹਾਂ ਨੂੰ ਬ੍ਰਹਮ ਵਿਦਿਆ ਰੂਪੀ ਸੱਚਾ ਵਖਰੁ=ਪਦਾਰਥ ਮਿਲਿਆ ਹੈ ਉਹੋ ਸੱਚੀ ਰਾਸਿ=ਪੂੰਜੀ ਹੈ ਵਾ: ਜਿਨ੍ਹਾਂ ਕੋਲ ਨਿਸ਼ਕਾਮ ਕਰਮਾਂ ਰੂਪੀ ਪੂੰਜੀ ਹੈ ਉਨ੍ਹਾਂ ਨੂੰ ਨਾਮ ਰੂਪੀ ਵਖਰੁ=ਸੌਦਾ ਲਾਭਦਾਇਕ ਪ੍ਰਾਪਤ ਹੋਇਆ ਹੈ।

### ਜਿਨੀ ਸਚੁ ਵਣੰਜਿਆ; ਗੁਰ ਪੂਰੇ ਸਾਬਾਸਿ॥

ਜਿਨੀ=ਜਿਨ੍ਹਾਂ ਨੇ ਸਚੁ ਵਣੰਜਿਆ=ਸੱਚ ਨੂੰ ਖਰੀਦਿਆ ਹੈ ਵਾ: ਸਤਿਗੁਰਾਂ ਦੁਆਰਾ ਤਨ ਮਨ ਧਨ ਦੇ ਕੇ ਖਰੀਦਿਆ ਹੈ। ਉਹ ਪੂਰੇ ਸਤਿਗੁਰਾਂ ਨੂੰ ਸ਼ਾਬਾਸ਼ ਹੈ। ਭਾਵ ਪੂਰੇ ਸਤਿਗੁਰਾਂ ਦਾ ਧੰਨਵਾਦ ਹੈ ਵਾ: ਜਿਨ੍ਹਾਂ ਨੇ ਪੂਰੇ ਸਤਿਗੁਰਾਂ ਦੁਆਰਾ ਸੱਚ ਨੂੰ ਵਣੰਜਿਆ=ਖਰੀਦਿਆ ਹੈ, ਉਨ੍ਹਾਂ ਨੂੰ ਵੀ ਸਾਬਾਸ਼ ਹੈ, ਭਾਵ ਉਹ ਤੱਤ ਬੇਤੇ ਤੇ ਉਨ੍ਹਾਂ ਦੇ ਮਾਤਾ ਪਿਤਾ ਵੀ ਧੰਨ ਹਨ।

### ਨਾਨਕ ਵਸਤੁ ਪਛਾਣਸੀ; ਸਚੁ ਸਉਦਾ ਜਿਸੁ ਪਾਸਿ॥

ਸਤਿਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਉਹੋ ਹੀ ਆਤਮਨੰਦ ਰੂਪੀ ਵਸਤੂ ਨੂੰ ਤਿੰਨਾਂ ਕਾਲਾਂ 'ਚ ਪਛਾਣਦੇ ਹਨ, ਜਿਨ੍ਹਾਂ ਪਾਸਿ=ਕੋਲ ਸੱਚੇ ਨਾਮ ਦਾ ਸੌਦਾ ਹੈ। ਜੋ ਅਗਿਆਨੀ ਅੰਧੇ ਹਨ, ਉਹ ਨਹੀਂ ਪਛਾਣ ਸਕਦੇ।

*ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥*
*ਹੋਇ ਸੁਜਾਖਾ ਨਾਨਕ ਸੋ ਕਿਉ ਉਝੜਿ ਪਾਇ॥ ਅੰਗ- ੯੫੪*

ਸਿਰੀਰਾਗੁ ਮਹਲਾ ੧

### ਧਾਤੁ ਮਿਲੈ ਫੁਨਿ ਧਾਤੁ ਕਉ; ਸਿਫਤੀ ਸਿਫਤਿ ਸਮਾਇ॥

ਜਿਸ ਪ੍ਰਕਾਰ ਸੋਨੇ ਦੀ ਢਾਲੀ ਹੋਈ ਧਾਤੁ=ਧਾਤੂ ਫੁਨਿ=ਫੇਰ ਸੋਨੇ ਦੀ ਧਾਤ ਕਉ=ਤਾਈਂ, ਚਾਂਦੀ ਦੀ ਚਾਂਦੀ ਤਾਈਂ, ਤਾਂਬੇ ਦੀ ਤਾਂਬੇ ਤਾਈਂ ਆਦਿ ਮਿਲੈ=ਮਿਲ ਜਾਂਦੀ ਹੈ ਵਾ: ਜਿਸ ਪ੍ਰਕਾਰ ਧਾਤੁ=ਧਾਉਣ ਵਾਲੇ ਨਦੀਆਂ ਨਾਲਿਆਂ ਕਉ=ਦੇ ਪਾਣੀ ਧਾਤੁ=ਦੌੜ ਕੇ ਸਮੁੰਦਰ ਵਿਚ ਜਾ ਮਿਲਦੇ ਹਨ। ਉਸੇ ਪ੍ਰਕਾਰ ਸਿਫਤੀ=ਸਿਫਤਾਂ ਕਰਨ ਵਾਲੇ ਗੁਰਮੁਖ ਜਨ ਸਿਫਤਿ=ਸਿਫਤਾਂ ਵਾਲੇ ਪ੍ਰਮੇਸ਼ਰ ਵਿਚ ਸਮਾਇ=ਅਭੇਦ ਹੋ ਜਾਂਦੇ ਹਨ।

### ਲਾਲੁ ਗੁਲਾਲੁ ਗਹਬਰਾ; ਸਚਾ ਰੰਗੁ ਚੜਾਉ॥

ਜਿਵੇਂ ਗੁਲਾਲੁ=ਪੋਸਤ ਦੀ ਭਾਤ ਦਾ ਫੁੱਲ ਜੋ ਲਾਲੁ=ਸੂਹਾ ਹੁੰਦਾ ਹੈ, ਜਿਸ ਵਿਚ ਕੋਈ ਦਾਗ ਨਹੀਂ ਹੁੰਦਾ ਅਤੇ ਗਹਬਰਾ=ਸੰਘਣਾ ਭਾਵ ਗਾੜ੍ਹਾ ਹੁੰਦਾ ਹੈ। ਇਸੇ ਪ੍ਰਕਾਰ ਸੱਚੇ ਪ੍ਰਮੇਸ਼ਰ ਦੇ ਨਾਮ ਦੇ ਰੰਗ ਨੂੰ ਚਾੜ੍ਹੋ ਵਾ: ਸੱਚੇ ਪ੍ਰਭੂ ਦੇ ਪ੍ਰੇਮ ਦੁਆਰਾ ਸਿਫਤ ਪਿਆਲੇ ਤਾਈਂ ਸੱਚਾ ਲਾਲੁ ਭਾਵ ਮਨ ਕਰਕੇ ਗੁਲਾਲੁ ਭਾਵ ਵੈਰਾਗ ਇੰਦ੍ਰੀਆਂ ਕਰਕੇ, ਬਾਣੀ ਕਰਕੇ, ਗਹਬਰਾ=ਗਾੜ੍ਹਾ, ਸਰੀਰ ਕਰਕੇ ਰੰਗ ਚੜ੍ਹਾਵੋ। ਫਿਰ ਤੁਹਾਨੂੰ ਅਨੰਦ ਦੀ ਪ੍ਰਾਪਤੀ ਹੋਵੇਗੀ ਵਾ: (ਲਾਲੁ ਗੁਲਾਲੁ ਗਹਬਰਾ) ਗੁ=ਇੰਦ੍ਰੀਆਂ ਕਰਕੇ ਦੁਨੀਆਂ ਦੀ ਲਾਲੁ=ਲਾਲਸਾਈ ਪੂਰੀ ਹੋ ਜਾਵੇਗੀ। ਜੋ ਬ੍ਰਹਮ ਲੋਕ ਦੀ ਲਾਲਸਾ, ਵਿਸ਼ੇ ਭੋਗ ਦੀ ਲਾਲਸਾ, ਸਵਰਗ ਦੀ ਲਾਲਸਾ ਆਦਿ ਹੈ, ਇਸ ਤੋਂ ਕਿਤੇ ਗਾੜ੍ਹਾ ਸੱਚੇ ਪ੍ਰਭੂ ਦੇ ਨਾਮ ਦਾ ਰੰਗ ਚਾੜ੍ਹੋ। ਉਸ ਦੇ ਬਰਾਬਰ ਲੋਕ ਪ੍ਰਲੋਕ ਦਾ ਕੋਈ ਸੁੱਖ ਅਨੰਦ ਨਹੀਂ ਹੈ ਵਾ: ਲਾਲੁ ਭਾਵ ਸ੍ਵਨ ਕਰਕੇ ਵਾ: ਲਾਲੁ=ਪਿਆਰੇ ਦਾ

ਗੁਲਾਲੁ ਭਾਵ ਮੰਨਣ ਕਰਕੇ ਗਹਬਰਾ ਭਾਵ ਨਿਧਿਆਸਨ ਕਰਕੇ ਸੱਚੇ ਦਾ ਰੰਗ ਚੜ੍ਹਾਉ ਵਾ: ਲਾਲੁ ਭਾਵ ਰਜੋ ਗੁਣ, ਗੁਲਾਲੁ ਭਾਵ ਸਤੋ ਗੁਣ ਗਹਬਰਾ=ਗਾੜ੍ਹਾ ਭਾਵ ਤਮੋ ਗੁਣ ਦਾ ਜੋ ਸੁਭਾਅ ਹੈ ਉਸ ਨੂੰ ਮੇਟ ਕੇ ਸੱਚੇ ਨਾਮ ਦਾ ਰੰਗ ਚੜ੍ਹਾਵੋ।

**ਸਚੁ ਮਿਲੈ ਸੰਤੋਖੀਆ;**
**ਹਰਿ ਜਪਿ ਏਕੈ ਭਾਇ॥੧॥**

ਇਸ ਪ੍ਰਕਾਰ ਜਦੋਂ ਸੱਚ ਨਾਲ ਮਨ ਮਿਲ ਜਾਵੇਗਾ ਤਾਂ ਚਿੱਤ ਵੀ ਸੰਤੋਖੀਆ=ਸੰਤੁਸ਼ਟ ਹੋ ਜਾਵੇਗਾ। ਏਕੈ ਭਾਇ=ਇਕ ਰਸ ਹਰਿ (ਪ੍ਰਭੂ) ਦਾ ਜਾਪ ਕਰੇ ਤਾਂ ਹਿਰਦੇ ਅੰਦਰ ਭਾਇ=ਪ੍ਰਕਾਸ਼ ਹੋ ਜਾਵੇਗਾ ਵਾ: ਇਕ ਦਾ ਰੂਪ ਹੀ ਭਾਇ=ਹੋ ਜਾਵੋਗੇ।

**ਭਾਈ ਰੇ; ਸੰਤ ਜਨਾ ਕੀ ਰੇਣੁ॥**

ਰੁ ਭਾਈ=ਹੇ ਭਰਾਵੋ! ਜੋ ਰੱਬ ਦੇ ਪਿਆਰੇ ਸੰਤ ਜਨ ਹਨ, ਉਨ੍ਹਾਂ ਦੇ ਚਰਨਾਂ ਕੀ=ਦੀ ਰੇਣੁ=ਧੂੜੀ ਬਣਨਾ ਕਰੋ।

**ਸੰਤ ਸਭਾ ਗੁਰੁ ਪਾਈਐ;**
**ਮੁਕਤਿ ਪਦਾਰਥੁ ਧੇਣੁ॥1॥ਰਹਾਉ॥**

ਸੰਤ=ਮਹਾਤਮਾ ਲੋਕਾਂ ਦੀ ਸਭਾ=ਸੰਗਤ ਵਿਚ ਮਿਲ ਕੇ ਗੁਰਾਂ ਦੇ ਉਪਦੇਸ਼ ਨੂੰ ਪਾਈਦਾ ਹੈ ਅਥਵਾ ਸੰਤਾਂ (ਮਹਾਤਮਾ) ਦੀ ਸਭਾ ਵਿਚੋਂ ਗੁਰੂ ਸਾਹਿਬ ਦੇ ਦਰਸ਼ਨ ਪਾਈਦੇ ਹਨ ਵਾ: ਸੰਤ ਸਭਾ ਦੁਆਰਾ ਗੁਰੂ=ਚੇਤਨ ਸਰੂਪ ਨੂੰ ਪਾ ਲਈਦਾ ਹੈ। ਸਾਧਸੰਗਤ ਮੁਕਤੀ ਰੂਪੀ ਪਦਾਰਥ ਦੇਣ ਵਾਸਤੇ ਕਾਮਧੇਨੁ ਹੈ। ਭਾਵ ਕਾਮਧੇਨੁ=ਮਨ ਬਾਂਛਤ ਫਲ ਦੇਣ ਵਾਲੀ ਸਵਰਗ ਦੀ ਗਊ ਜੋ ਹੈ, ਇਹ ਸਾਧਸੰਗਤ ਹੀ ਹੈ ਜੋ ਮੁਕਤੀ ਪਦਾਰਥ ਵੀ ਦਿੰਦੀ ਹੈ ਅਤੇ ਸਾਰੇ ਹੋਰ ਵੀ ਸਦਗੁਣ ਪ੍ਰਾਪਤ ਹੁੰਦੇ ਹਨ।

**ਊਚਉ ਥਾਨੁ ਸੁਹਾਵਣਾ;**
**ਊਪਰਿ ਮਹਲੁ ਮੁਰਾਰਿ॥**
**ਸਚੁ ਕਰਣੀ ਦੇ ਪਾਈਐ;**
**ਦਰੁ ਘਰੁ ਮਹਲੁ ਪਿਆਰਿ॥**

ਪਰਮੇਸ਼ਰ ਦਾ ਊਚਉ=ਉੱਚਾ ਥਾਨੁ=ਅਸਥਾਨ ਭਾਵ ਸੱਚਖੰਡ, ਜੋ ਬ੍ਰਹ, ਲੋਕ, ਦੇਵ ਲੋਕ ਤੇ ਬੈਕੁੰਠ ਨਾਲੋਂ ਵੀ ਉੱਚਾ ਸੁਹਾਵਣਾ=ਸ਼ੋਭਨੀਕ ਹੈ। ਉਸ ਮੁਰਾਰਿ=ਪ੍ਰਭੂ ਦਾ ਸੱਚਖੰਡ, ਜੋ ਸਭ ਪੁਰੀਆਂ ਆਦਿ ਤੋਂ ਉੱਪਰ ਹੈ।

ਸਚੁ ਕਰਣੀ=ਸੱਚੀ ਕਮਾਈ ਦੇ ਕਰਨ ਕਰਕੇ ਸੱਚਖੰਡ ਨੂੰ ਪਾਈਐ=ਪਾਈਦਾ ਹੈ। ਉਸ ਦੇ ਸਤਿਸੰਗਤ ਰੂਪੀ ਦਰੁ=ਦੁਆਰੇ ਵਿਚ, ਸਰੂਪ ਰੂਪੀ ਘਰ ਵਿਚ ਤੇ ਮਹਲੁ=ਤੁਰੀਆ ਪਦ ਵਿਚ ਜੇ ਪਿਆਰ ਹੋਵੇ ਤਾਂ ਫਿਰ ਇਹ ਦਾਤ ਪਾਈਦੀ ਹੈ।

**ਗੁਰਮੁਖਿ ਮਨੁ ਸਮਝਾਈਐ;**
**ਆਤਮ ਰਾਮੁ ਬੀਚਾਰਿ॥**

ਗੁਰਮੁਖਿ=ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਆਪਨੇ ਮਨ ਨੂੰ ਸਮਝਾਈਐ; ਆਤਮ ਰਾਮੁ ਬੀਚਾਰਿ॥

ਗੁਰਮੁਖ=ਮੁਖ ਗੁਰਾਂ ਦੇ ਉਪਦੇਸ਼ ਦੁਆਰਾ ਆਪਣੇ ਮਨ ਨੂੰ ਸਮਝਾਈਐ=ਸਮਝਾਉਣਾ ਕਰੀਏ, ਤਦੋਂ ਆਤਮ ਰਾਮ ਦੀ ਵੀਚਾਰ ਪ੍ਰਾਪਤ ਹੁੰਦੀ ਹੈ ਵਾ: ਗੁਰਮੁਖ ਜਨ ਆਤਮਾ ਰੂਪ ਰਾਮ ਦੀ ਵੀਚਾਰ ਕਰਕੇ ਮਨ ਨੂੰ ਸਮਝਾਉਂਦੇ ਹਨ ਵਾ: ਗੁਰਮੁਖਾਂ ਦੀ ਸੰਗਤ ਕਰਕੇ ਮਨ ਨੂੰ ਸਮਝਾਈਦਾ ਹੈ। ਜੋ ਸਰਬ ਦਾ ਆਤਮ=ਆਪਣਾ ਆਪ ਰੂਪ ਰਾਮੁ=ਪਰਮੇਸ਼ਰ ਹੈ, ਉਸ ਦੀ ਵੀਚਾਰ ਹਿਰਦੇ ਵਿਚ ਧਾਰਨ ਕਰੋ, ਭਾਵ ਆਤਮਾ ਹੀ ਰਾਮ ਹੈ ਤੇ ਰਾਮ ਹੀ ਆਤਮਾ ਹੈ। ਇਸ ਤੋਂ ਭਿੰਨ ਸਭ ਅਨਾਤਮਾ ਜੜ੍ਹ ਹਨ। ਚੇਤਨ ਤੋਂ ਭਿੰਨ ਸਭ ਅਚੇਤਨ (ਜੜ੍ਹ) ਹਨ। ਇਸ ਕਰਕੇ ਆਪਣਾ ਆਪ ਰੂਪ ਜੋ ਜੀਵ ਦਾ ਸਾਖੀ ਹੈ ਉਹੋ ਆਤਮ ਰਾਮ ਹੈ। ਜੋ ਰਾਮ ਸਾਰੇ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਹੈ, ਉਹੀ ਚੇਤਨ ਹੈ ਵਾ: ਜੋ ਰਾਮ ਬ੍ਰਹਮ ਆਤਮਾ ਹੈ, ਉਸ ਦੀ ਵੀਚਾਰ ਕਰੇ ਤੇ ਜੀਵ ਈਸ਼ ਦੀ ਏਕਤਾ ਕਰੇ।

*ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥*
*ਅੰਗ- ੧੧੫੩*

**ਤ੍ਰਿਬਿਧਿ ਕਰਮ ਕਮਾਈਅਹਿ;**
**ਆਸ ਅੰਦੇਸਾ ਹੋਇ॥**

ਜਦ ਕੋਈ ਤ੍ਰਿਬਿਧਿ=ਤਿੰਨ ਪ੍ਰਕਾਰ ਦੇ ਕਰਮਾਂ (ਉੱਤਮ, ਮੱਧਮ ਕਨਿਸ਼ਟ) ਕਰੇ ਤਾਂ ਪਹਿਲਾਂ ਆਸ=ਇੱਛਾ ਲਗਦੀ ਹੈ ਕਿ ਮੈਨੂੰ ਸਵਰਗ ਦੇ ਸੁੱਖ ਪ੍ਰਾਪਤ ਹੋਣਗੇ ਜਾਂ ਸੰਸਾਰ ਦੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ। ਫਿਰ ਅੰਦੇਸਾ=ਸੰਸਾ ਬਣਿਆ ਰਹਿੰਦਾ ਹੈ ਕਿ ਕਿਤੇ ਕੋਈ ਵਿਘਨ ਨਾ ਪੈ ਜਾਵੇ। ਇਹ ਸੰਸਾ ਬਣਿਆ ਰਹਿੰਦਾ ਹੈ ਕਿ ਸਰੀਰ ਸਵਰਗ 'ਚੋਂ ਕਿਤੇ ਡਿੱਗ ਨਾ ਜਾਵੇ ਵਾ: ਤ੍ਰਿਬਿਧਿ=ਰਾਜਸੀ, ਤਾਮਸੀ ਤੇ ਸਾਤਕੀ ਜੇ ਤਿੰਨ ਪ੍ਰਕਾਰ ਦੇ ਕਰਮ ਕਰਦੇ ਰਹੀਏ ਤਦ ਵਿਸ਼ੇ ਭੋਗ ਆਦਿ ਸੁੱਖਾਂ ਦੀ ਜਾਂ ਸਵਰਗ ਦੇ ਸੁੱਖਾਂ ਦੀ ਆਸ਼ਾ ਬਣੀ ਰਹਿੰਦੀ ਹੈ ਤੇ ਨਾਲ ਹੀ ਕੋਈ ਵਿਘਨ ਨਾ ਪੈ ਜਾਵੇ, ਇਹ ਅੰਦੇਸਾ=ਸੰਸਾ ਵੀ ਬਣਿਆ ਰਹਿੰਦਾ ਹੈ।

**ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ;**
**ਸਹਜਿ ਮਿਲਿਐ ਸੁਖੁ ਹੋਇ॥**

